INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਯ ਨਾਸਿਤ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜੂਨ 2025



ਧੰਨ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ – ਬਾਬਾ ਅਲਮਸਤ ਜੀ ਦੀ ਪੁਕਾਰ ਤੇ ਨਾਨਕ ਮੱਤਾ ਸਾਹਿਬ ਪਹੁੰਚੇ, ਸੁੱਕ ਚੁੱਕੇ ਪਿਪਲ ਨੂੰ ਜਲ ਛਿੜਕ ਕੇ ਹਰਿਆ ਭਰਿਆ ਕੀਤਾ। ਇਹ ਦੇਖ ਕੇ ਸਿੱਧਾਂ ਨੇ ਗੁਰੂ ਜੀ ਨੂੰ ਨਮਸ਼ਕਾਰ ਕੀਤੀ ਅਤੇ ਉਹ ਓਥੋਂ ਚਲੇ ਗਏ ਜਿਨ੍ਹਾਂ ਨੇ ਉਸ ਪਿਪਲ ਨੂੰ ਆਪਣੀ ਸ਼ਕਤੀ ਨਾਲ ਸੁਕਾ ਦਿਤਾ ਸੀ।

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-9417214391,9417214379

## ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁੱਖੀ ਸੰਤ ਬਾਬਾ ਲਖਬੀਰ ਸਿੰਘ ਜੀ ਵੱਲੋਂ ਵੱਖ-ਵੱਖ ਗੁਰਮਤਿ ਸਮਾਗਮਾਂ ਵਿੱਚ ਕੀਰਤਨ ਹਾਜਰੀ।

ਸਿੱਖ ਕੌਮ ਦੇ ਮਹਾਨ ਵਿਦਵਾਨਾ, ਵਿਦਿਆ ਮਾਰਤੰਡ ਬਾਣੀ ਅਤੇ ਬਾਣੇ ਦੇ ਧਾਰਨੀ ਨਾਮ ਬਾਣੀ ਦੇ ਰਸੀਏ ਮਹਾਂਪੁਰਸ਼ ਸੰਤ ਗਿਆਨੀ ਇੰਦਰਜੀਤ ਸਿੰਘ ਜੀ ਖਾਲਸਾ ਰਕਬੇ ਵਾਲਿਆਂ ਦੇ ਦੁਸ਼ਹਿਰੇ ਸਮਾਗਮ (ਅਤਿੰਮ ਅਰਦਾਸ) ਪਿੰਡ ਸਹੌੜਾਂ (ਐਸ.ਏ.ਐਸ. ਨਗਰ ਮੁਹਾਲੀ) ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਗੁਰਮਤਿ ਵੀਚਾਰਾਂ ਕਰਦੇ ਹੋਏ।





ਸੰਗਤਾਂ ਦਾ ਵਿਸ਼ਾਲ ਇਕੱਠ।





ਭਾਈ ਮਨਪ੍ਰੀਤ ਸਿੰਘ ਵੱਲੋਂ ਨਗਰ ਭਜੌਲੀ ਜਿਲ੍ਹਾ ਮੋਹਾਲੀ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਸੰਗਤਾਂ।



ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਹਰਪਾਲਪੁਰ (ਨੇੜੇ ਰਾਜਪੁਰਾ) ਵਿਖੇ ਸੰਤ ਬਾਬਾ ਜੈ ਸਿੰਘ ਜੀ ਦੇ ਤੀਜੇ ਬਰਸੀ ਸਮਾਗਮ ਸਮੇਂ ਸਮਾਗਮ ਵਿੱਚ ਸੰਗਤਾਂ ਦੀ ਸ਼ਿਰਕਤ।

# ਆਤਮ ਮਾਰਗ

ਸਾਲ-ਇਕੱਤੀਵਾਂ, ਮਹੀਨਾ-ਜੂਨ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

## SUBSCRIPTION FOREIGN (ਵਿਦੇਸ਼)

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.vgrmct.org

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network

98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -

9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਡਾ. ਭਾਈ ਵੀਰ ਸਿੰਘ ਜੀ* | |
| 3. | **ਮੰਞ ਪਿਆਰਾ ਗੁਰੂ ਨੂੰ.......।** | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਚਉਥੈ ਪਹਰਿ ਸਬਾਹ ਕੈ....................॥** | 17 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ** | 26 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਇਲਾਹੀ ਨੂਰ ਨਾਲ ਸਰਸ਼ਾਰ, ਪਿਆਰ ਦੇ ਸਾਗਰ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ )** | 31 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 7. | **ਸ਼ਹਾਦਤ ਸ੍ਰੀ ਗੁਰੂ ਅਰਜਨ ਦੇਵ ਜੀ** | 41 |
| | *ਡਾ. ਜਗਜੀਤ ਸਿੰਘ* | |
| 8. | **ਗੁਰਬਾਣੀ ਅਰਥ ਭੰਡਾਰ** | 44 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 9. | **ਗੁਰ ਨਾਨਕ ਆਗਮਨ** | 48 |
| | *ਡਾ. ਭਾਈ ਵੀਰ ਸਿੰਘ ਜੀ* | |
| 10. | **ਜਨ ਪਰਉਪਕਾਰੀ ਆਏ - ਭਾਗ 4** | 51 |
| | *ਪ੍ਰੋ. ਗੁਰਦੇਵ ਸਿੰਘ* | |
| 11. | **ਮੀਰੀ-ਪੀਰੀ ਦਾ ਆਦਰਸ਼** | 54 |
| | *ਡਾ. ਜਗਜੀਤ ਸਿੰਘ* | |
| 12. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

*ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥ ਅੰਗ - ੧੪੦੯*

*ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ*
*ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥ ਅੰਗ - ੧੧੩੪*

ਮਈ ਅਤੇ ਜੂਨ ਮਹੀਨੇ ਸਾਡੇ ਸਾਰਿਆਂ ਲਈ ਵਿਸੇਸ਼ ਮਹੱਤਵ ਰਖਦੇ ਹਨ। ਇਨ੍ਹਾਂ ਮਹੀਨਿਆਂ ਵਿਚ ਸ਼ਹੀਦਾਂ ਦੇ ਸਿਰਤਾਜ ਧੰਨ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਦੇ ਸ਼ਹੀਦੀ ਦਿਹਾੜੇ ਅਤੇ ਪਿਆਰੇ ਮਹਾਂਪੁਰਸ਼ਾਂ (ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ) ਦੇ ਜਨਮ ਦਿਹਾੜੇ ਆਉਂਦੇ ਹਨ। ਟਰੱਸਟ ਰਤਵਾੜਾ ਸਾਹਿਬ ਵਲੋਂ ਦੋਨੋਂ ਦਿਹਾੜੇ ਬੜੇ ਪਿਆਰ ਅਤੇ ਸ਼ਰਧਾ ਨਾਲ ਗੁਰਮਤਿ ਸਮਾਗਮ ਦੇ ਰੂਪ ਵਿਚ ਮਨਾਏ ਜਾਂਦੇ ਹਨ। ਇਨ੍ਹਾਂ ਸਮਾਗਮਾਂ ਵਿਚ ਸੰਗਤਾਂ ਪਿਆਰੇ ਦੇ ਪਿਆਰ ਵਿਚ ਜੁੜਦੀਆਂ ਹਨ। ਸਮੁੱਚੀ ਕੌਮ ਵਲੋਂ ਧੰਨ ਸ੍ਰੀ ਗੁਰੂ ਅਰਜਨ ਪਾਤਸ਼ਾਹ ਦੇ ਸ਼ਹੀਦੀ ਦਿਵਸ ਪਿਆਰ, ਸ਼ਰਧਾ ਅਤੇ ਵੈਰਾਗ ਵਿਚ ਨਾਮ ਬਾਣੀ ਨਾਲ ਜੁੜ ਕੇ ਮਨਾਏ ਜਾਂਦੇ ਹਨ। ਬਹੁਤ ਸਾਰੀਆਂ ਗੁਰੂ ਪਿਆਰ ਵਿਚ ਰੰਗੀਆਂ ਸੰਗਤਾਂ ਸ਼ਹੀਦੀ ਦਿਵਸ ਤੋਂ ਕਈ ਦਿਨ ਪਹਿਲਾਂ ਸੁਖਮਨੀ ਸਾਹਿਬ ਦੇ ਪਾਠ ਅਤੇ ਹੋਰ ਜਪ-ਤਪ ਸਮਾਗਮ ਰੱਖ ਕੇ ਸਤਿਗੁਰੂ ਨੂੰ ਸ਼ਰਧਾ ਭੇਟ ਕਰਕੇ ਆਪਣਾ ਜੀਵਨ ਸਫਲ ਕਰਦੀਆਂ ਹਨ। ਭਾਵ - ***'ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥'*** ਜਿਨ੍ਹਾਂ-ਜਿਨ੍ਹਾਂ ਨੇ ਵੀ ਸ਼ਹੀਦਾਂ ਦੇ ਸਿਰਤਾਜ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੂੰ ਸ਼ਰਧਾ, ਪਿਆਰ ਤੇ ਵੈਰਾਗ ਨਾਲ ਸਿਮ੍ਰਿਤੀ ਵਿਚ ਵਸਾਇਆ, ਉਨ੍ਹਾਂ ਦਾ ਜਨਮ ਮਰਨ ਕੱਟਿਆ ਜਾਂਦਾ ਹੈ ਭਾਵ ਬੰਦ ਖਲਾਸੀ ਹੋ ਕੇ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ। ਲੋਕ ਤੇ ਪਰਲੋਕ ਦੇ ਸੁੱਖ ਪ੍ਰਾਪਤ ਹੋ ਜਾਂਦੇ ਹਨ।

ਸੱਚੇ ਪਾਤਸ਼ਾਹ ਦੀ ਸ਼ਹੀਦੀ ਸੰਸਾਰ ਭਰ ਦੇ ਧਾਰਮਿਕ ਇਤਿਹਾਸ ਵਿਚ ਨਿਵੇਕਲੀ ਅਤੇ ਬੇਮਿਸਾਲ ਹੈ। ਸੱਚ ਧਰਮ ਦੇ ਬੋਲ-ਬਾਲੇ ਪ੍ਰਚੰਡ ਕਰਨ ਹਿਤ, ਆਪ ਜੀ ਨੇ ਸ਼ਹੀਦੀ ਦਿਤੀ। ਇਸ ਸ਼ਹੀਦੀ ਪਿੱਛੇ ਅਨੇਕਾਂ ਕਾਰਨ (ਅੰਦਰੂਨੀ ਅਤੇ ਬਾਹਰੀ) ਹੋ ਸਕਦੇ ਹਨ। ਪਰਿਵਾਰਕ ਵਿਵਾਦ ਅਤੇ ਸੌੜੀ ਰਾਜਨੀਤੀ ਨੇ ਇਸ ਸ਼ਹੀਦੀ ਲਈ ਵਾਤਾਵਰਣ ਤਿਆਰ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਦਾ ਐਸਾ ਦਰ ਹੈ ਜੋ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ। ਸਰਬੱਤ ਦੇ ਭਲੇ ਵਿਚ ਸਮੁੱਚਤਾ ਆ ਜਾਂਦੀ ਹੈ। ਸਾਰੇ ਜੀਵ, ਪਸ਼ੂ, ਪੰਛੀ, ਬਨਸਪਤੀ, ਕ੍ਰੋੜਾਂ ਬ੍ਰਹਿਮੰਡ (ਜਿਨ੍ਹਾਂ ਦਾ ਮਾਲਕ ਪ੍ਰਮੇਸ਼ਰ ਆਪ ਹੈ) ਇਸ ਸਰਬੱਤ ਦੇ ਭਲੇ ਵਿਚ ਸਮਾਅ ਜਾਂਦੇ ਹਨ। ਜਦੋਂ ਸਮੁੱਚਤਾ ਦਾ ਭਲਾ ਮੰਗਿਆ ਜਾਂਦਾ ਹੈ ਤਾਂ ਆਪਾਂ ਸਾਰੇ ਵੀ ਸਰਬੱਤ ਦੇ ਵਿਚ ਹੀ ਸੰਮਲਿਤ ਹਾਂ। ਇਸ ਕਰਕੇ ਸਰਬੱਤ ਦਾ ਭਲਾ ਹੀ ਸਾਡਾ ਆਪਣਾ ਭਲਾ ਹੈ। ਧਾਰਮਿਕ ਸੰਸਾਰ ਵਿਚ ਅਸੀਂ ਸਾਰੇ ਮਾਤ ਲੋਕ ਦੇ ਵਾਸੀ ਹਾਂ ਭਾਵੇਂ ਇਸ ਮਾਤ ਲੋਕ ਦੇ ਹੋਰ ਵੀ ਅਨੇਕਾਂ ਨਾਮ ਹਨ ਜਿਵੇਂ ਕਿ ਪ੍ਰਿਥਵੀ, ਧਰਤੀ, earth planet ਆਦਿ। ਪਰ ਗੁਰਬਾਣੀ ਅੰਦਰ ਇਸ ਨੂੰ ਮ੍ਰਿਤ ਮੰਡਲ ਕਿਹਾ ਗਿਆ ਹੈ। -

*'ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥*
*ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ ॥'*

ਭਾਵ -

*ਮਰਣੁ ਲਿਖਾਇ ਮੰਡਲ ਮਹਿ ਆਏ ॥ ਅੰਗ - ੬੮੫*

ਜੋ ਕੁਝ ਪੈਦਾ ਹੋਇਆ ਇਕ ਦਿਨ ਬਿਨਸਨਾ ਹੈ। ਤੱਤਾਂ ਤੋਂ ਬਣੇ ਨੇ ਤੱਤਾਂ ਵਿਚ ਹੀ ਵਿਲੀਨ ਹੋਣਾ ਹੈ -

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਅੰਗ - ੧੪੨੯*

ਇਸ ਮਾਤ ਲੋਕ ਦੇ ਵਸ਼ਿੰਦਿਆਂ ਨੂੰ ਰੱਬ ਦੇ ਪਿਆਰਿਆਂ ਨੇ ਕਈ-ਕਈ ਕਿਸਮਾਂ ਵਿਚ, ਵੰਨਗੀਆਂ ਵਿਚ ਰੱਖ ਕੇ ਨਾਪਿਆ, ਪਰਖਿਆ ਅਤੇ ਸਮਝਿਆ ਹੈ। ਇਨ੍ਹਾਂ ਦੀ **ਪਾਮਰ, ਭੋਗੀ, ਜਗਿਆਸੂ ਅਤੇ ਮੁਕਤ ਆਤਮਾਵਾਂ** ਦੇ ਤੌਰ 'ਤੇ ਵੀ ਵਰਗ ਵੰਡ ਕੀਤੀ ਗਈ ਹੈ।

ਗੁਰਬਾਣੀ ਵਿਚ ਇਨ੍ਹਾਂ ਨੂੰ **ਗੁਰਮੁਖ, ਮਨਮੁਖ, ਸਨਮੁਖ ਬੇਮੁੱਖ** ਦੇ ਤੌਰ 'ਤੇ ਵੀ ਵਿਚਾਰਿਆ ਗਿਆ ਹੈ। ਧਰਮਾਂ/ਮਜ਼੍ਹਬਾਂ ਦੀ ਸਮੁੱਚਤਾ ਵਿਚ ਆਸਤਕ ਤੇ ਨਾਸਤਕ ਦੇ ਤੌਰ 'ਤੇ ਵੀ ਪ੍ਰਗਟਾਵੇ ਅਤੇ ਮਨੌਤਾਂ ਮਿਲਦੀਆਂ ਹਨ। ਵਰਗ ਵੰਡ ਦੀਆਂ ਵੰਨਗੀਆਂ, ਕਿਸਮਾਂ ਭਾਵੇਂ ਕਿੰਨੀਆਂ ਵੀ ਹੋਣ ਸਭ ਦਾ ਨਿਚੋੜ ਇਕ ਵੀਚਾਰ ਤੇ ਆਉਂਦਾ ਹੈ ਕਿ ਬੰਦੇ ਦੀ ਸੁਰਤੀ-ਬਿਰਤੀ ਰਾਹੀਂ ਹੀ ਸਾਰੇ ਸੁਭਾਅ ਬਣਦੇ ਹਨ ਅਤੇ ਸੁਭਾਅ ਦੇ ਕਾਰਨ ਕਾਰਜ ਜਾਂ ਕਾਰਨਾਮੇ ਹੁੰਦੇ ਹਨ। ਇਹ ਸੁਰਤੀਆਂ ਬਿਰਤੀਆਂ ਵੀ ਪਿਛਲੇ ਜਨਮਾਂ ਵਿਚ ਭੋਗੀਆਂ ਜੂਨਾਂ ਜਾਂ ਕਰਮਾਂ ਅਨੁਸਾਰ ਹੀ ਬਣਦੇ ਤੇ ਟੁਟਦੇ ਚਲੇ ਜਾਂਦੇ ਹਨ। ਸੁਰਤੀ-ਬਿਰਤੀ ਕਰਕੇ ਹੀ ਇਹ ਜਗਤ ਸੁਹਾਵਣਾ ਤੇ ਵਰਦਾਨ ਸਿੱਧ ਹੋ ਸਕਦਾ ਹੈ। ਇਸ ਦੇ ਉਲਟ ਕਰੂਪ ਅਤੇ ਸਰਾਪ ਵੀ ਸਿੱਧ ਹੋ ਸਕਦਾ ਹੈ। ਸੁਰਤੀ-ਬਿਰਤੀ ਕਰਕੇ ਹੀ ਕਲਜੁਗ ਜਾਂ ਸਤਿਜੁਗ ਦਾ ਵਾਤਾਵਰਣ ਸਿਰਜਿਆ ਜਾ ਸਕਦਾ

ਹੈ। ਚੰਦ, ਸੂਰਜ, ਤਾਰੇ, ਗ੍ਰਹਿ ਮੰਡਲ ਅਗੰਮੀ ਸਾਰਾ ਬ੍ਰਹਿਮੰਡ ਕਿਸੇ ਹੁਕਮ ਵਿਚ ਬੱਧਾ ਚਲ ਰਿਹਾ ਹੈ-

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥*
*ਭੈ ਵਿਚਿ ਸਿਧ ਬੁਧ ਸੁਰ ਨਾਥ ॥*
*ਭੈ ਵਿਚਿ ਆਡਾਣੇ ਆਕਾਸ ॥*
*ਭੈ ਵਿਚਿ ਜੋਧ ਮਹਾਬਲ ਸੂਰ ॥*
*ਭੈ ਵਿਚਿ ਆਵਹਿ ਜਾਵਹਿ ਪੂਰ ॥*
*ਸਗਲਿਆ ਭਉ ਲਿਖਿਆ ਸਿਰਿ ਲੇਖੁ ॥*
*ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ਅੰਗ - ੪੬੪*

ਪਰ ਜਦੋਂ ਜੁਗਾਂ ਦਾ ਬਦਲਾਅ ਆਉਂਦਾ ਹੈ ਤਾਂ ਮਾਤ ਲੋਕ ਦੇ ਬਸ਼ਿੰਦਿਆਂ ਦੀਆਂ ਕੇਵਲ ਬਿਰਤੀਆਂ ਹੀ ਬਦਲਦੀਆਂ ਹਨ। ਬਿਰਤੀਆਂ ਬਦਲਣ ਨਾਲ ਸਮੁੱਚਤਾਈ ਵਿਚ ਬਦਲਾਅ ਆ ਜਾਂਦਾ ਹੈ। ਇਸ ਬਦਲਾਅ ਦੇ ਵਾਤਾਵਰਣ ਨੂੰ ਕਲਜੁਗ ਜਾਂ ਸਤਿਜੁਗ ਦਾ ਨਾਮ ਦੇ ਦਿਤਾ ਗਿਆ ਹੈ। ਵੈਸੇ ਵੀ ਕਲਜੁਗ ਦੇ ਵਿਚ -

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਅੰਗ - ੧੪੫*

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥*
*ਅੰਗ - ੫੫੬*

ਭਾਵ -

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥*
*ਅੰਗ - ੩੪੬*

ਮਾੜੀ ਬਿਰਤੀ, ਸੌੜੀ ਰਾਜਨੀਤੀ ਅਤੇ ਅਧਰਮੀ ਲੋਕਾਂ ਦੇ ਕਾਰਨ ਸੱਚੇ ਪਾਤਸ਼ਾਹ ਦੀ ਸ਼ਹੀਦੀ ਹੋਈ। ਸੱਚ ਤੇ ਝੂਠ, ਨੇਕੀ ਤੇ ਬਦੀ, ਧਰਮ ਅਤੇ ਅਧਰਮ, ਅਸਲ ਤੇ ਨਕਲ ਦੇ ਵਿਚਕਾਰ ਹਮੇਸ਼ਾਂ ਸੰਘਰਸ਼ ਚਲਦਾ ਰਿਹਾ ਹੈ। ਜਿੱਤ ਹਮੇਸ਼ਾ ਆਖਿਰ ਸੱਚ ਦੀ ਹੋਈ -

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ਅੰਗ - ੯੫੩*

ਸ਼ਹੀਦ ਸਿਰ ਧੜ ਦੀ ਬਾਜ਼ੀ ਲਾ ਕੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਸੱਚੇ ਪਾਤਸ਼ਾਹ ਦੀ ਸ਼ਹੀਦੀ ਧਰਮ ਦੇ ਬੋਲਬਾਲਿਆਂ ਨੂੰ ਸਦੀਵੀ ਤੌਰ 'ਤੇ ਅਮਰ ਰੱਖਣ ਲਈ ਅਤੇ ਧੁਰ ਕੀ ਬਾਣੀ ਦਾ ਪ੍ਰਕਾਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਜੁਗੋ ਜੁਗ ਅਟੱਲ ਰੱਖਣ ਲਈ ਹੋਈ -

*ਸੂਰਜ ਚੜ੍ਹਿਆ ਦੇਖ ਕੇ ਉੱਲੂ ਘਬਰਾਵੇ।*

ਭਾਈ ਪ੍ਰਿਥੀਆ, ਚੰਦੂ ਦੀਵਾਨ, ਸਾਰੇ ਅਹਿਲਕਾਰ, ਜਹਾਂਗੀਰ, ਕੱਚੀ ਬਾਣੀ ਭਾਵ ਆਪਣੀ ਕਵਿਤਾ ਵਾਲੇ ਕਵੀ, ਸੁਲਹੀ ਤੇ ਸੁਲਭੀ ਖਾਨ, ਨਕਸ਼ਬੰਦੀ ਸਿਲਸਿਲਾ ਦੇ ਅਹਿਮਦ ਸਰਹੰਦੀ ਇਤਿਆਦਿਕ ਸਾਰੇ ਕਲਜੁਗੀ ਬਿਰਤੀ ਵਾਲੇ ਤਪੇ ਹੋਏ ਹਨ। ਮਹੀਨਾ ਜੇਠ ਦਾ ਤਪਿਆ ਹੋਇਆ ਹੈ। ਸੱਚੇ ਪਾਤਸ਼ਾਹ ਨੂੰ ਤਸੀਹੇ ਵੀ ਗਰਮ ਹੀ ਦਿਤੇ ਗਏ ਹਨ ਪਰ ਲਾਲ ਸੁਰਖ ਤੱਤੀ ਤਵੀ ਹੈ, ਉਸ ਉਤੇ ਸਸ਼ੋਭਿਤ ਸੱਚੇ ਪਾਤਸ਼ਾਹ ਬਰਫ ਨਾਲੋਂ ਵੀ ਠੰਡੇ ਹਨ। ਇਸ ਤੋਂ ਵੱਡੀ ਕਰਾਮਾਤ ਧਾਰਮਿਕ ਇਤਿਹਾਸ ਵਿਚ ਕਿਹੜੀ ਹੋ ਸਕਦੀ ਹੈ? ***'ਤੇਰਾ ਕੀਆ ਮੀਠਾ ਲਾਗੈ'*** ਦਾ ਸਿਧਾਂਤ ਸਦੀਵੀ ਤੌਰ 'ਤੇ ਪ੍ਰਚੰਡ ਕਰ ਦਿਤਾ, ਅਮਰ ਕਰ ਦਿਤਾ। ਇਸ ਸ਼ਹੀਦੀ ਨਾਲ ਐਸਾ ਨਵ-ਜੀਵਨ ਕੌਮ ਨੂੰ ਪ੍ਰਾਪਤ ਹੋਇਆ ਕਿ ਛੇਵੇਂ ਪਾਤਸ਼ਾਹ ਰਾਹੀਂ ਮੀਰੀ-ਪੀਰੀ ਦਾ ਸਿਧਾਂਤ ਪ੍ਰਗਟ ਹੋਇਆ। ਸੰਤ-ਸਿਪਾਹੀ ਦੇ ਬੋਲਬਾਲੇ ਪ੍ਰਚੰਡ ਹੋਏ।

ਇਸ ਪ੍ਰਥਾਇ ਪਿਆਰੇ ਮਹਾਂਪੁਰਸ਼ਾਂ ਵਲੋਂ ਅਨੁਭਵੀ ਪ੍ਰਵਚਨਾਂ ਰਾਹੀਂ ਦਰਸਾਂਦਾ ਸ਼ਹੀਦੀ ਦਾ ਸਾਕਾ, ਸ਼ਹੀਦੀ ਦੇ ਕਾਰਨ, ਵੱਖ-ਵੱਖ ਬਿਰਤੀਆਂ ਵਾਲਿਆਂ ਵਲੋਂ 'ਨਿਭਾਏ ਗਏ, ਰੋਲ' ਬਹੁਤ ਵਿਸਥਾਰ ਪੂਰਵਕ ਲੇਖ ਮਈ ਅੰਕ ਵਿਚ ਦਿਤਾ ਗਿਆ ਹੈ। ਪਾਠਕ ਜਨ ਸ਼ਹੀਦੀ ਦਾ ਵਿਸਥਾਰਪੂਰਵਕ ਗਿਆਨ ਮਈ ਅੰਕ ਵਿਚੋਂ ਪੜ੍ਹ ਸਕਦੇ ਹਨ ਕਿਉਂਕਿ ਸੱਚੇ ਪਾਤਸ਼ਾਹ ਦਾ ਸ਼ਹੀਦੀ ਦਿਵਸ 30 ਮਈ ਨੂੰ ਹੈ। ਸਾਰੀਆਂ ਗੁਰ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਸ਼ਰਧਾ, ਪਿਆਰ, ਵੈਰਾਗ ਨਾਲ ਆਪਣੇ ਸਤਿਗੁਰੂ ਨੂੰ ਸ਼ਰਧਾ, ਅਕੀਦਾ ਨਾਮ ਬਾਣੀ ਨਾਲ ਜੁੜ ਕੇ, ਛਬੀਲਾਂ ਅਤੇ ਗੁਰੂ ਕੇ ਲੰਗਰ ਲਗਾ ਕੇ ਅਰਪਣ ਕਰਦੀਆਂ ਹਨ। ਸੱਚੇ ਪਾਤਸ਼ਾਹ ਸਾਰਿਆਂ ਦੀ ਘਾਲਣਾ ਸੇਵਾ ਥਾਂਇ ਪਾਉਣਗੇ। ਰਤਵਾੜਾ ਸਾਹਿਬ ਵਿਖੇ ਵੀ ਵਿਸੇਸ਼ ਸ਼ਹੀਦੀ ਸਮਾਗਮ ਹੋ ਰਹੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ 17 ਜੂਨ ਨੂੰ ਪਿਆਰੇ ਮਹਾਂਪੁਰਸ਼ਾਂ ਦਾ ਜਨਮ ਦਿਵਸ ਆ ਰਿਹਾ ਹੈ। ਟਰੱਸਟ ਰਤਵਾੜਾ ਸਾਹਿਬ ਵਲੋਂ, ਗੁਰੂ ਪਿਆਰੀਆਂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਦੀਵਾਨ ਹਾਲ ਵਿਚ ਵਿਸ਼ੇਸ਼ ਗੁਰਮਤਿ ਸਮਾਗਮ ਦੇ ਤੌਰ 'ਤੇ ਮਨਾਇਆ ਜਾਵੇਗਾ। ਮਹਾਂਪੁਰਸ਼ਾਂ ਦੀਆਂ ਘਾਲਣਾ ਕਮਾਈਆਂ ਸਬੰਧੀ ਲੇਖ, ਹਥਲੇ ਅੰਕ ਵਿਚ **ਇਲਾਹੀ ਨੂਰ ਨਾਲ ਸਰਸ਼ਾਰ, ਪਿਆਰ ਦੇ ਸਾਗਰ' ਸਿਰਲੇਖ** ਹੇਠ ਦਿਤਾ ਜਾ ਰਿਹਾ ਹੈ। ਆਸ ਹੈ ਪਾਠਕ ਜਨ ਅਤੇ ਸਮੂੰਹ ਸੰਗਤਾਂ ਮਹਾਂਪੁਰਸ਼ਾਂ ਦੀਆਂ ਘਾਲਣਾ ਕਮਾਈਆਂ ਨੂੰ ਨਮਸਕਾਰ ਕਰਦਿਆਂ ਗੁਰਮਤਿ ਦੀ ਜੀਵਨ ਜੁਗਤਿ ਪ੍ਰਾਪਤ ਕਰਨਗੀਆਂ।

ਸਮੂੰਹ ਸੰਗਤਾਂ ਨੂੰ ਹਾਰਦਿਕ ਸੱਦਾ ਹੈ ਕਿ ਰਤਵਾੜਾ ਸਾਹਿਬ ਵਿਖੇ ਹੋ ਰਹੇ ਪੰਜਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਸਮਾਗਮਾਂ ਅਤੇ ਪਿਆਰੇ ਮਹਾਂਪੁਰਸ਼ਾਂ ਦੇ ਜਨਮ ਦਿਵਸ ਸਬੰਧੀ ਵਿਸ਼ੇਸ਼ ਸਮਾਗਮਾਂ ਵਿਚ ਪਹੁੰਚ ਕੇ ਜੀਵਨ ਦੀਆਂ ਘੜੀਆਂ ਲੇਖੇ ਵਿਚ ਲਾਉ ਜੀ।

ਆਉ! ਦੀਦਾਰੇ ਬਖਸ਼ੋ ਜੀ।

# ਆਸਾੜੁ

**(ਆਸਾੜੁ ਮਹੀਨੇ ਦੀ ਸੰਗਰਾਂਦ : 15 ਜੂਨ, ਦਿਨ ਐਤਵਾਰ)**

*ਡਾ. ਭਾਈ ਵੀਰ ਸਿੰਘ ਜੀ*

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥**
**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥**
**ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥**
**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥**
**ਰੈਣ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥**
**ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥**
**ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥**
**ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥**
**ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫ ॥**

**ਅੰਗ - ੧੩੫**

ਹਾੜ ਦਾ ਮਹੀਨਾ ਉਨ੍ਹਾਂ (ਜੀਵ ਰੂਪੀ ਇਸਤ੍ਰੀਆਂ) ਨੂੰ ਗਰਮ ਲਗਦਾ ਹੈ ਜਿਨ੍ਹਾਂ ਦੇ ਪਾਸ ਹਰੀ (ਰੂਪ) ਪਤੀ ਨਹੀਂ ਹੁੰਦਾ (ਜੋ) ਜਗਜੀਵਨ ਪੁਰਖ ਨੂੰ ਛੱਡ ਕੇ ਮਨਮੁਖੀ ਆਸਾ (ਉਤੇ ਟੇਕ ਧਾਰੀ ਹਨ) (ਕਿਉਂਕਿ ਉਹ ਦ੍ਵੈਤ ਭਾਵ ਵਿਚ ਹਨ)। ਦ੍ਵੈਤ ਭਾਵ ਵਿਚ ਰਹਿਣੇ ਕਰਕੇ (ਜੀਉਂਦੇ ਜੀ) ਵਿਗੋਚੇ ਵਿਚ ਰਹੀਦਾ ਹੈ (ਅਤੇ ਮਰ ਕੇ) ਗਲ ਵਿਚ ਜਮਦੂਤ ਦੀ ਫਾਹੀ ਪੈਂਦੀ ਹੈ। (ਕਿਉਂਕਿ) ਜੇਹਾ ਕੁਝ (ਕੋਈ) ਬੀਜਦਾ ਹੈ (ਜਦ ਫਲ ਪਵੇ ਤਾਂ) ਉਹੋ ਕੁਛ ਵਢਦਾ ਹੈ, (ਤਿਵੇਂ ਜੋ ਕੁਛ ਕਰੀਦਾ ਹੈ ਸੋ ਮੱਥੇ ਤੇ ਲਿਖਿਆ ਜਾਂਦਾ ਹੈ, ਭਾਵ ਮਨ ਵਿਚ ਅੰਕਿਤ ਹੋ ਜਾਂਦਾ ਹੈ ਤੇ) ਜੋ ਮੱਥੇ ਲਿਖਿਆ ਜਾਂਦਾ ਹੈ (ਉਸ ਅਨੁਸਾਰ ਦੁਖ ਸੁਖ ਪਾਈਦਾ ਹੈ। ਸੋ ਜਦ ਦੂਜੇ ਭਾਇ ਵਿਚ ਲਗਿਆ) ਉਮਰਾ ਰੂਪੀ ਰਾਤ ਬੀਤ ਜਾਂਦੀ ਹੈ (ਤਾਂ) ਪਛਤਾਵਾ ਹੁੰਦਾ ਹੈ (ਫੇਰ ਸਮਾਂ ਹੋਰ ਨਾ ਹੋਣ ਕਰਕੇ) ਨਿਰਾਸ ਹੋ ਕੇ (ਇਥੋਂ) ਟੁਰ ਜਾਣਾ ਪੈਂਦਾ ਹੈ। (ਪ੍ਰੰਤੂ) ਜਿਨ੍ਹਾਂ ਨੂੰ ਸਾਧੂ ਮਿਲ ਜਾਂਦਾ ਹੈ, (ਸੁਤੰਤ੍ਰ ਹੁੰਦੇ ਹਨ, ਭਾਵ ਮੁਕਤੀ ਨੂੰ ਪ੍ਰਾਪਤ ਹੁੰਦੇ ਹਨ)। (ਅਰਦਾਸ) (ਇਸ ਲਈ), ਨਾਨਕ ਦੀ (ਇਹ) ਅਰਦਾਸ ਹੈ ਕਿ ਹੇ ਪ੍ਰਭੂ ਆਪਣੀ ਕ੍ਰਿਪਾ ਕਰ, ਜੋ (ਪਹਿਲੋਂ ਤਾਂ ਸਾਨੂੰ) ਤੇਰੇ ਦਰਸ਼ਨ ਦੀ ਪਿਆਸ ਲਗ ਪਵੇ (ਫਿਰ ਸਾਨੂੰ ਐਸਾ ਪਿਆਰ ਪਵੇ ਕਿ) ਹੇ ਪ੍ਰਭੂ! ਤੇਰੇ ਬਿਨਾਂ ਦੂਜਾ ਕੋਈ (ਸਾਨੂੰ ਤੇਰੇ ਵਰਗਾ ਪਿਆਰਾ) ਨਾ ਲਗੇ। (ਸੋ ਭਾਈ) ਹਾੜ (ਦਾ ਤਪੰਦਾ ਮਹੀਨਾ ਬੀ) ਸੁਹੰਦਾ ਲਗਦਾ ਹੈ (ਪਰ) ਉਸ ਨੂੰ (ਕਿ) ਜਿਸਦੇ ਮਨ ਵਿਚ ਹਰੀ ਦੇ ਚਰਨਾਂ ਦਾ ਨਿਵਾਸ ਹੋ ਜਾਂਦਾ ਹੈ।

ਨਿਰੁਕਤ - ਦੁਯੈ ਭਾਇ-ਵਾਹਿਗੁਰੂ ਤੋਂ ਬਿਨਾਂ

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ- ੨੮੯*

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥*
*ਅੰਗ - ੧੦੯੪*
*ਧਾਰਨਾ - ਨਾ ਵਿਸਰੋ ਮਹਾਰਾਜ ਹੀਏ 'ਤੇ ਨਾ ਵਿਸਰੋ।*

*ਧੀਰਉ ਦੇਖਿ ਤੁਮ੍ਾਰੈ ਰੰਗਾ ॥*
*ਤੁਹੀ ਸੁਆਮੀ ਅੰਤਰਜਾਮੀ*
*ਤੂਹੀ ਵਸਹਿ ਸਾਧ ਕੈ ਸੰਗਾ ॥ ੧ ॥ ਰਹਾਉ ॥*
*ਖਿਨ ਮਹਿ ਥਾਪਿ ਨਿਵਾਜੇ ਠਾਕੁਰ*
*ਨੀਚ ਕੀਟ ਤੇ ਕਰਹਿ ਰਾਜੰਗਾ ॥ ੧ ॥*
*ਕਬਹੂ ਨ ਬਿਸਰੈ ਹੀਏ ਮੋਰੇ ਤੇ*
*ਨਾਨਕ ਦਾਸ ਇਹੀ ਦਾਨੁ ਮੰਗਾ ॥ ਅੰਗ - ੮੨੪*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਅੰਗ - ੭੦੮*

ਸਾਧਸੰਗਤ ਜੀ, ਗੱਜ ਕੇ ਬੋਲਣਾ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਜਿਸ ਤਰ੍ਹਾਂ ਮੈਂ ਹਰ ਵਾਰੀ ਬੇਨਤੀ ਕਰਦਾ ਹਾਂ ਕਿ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਹੈ, ਕਲਜੁਗੀ ਜੀਵਾਂ ਦੇ ਉਤੇ ਕਿ ਉਨ੍ਹਾਂ ਨੇ ਇਸ ਜਲਦੇ-ਬਲਦੇ ਸਮੇਂ ਦੇ ਅੰਦਰ ਸਾਨੂੰ ਆਪਣੇ ਸਤਿਸੰਗ ਦੀ ਬਖਸ਼ਿਸ਼ ਕੀਤੀ ਹੋਈ ਹੈ, ਸੋ ਵਿਧੀ ਦੇ ਨਾਲ ਜੇ ਸਤਿਸੰਗ ਕੀਤਾ ਜਾਵੇ, ਤਾਂ ਬਹੁਤ ਵੱਡਾ ਲਾਭ ਪ੍ਰਾਪਤ ਹੋਇਆ ਕਰਦੈ।

ਮਹਾਂਪੁਰਸ਼ ਇਕ ਸਾਖੀ ਦਸਿਆ ਕਰਦੇ ਸੀ ਕਿ ਕਿਸੇ ਨਗਰ ਦੇ ਅੰਦਰ ਕੋਈ ਸੇਠ ਗਿਆ ਹੋਇਆ ਸੀ। ਉਹ ਸੇਠ ਕਣਕੂਤ ਵਗੈਰਾ ਕਰਾ ਰਿਹਾ ਸੀ, ਜਿਨ੍ਹਾਂ ਤੋਂ ਪੈਸੇ ਲੈਣੇ ਸੀ ਪੈਸੇ ਲੈ ਰਿਹਾ ਸੀ ਤੇ ਉਹਦਾ ਜੋ ਪਿਛਲਾ ਹਿਸਾਬ ਕਿਤਾਬ ਸੀ, ਲੋਕਾਂ ਦੀਆਂ ਫਸਲਾਂ ਲੈ ਕੇ ਉਹ ਪੂਰਾ ਕਰ ਰਿਹਾ ਸੀ। ਇਕ ਦਿਨ ਅਚਾਨਕ ਇਸ ਵੇਲੇ ਘਰੋਂ ਸੁਨੇਹਾ ਆ ਗਿਆ ਕਿ ਸੇਠ ਜੀ, ਜੇ ਰੋਟੀ ਖਾਂਦੇ ਹੋਂ ਤਾਂ ਤੁਰ ਕੇ ਖਾ ਲਿਓ। ਜੁੱਤੀ ਟੋਲਿਓ ਨਾ, ਦਸਤਾਰ ਬੰਨ੍ਹਦੇ ਹੋਂ ਤਾਂ ਤੁਰੇ-ਤੁਰੇ ਬੰਨ੍ਹ ਲਿਓ, ਅਟਕਣਾ ਨਹੀਂ, ਸੁਨੇਹਾ ਮਿਲਦੇ ਸਾਰ ਤੁਰ ਪੈਣੈ। ਇਹ ਸਟਾਈਲ ਹੋਇਆ ਕਰਦਾ ਸੀ ਪਿਛਲੇ ਸਮੇਂ 'ਚ ਜਿਵੇਂ ਅੱਜਕਲ੍ਹ ਲਿਖ ਦਿੰਦੇ ਨੇ ਕਿ ਮੇਰੀ ਚਿੱਠੀ ਨਾ ਸਮਝਣੀ, ਤਾਰ ਸਮਝਣੀ। ਉਸ ਵੇਲੇ ਸੁਨੇਹੇ ਦੀ ਮਹੱਤਤਾ ਦੱਸਣ ਵਾਸਤੇ ਇਸ ਤਰ੍ਹਾਂ ਦੀ ਸ਼ਬਦਾਵਲੀ ਵਰਤੀ ਜਾਂਦੀ ਸੀ। ਸੋ ਬੜਾ ਫਿਕਰ ਹੋਇਆ ਕਿ ਇਸ ਵੇਲੇ? ਪਿੰਡ ਦੂਰ ਹੈ ਅੱਠ-ਸੱਤ ਮੀਲ। ਰਸਤੇ ਵਿਚ ਭਿਆਨਕ ਜੰਗਲ ਹੈ। ਚੋਰ, ਚਕਾਰ ਜੰਗਲੀ ਜਾਨਵਰ ਸਭ ਕੁਝ ਹੈ। ਇਹ ਕਿਸ ਤਰ੍ਹਾਂ ਜਾਏਗਾ, ਕੌਣ ਮੇਰੇ ਨਾਲ ਜਾਏਗਾ? ਸੋ ਉਸ ਵੇਲੇ ਆਪਣੇ ਮੈਨੇਜਰਾਂ ਨੂੰ ਇਹ ਗੱਲ ਕਹੀ ਕਿ ਮੈਂ ਹੁਣੇ ਹੀ ਜਾਣਾ ਹੈ। ਕੋਈ ਹੈ ਜੋ ਮੇਰੇ ਨਾਲ ਮੇਰਾ ਸਮਾਨ ਚੁੱਕ ਕੇ ਲੈ ਚੱਲੇ। ਉਹ ਕਹਿਣ ਲੱਗੇ ਕਿ ਇਸ ਵੇਲੇ ਤਾਂ ਕਿਸੇ ਨੇ ਵੀ ਨਹੀਂ ਜਾਣਾ ਭਾਵੇਂ ਤੁਸੀਂ ਕਿੰਨੀ ਮਜਦੂਰੀ ਦਿਓ ਪਰ ਇਥੇ ਇਕ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਗੁਰਸਿੱਖ ਹੈ। ਜੇ ਕਿਤੇ ਉਹਨੂੰ ਤੁਸੀਂ ਬੇਨਤੀ ਕਰ ਦਿਓ। ਗੁਰਸਿੱਖ ਪਰਉਪਕਾਰੀ ਹੋਇਆ ਕਰਦੇ ਨੇ। ਇਸ ਗੱਲ ਨੂੰ ਸਾਰੇ ਮੰਨਦੇ ਸੀ ਕਿ ਉਹ ਪਰਉਪਕਾਰੀ ਹੈ, ਦੂਸਰੇ ਦਾ ਭਲਾ ਚਾਹੁੰਦਾ ਹੈ ਤੇ ਉਹ ਚਲਾ ਜਾਏਗਾ।

ਸੁਨੇਹਾ ਭੇਜਿਆ, ਉਸ ਵੇਲੇ ਉਹ ਬੰਦਗੀ 'ਚ ਬੈਠੇ ਸੀ ਕਿਉਂਕਿ ਜੋ ਗੁਰਸਿੱਖ ਹੈ, ਇਹ ਦਿਨ ਵਿਚ ਕਿਰਤ ਵੀ ਪੂਰੀ ਕਰਦੈ ਤੇ ਜਿਹੜਾ ਵਾਧੂ ਸਮਾਂ ਹੈ ਅੰਮ੍ਰਿਤ ਵੇਲੇ ਦਾ, ਸ਼ਾਮ ਦਾ ਇਹ ਬੰਦਗੀ ਕਰਦਾ ਰਹਿੰਦਾ ਹੈ। ਜਿਹਨੂੰ ਰਸ ਆ ਜਾਂਦਾ ਹੈ, ਉਹਨੂੰ ਇਸ ਗੱਲ ਦਾ ਪਤਾ ਹੈ। ਦੂਸਰਾ ਗੱਪਾਂ-ਸ਼ੱਪਾਂ 'ਚ

ਸਮਾਂ ਲੰਘਾ ਦਿਆ ਕਰਦੈ।

ਸੋ ਉਸ ਵੇਲੇ ਉਹ ਬੰਦਗੀ ਕਰ ਰਿਹਾ ਸੀ। ਜਾ ਕੇ ਬੇਨਤੀ ਕੀਤੀ ਕਿ ਸੇਠ ਜੀ ਨੇ ਪਿੰਡ ਜਾਣਾ ਹੈ ਕਿ ਇਹ ਥੋੜ੍ਹਾ ਜਿਹਾ ਸਮਾਨ ਹੈ, ਇਹ ਨਾਲ ਲੈ ਕੇ ਚਲੇ ਜਾਓ। ਕੁਛ ਰਸਤਾ ਇਹ ਇਕੱਲਾ ਹੈ, ਉਹ ਸਾਥ ਵੀ ਭਾਲਦਾ ਹੈ। ਉਹ ਕਹਿਣ ਲੱਗੇ, ਇਸ ਵੇਲੇ ਤਾਂ ਨਹੀਂ ਮੈਂ ਜਾ ਸਕਦਾ, ਕਿਸੇ ਕੀਮਤ 'ਤੇ ਵੀ ਕਿਉਂਕਿ ਮੈਂ ਪ੍ਰਭੂ ਦੀ ਯਾਦ ਵਿਚ ਜੁੜਿਆ ਹਾਂ। ਪ੍ਰਭੂ ਦੀ ਯਾਦ ਦੀ ਕੀਮਤ ਸੰਸਾਰੀ ਕੰਮਾਂ ਨਾਲ ਕੋਈ ਵੀ ਨਹੀਂ ਤੁਲਨਾ ਕਰਦੀ। ਵੱਡੀ ਤੋਂ ਵੱਡੀ ਕੁਰਬਾਨੀ ਕਰ ਦਿੰਦੈ, ਜਿਹੜਾ ਪ੍ਰਭੂ ਦੀ ਯਾਦ ਵਿਚ ਬੈਠਣ ਵਾਲਾ ਹੋਵੇ ਕਿਉਂਕਿ ਇਕ ਪਾਸੇ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ, ਜਿਹਦੀ ਹਜ਼ੂਰੀ ਪ੍ਰਾਪਤ ਹੋਈ-ਹੋਈ ਹੈ। ਜਿਹਦੀ ਦਰਗਾਹ ਦੇ ਵਿਚ ਪ੍ਰਵੇਸ਼ ਕੀਤਾ ਹੋਇਆ ਹੈ। ਇਕ ਪਾਸੇ ਦੁਨੀਆਂ ਦਾ ਬਾਦਸ਼ਾਹ ਹੈ। ਝੂਠਾ ਬਾਦਸ਼ਾਹ। ਉਹ ਦੋਹਾਂ ਦੀ ਤੁਲਨਾ ਦੇ ਵਿਚ ਜਦੋਂ ਗੁਰਸਿੱਖ ਪੈਂਦਾ ਹੈ ਤਾਂ ਪ੍ਰਭੂ ਦੀ ਹਜ਼ੂਰੀ ਨੂੰ ਉਹ ਸੱਚਮੁੱਚ ਜਾਣਦਾ ਹੋਇਆ, ਪ੍ਰਭੂ ਦੀ ਹਾਜ਼ਰੀ ਨਹੀਂ ਛੱਡ ਸਕਦਾ। ਦੁਬਾਰਾ ਫੇਰ ਆਏ, ਕਹਿਣ ਲੱਗੇ, ਗੁਰਸਿੱਖਾ! ਉਸ ਸੇਠ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਸਤਾ ਪਾ ਕੇ ਕਿਹੈ। ਜਦੋਂ ਐਨੀ ਗੱਲ ਕਹੀ ਕਿ ਇਹਨੇ ਮੇਰੇ ਸਤਿਗੁਰੂ ਦਾ ਵਾਸਤਾ ਪਾਇਆ ਹੈ, ਉਸੇ ਵੇਲੇ ਉਠ ਕੇ ਤਿਆਰ ਹੋ ਗਏ ਤੇ ਉਸ ਤੋਂ ਬਾਅਦ ਸਮਾਨ ਚੁੱਕ ਲਿਆ ਤੇ ਤੁਰੇ ਜਾਂਦੇ ਨੇ। ਹੁਣ ਸੇਠ ਨੂੰ ਇਹ ਸੀ ਕਿ ਬੋਲ-ਬੁਲਾਰਾ ਕਰਦੇ ਜਾਈਏ ਤਾਂ ਕੋਈ ਚੋਰ ਵਗੈਰਾ ਵੀ ਹੋਏਗਾ ਤਾਂ ਉਹਨੂੰ ਪਤਾ ਲਗ ਜਾਏਗਾ। ਬੰਦੇ ਕਈ ਹੋਣੇ ਨੇ। ਉਹ ਨੇੜੇ ਨਹੀਂ ਆਏਗਾ। ਜੇ ਕੋਈ ਜੰਗਲੀ ਜਾਨਵਰ ਹੋਇਆ ਉਹ ਵੀ ਨੱਠ ਜਾਏਗਾ। ਜਦੋਂ ਉਹ ਕਾਫੀ ਦੂਰ ਚਲੇ ਗਏ ਤੇ ਉਹ ਤਾਂ ਸਵਾਸ-ਸਵਾਸ ਨਾਮ ਜਪਦਾ ਜਾਂਦਾ ਸੀ। ਚਰਨਾਂ ਦੀ ਮਦਦ ਨਾਲ, ਖੱਬੇ ਪੈਰ ਨਾਲ, ਸੱਜੇ ਪੈਰ ਨਾਲ ਨਾਮ ਜਪਦਾ ਜਾ ਰਿਹਾ ਸੀ। ਬਿਰਤੀ ਅੰਦਰ ਲੱਗੀ ਹੋਈ ਸੀ। ਸਰੀਰਕ ਕ੍ਰਿਆ ਦੇ ਨਾਲ ਨਾਮ ਨੂੰ ਸੁਮੇਲ ਕਰ ਰਿਹਾ ਸੀ। ਇਹ ਚਾਹੁੰਦਾ ਸੀ ਕਿ ਮੇਰੇ ਨਾਲ ਗੱਲ ਕਰੇ। ਜਦੋਂ ਸੇਠ ਨੇ ਗੱਲ ਕਰੀ, ਇਹਨੂੰ ਗੱਲ ਕੀ ਆਉਣੀ ਹੈ, ਨਾਸਤਕ ਨੂੰ ਕੀ ਗੱਲ ਆਇਆ ਕਰਦੀ ਹੈ। ਕਿਸੇ ਦੀ ਨਿੰਦਿਆ ਕਰੂ, ਕਿਸੇ ਦੀ ਚੁਗਲੀ ਕਰੂ, ਕਿਸੇ ਈਰਖਾ ਕਰੂ, ਧਨ ਕਮਾਉਣ ਦੀ ਬਾਤ ਕਰੇਗਾ। ਕੋਈ ਉਤੋਂ-ਉਤੋਂ ਗੱਲ ਕਰੇਗਾ, ਆਪਣੀ ਸ਼ੇਖੀ ਦੀ ਗੱਲ ਕਰੇਗਾ। ਅਭਿਮਾਨ ਦੀ ਕਰੇਗਾ। ਸੋ ਹੋਰ ਤਾਂ ਉਹਦੇ ਕੋਲ ਕੋਈ ਗੱਲ ਹੋਇਆ ਹੀ ਨਹੀਂ ਕਰਦੀ। ਇਸ ਕਰਕੇ ਜਦੋਂ ਵੀ ਉਸ ਨੇ ਬੋਲਣੈ, ਗਲਤ ਹੀ ਬੋਲਣੈ। ਗੁਰਸਿੱਖ ਨੇ ਹੁੰਗਾਰਾ ਨਾ ਭਰਿਆ ਗੱਲ ਦਾ। ਜਦੋਂ ਫੇਰ ਵੀ ਗੱਲ ਦਸੀ ਗਿਆ, ਉਹਨੇ ਸੋਚਿਆ ਕਿ ਇਹ ਤਾਂ ਬੰਦਗੀ ਵੀ ਨਹੀਂ ਕਰਨ ਦਿੰਦਾ। ਉਥੇ ਹੀ ਸਮਾਨ ਰੱਖ ਦਿਤਾ। ਕਹਿਣ ਲੱਗਿਆ, ਲਓ ਸੇਠ ਜੀ, ਤੁਸੀਂ ਆਪ ਹੀ ਜਾਓ।

ਕਹਿੰਦੇ, ਗੁਰਸਿੱਖਾ! ਇਸ ਤਰ੍ਹਾਂ ਤਾਂ ਨਹੀਂ ਕਰਨਾ ਚਾਹੀਦਾ। ਮੈਂ ਤੈਨੂੰ ਮਜੂਰੀ ਜਿੰਨੀ ਕਹੇਂ ਦੇ ਦੇਵਾਂਗਾ, ਰਾਤ ਦਾ ਸਮਾਂ ਹੈ, ਮੈਂ ਜਾਣਾ ਜ਼ਰੂਰ ਹੈ। ਉਹ ਕਹਿੰਦਾ, ਮਜੂਰੀ ਦੀ ਨਹੀਂ ਮੈਨੂੰ ਕੋਈ ਬਹੁਤੀ ਪਰਵਾਹ ਹੈ, ਦੇ ਚਾਹੇ ਨਾ ਦੇ। ਪਰ ਸਮਾਂ ਨਸ਼ਟ ਕਰ ਰਿਹਾ ਹੈਂ ਤੂੰ। ਇਹਨਾਂ ਗੱਲਾਂ ਦਾ ਕੀ ਫਾਇਦਾ ਹੈ ਜਾਂ ਪ੍ਰਮੇਸ਼ਰ ਦੀ ਗੱਲ ਤੂੰ ਸੁਣਾਂ। ਜੇ ਤੇਰੇ ਤੋਂ ਨਹੀਂ ਹੁੰਦੀ, ਤਾਂ ਮੈਂ ਦੋ ਘੜੀ ਪ੍ਰਮੇਸ਼ਰ ਦਾ ਜ਼ਿਕਰ ਕਰ ਲੈਂਦਾ ਹਾਂ।

ਉਹ ਕਹਿੰਦਾ, ਪ੍ਰੇਮੀਆਂ! ਮੈਨੂੰ ਨਾ ਤਾਂ ਰੱਬ 'ਚ ਵਿਸ਼ਵਾਸ਼ ਹੈ ਕੋਈ। ਹੈਗਾ ਰੱਬ ਕੀ? ਮੇਰਾ ਤਾਂ ਮਨ ਇਸ ਤਰ੍ਹਾਂ ਕਰਦਾ ਹੈ ਕਿ ਆਦਮੀ ਪੈਦਾ ਹੋ ਗਿਆ, ਮਰ ਗਿਆ, ਮੁੱਕ ਗਿਆ। ਬਸ ਗੱਲ ਖਤਮ ਹੋ ਗਈ।

ਕਹਿਣ ਲੱਗਿਆ, ਸੇਠ ਜੀ! ਤੂੰ ਤਾਂ ਬਹੁਤ ਅੰਨ੍ਹਾ ਹੋ ਗਿਆ। ਤੇਰੇ ਉਤੇ ਤਾਂ ਮੈਲ ਦੀਆਂ ਤੈਹਾਂ ਚੜ੍ਹ ਗਈਆਂ। ਤੂੰ ਹੁੰਦੀ ਚੀਜ਼ ਨੂੰ ਦੇਖ ਨਹੀਂ ਸਕਦਾ। ਪ੍ਰਮੇਸ਼ਰ ਐਸੇ ਤਰ੍ਹਾਂ ਸ਼ਾਖਸ਼ਾਤ ਹੈ ਜਿਵੇਂ ਤੂੰ ਤੇ ਮੈਂ ਹਾਂ ਪਰ ਤੇਰੇ ਮਨ ਦੇ ਉਤੇ ਐਨੀ ਮੈਲ ਪੈ ਚੁੱਕੀ ਹੈ ਕਿ ਤੂੰ ਇਸ ਦੇ ਉਤੇ ਵਿਸ਼ਵਾਸ਼ ਕਰਨ ਨੂੰ ਤਿਆਰ ਨਹੀਂ। ਚੰਗਾ, ਕਰ ਵਿਸ਼ਵਾਸ਼ ਚਾਹੇ ਨਾ ਕਰ। ਸੋ ਬਚਨ ਕਰਨੇ ਸ਼ੁਰੂ ਕਰ ਦਿਤੇ। ਕੁਛ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ, ਕੁਛ ਬਾਣੀ ਦੇ ਅਰਥ ਸਮਝਾਉਂਦੇ ਗਏ ਉਹ ਹਾਂ-ਹਾਂ ਕਰਦਾ ਰਿਹਾ ਕਿਉਂਕਿ ਉਹਨੂੰ ਗਰਜ ਸੀ। ਸੋ ਉਸ ਵੇਲੇ ਜਦੋਂ ਚਲੇ ਗਏ, ਸੇਠ ਦਾ ਸਮਾਨ ਰੱਖਿਆ, ਅੱਧੀ ਰਾਤ ਬੀਤ ਗਈ। ਕਹਿੰਦੇ, ਲਓ ਸੇਠ ਜੀ, ਮੈਂ ਜਾਂਦਾ ਹਾਂ। ਕਹਿੰਦੇ, ਹੁਣ ਤਾਂ ਨਹੀਂ ਮੈਂ ਜਾਣ ਦਿੰਦਾ। ਦੇਖੋ, ਪ੍ਰਸ਼ਾਦੇ ਦਾ ਸਾਡੇ ਕੋਲ ਕੋਈ ਘਾਟਾ ਨਹੀਂ ਹੈ। ਕੱਪੜਾ ਲੀੜਾ, ਵਸਤਰ, ਜਗ੍ਹਾ, ਮਕਾਨ ਸਭ ਕੁਛ ਹੈਗਾ। ਉਹ ਕਹਿੰਦੇ, ਅਸੀਂ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਹੁੰਦੇ ਹਾਂ। ਉਹ ਕਹਿੰਦਾ, ਉਹਦਾ ਵੀ ਮੈਂ ਬੰਦੋਬਸਤ ਕਰ

ਦੇਵਾਂਗਾ। ਨਲਕੇ ਲੱਗੇ ਹੋਏ ਨੇ ਥਾਂ-ਥਾਂ। ਟੂੱਟੀਆਂ ਲੱਗੀਆਂ ਹੋਈਆਂ ਨੇ, ਟੈਂਕੀ ਵਿਚਾਲੇ ਬਣਾਈ ਹੋਈ ਹੈ ਸਾਡੀ। ਤੈਨੂੰ ਇਸ਼ਨਾਨ ਦਾ ਵੀ ਕੋਈ ਔਖ ਨਹੀਂ ਹੋਏਗੀ। ਤੂੰ ਸਵੇਰੇ ਚਲੇ ਜਾਈਂ। ਗੁਰਸਿੱਖ ਰਹਿ ਪਿਆ, ਦੋ ਵਜੇ ਉਠ ਕੇ ਬੈਠ ਗਿਆ। ਭਜਨ ਬੰਦਗੀ ਕਰਦਾ ਰਿਹਾ, ਜਦੋਂ ਸਵੇਰ ਹੋਈ, ਉਹਨੇ ਪ੍ਰਸ਼ਾਦਾ ਲਿਆਂਦਾ, ਇਕ ਪ੍ਰਸ਼ਾਦਾ ਛਕ ਕੇ ਕਹਿਣ ਲੱਗੇ, ਸੇਠ ਜੀ! ਅਸੀਂ ਜਾਂਦੇ ਹਾਂ। ਉਹਨੇ ਇਕ ਧੇਲੀ ਮਜ਼ੂਰੀ ਦੇ ਦਿਤੀ। ਗੁਰਸਿੱਖ ਨੇ ਲਈ ਤੇ ਚੁੱਪ ਕਰਕੇ ਉਸੇ ਤਰ੍ਹਾਂ ਤੁਰ ਗਿਆ। ਜਦੋਂ ਪਿੰਡ ਤੋਂ ਬਾਹਰ ਚਲਿਆ ਗਿਆ ਤਾਂ ਉਹਦੇ ਮਨ 'ਚ ਖਿਆਲ ਆਇਆ ਕਿ ਆਹ ਸੇਠ ਨੇ ਤਾਂ ਅੱਠਵੇਂ ਨੂੰ ਮਰ ਜਾਣੈ। ਇਹਨੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਬਚਨ ਸੁਣੇ ਨੇ ਤੇ ਉਹਨਾਂ ਬਚਨਾਂ ਦਾ ਫਲ ਇਹ ਦਸਿਆ ਹੈ ਕਿ ਬੇਅੰਤ-ਬੇਅੰਤ ਫਲ ਹੁੰਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਈ ਕਰੋੜ ਯੱਗਾਂ ਦਾ ਫਲ ਮਿਲਦੈ, ਜਿਹੜਾ ਸੁਣਦਾ ਹੈ ਤੇ ਫੇਰ ਗਾਉਂਦਾ ਹੈ। ਸੋ ਉਸ ਵੇਲੇ ਵਾਪਸ ਆ ਗਏ, ਸੇਠ ਕਹਿਣ ਲੱਗਿਆ ਕਿ ਵਾਪਸ ਆ ਗਏ ਤੁਸੀਂ? ਥੋੜ੍ਹੀ ਮਜ਼ੂਰੀ ਦਿਤੀ ਹੈ? ਲਓ ਮੈਂ ਹੋਰ ਦੇ ਦਿੰਦਾ ਹਾਂ। ਅੱਧੀ ਧੇਲੀ ਹੋਰ ਲੈ ਲਓ। ਉਹ ਕਹਿੰਦੇ, ਸੇਠ ਜੀ! ਮੈਂ ਮਜ਼ੂਰੀ ਲੈਣ ਨਹੀਂ ਆਇਆ। ਨਾ ਮੈਨੂੰ ਮਜ਼ੂਰੀ ਦੀ ਕੋਈ ਲੋੜ ਹੈ। ਪ੍ਰਸ਼ਾਦੇ ਪ੍ਰਮੇਸ਼ਰ ਦੇ ਦਿੰਦਾ ਹੈ। ਓਨੀਂ ਕੁ ਮਿਹਨਤ ਅਸੀਂ ਕਰਦੇ ਹਾਂ, ਬਾਕੀ ਸਮਾਂ ਅਸੀਂ ਪ੍ਰਮੇਸ਼ਰ ਦੀ ਯਾਦ ਵਿਚ ਗੁਜ਼ਾਰਦੇ ਹਾਂ। ਤੇਰੇ ਨਾਲ ਇਕ ਜ਼ਰੂਰੀ ਗੱਲ ਕਰਨੀ ਹੈ।

ਕਹਿੰਦੇ, ਦੱਸੋ। ਇਕ ਪਾਸੇ ਹੋ ਗਿਆ।

ਕਹਿੰਦੇ, ਗੱਲ ਇਹ ਹੈ ਕਿ ਅਸੀਂ ਤੇਰੀ ਸਾਰੀ ਜ਼ਿੰਦਗੀ ਦੇਖੀ ਹੈ, ਉਹਦੇ 'ਚ ਕੋਈ ਚੰਗਾ ਕੰਮ, ਕੋਈ ਨੇਕ ਕੰਮ ਨਹੀਂ ਕਰਿਆ ਤੇ ਇਹਦੇ ਵਿਚ ਜਿੰਨੇ ਲਿਖੇ ਨੇ, ਕਾਲੇ ਲੇਖ ਲਿਖੇ ਨੇ। ਚਿੱਟੀ ਕਾਪੀ ਤੇਰੀ ਖਾਲੀ ਪਈ ਹੈ ਤੇ ਕਾਲੇ ਲੇਖਾਂ ਨਾਲ ਤੇਰੀ ਕਾਪੀ ਭਰੀ ਪਈ ਹੈ। ਸੋ ਗੁਰੂ ਮਹਾਰਾਜ ਇਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਕਾਲੇ ਲੇਖ ਨਾ ਲਿਖੀਂ ਮਨਾ ਮੇਰਿਆ,*
*ਲੇਖਾ ਦੇਣਾ ਔਖਾ ਹੋਊਗਾ।*
*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ - ੩੧੫*

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*
*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

ਸੋ ਮਨ ਚਾਹੇ ਨਾ ਮੰਨ -

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥ ਅੰਗ - ੮੯੪*

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸਭ ਕੁਝ ਦੇਖ ਕੇ ਇਹ ਬਚਨ ਉਚਾਰਨ ਕਰਿਆ ਹੈ। ਸੋ ਇਸ ਕਰਕੇ ਤੇਰੀ ਜ਼ਿੰਦਗੀ ਦੇ ਅੰਦਰ ਕੋਈ ਵੀ ਚਿੱਟਾ ਲੇਖ ਨਹੀਂ ਹੈ। ਸਿਵਾਏ ਆਹ ਦੋ ਘੜੀਆਂ ਸਤਿਸੰਗ ਦੀਆਂ, ਜਿਹੜੀਆਂ ਤੂੰ ਮੇਰੇ ਨਾਲ ਕਰੀ ਹੈ। ਉਹ ਵੀ ਤੂੰ ਦਿਲ ਨਾਲ ਨਹੀਂ ਕਰੀ। ਉਤੋਂ-ਉਤੋਂ ਗੱਲਾਂ ਸੁਣਦਾ ਰਿਹਾ ਹੈਂ। ਅੰਦਰੋਂ ਤੇਰੇ ਫੁਰਨੇ ਹੋਰ ਚਲਦੇ ਰਹੇ। ਚਲ, ਚੰਗਾ ਹੈ ਜਿਵੇਂ ਵੀ ਕਰ ਲਈ, ਕਿੰਨੀ ਵੀ ਕਰ ਲਈ -

*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ- ੧੩੨੨*

ਲਾਭ ਹੀ ਲਾਭ ਹੋਇਆ ਕਰਦੈ। ਸੰਤਾਂ ਦੀਆਂ ਗੱਲਾਂ 'ਚ ਕੋਈ ਨੁਕਸਾਨ ਵਾਲੀ ਬਾਤ ਨਹੀਂ ਹੋਇਆ ਕਰਦੀ ਕਿਉਂਕਿ ਸੰਤ ਯਥਾਰਥ ਬਾਤ ਕਿਹਾ ਕਰਦੇ ਨੇ, ਗਲਤ ਬਾਤ ਨਹੀਂ ਕਿਹਾ ਕਰਦੇ। ਜੀਵ ਦੇ ਸੁਖ ਵਾਲੀ ਬਾਤ ਕਹਿੰਦੇ ਨੇ। ਜੇ ਕਿਸੇ ਨੂੰ ਕਹਿ ਵੀ ਦੇਣ ਕਿ ਜੰਜਾਲ ਛੱਡ ਕੇ ਭਜਨ ਕਰ। ਉਹ ਵੀ ਉਹਦੇ ਸੁਖ ਵਾਸਤੇ ਹੋਇਆ ਕਰਦੀ ਹੈ। ਦੁਖ ਵਾਸਤੇ ਨਹੀਂ ਹੁੰਦੀ। ਸੋ ਕਹਿਣ ਲੱਗੇ, ਹੁਣ ਤੂੰ ਆਪਣਾ ਅਭਿਆਸ ਕਰ ਲੈ, ਅੱਠਵੇਂ ਨੂੰ ਤੂੰ ਚਲਿਆ ਜਾਣੈ, ਏਸੇ ਵੇਲੇ। ਤੈਨੂੰ ਜਮਦੂਤ ਲੈਣ ਵਾਸਤੇ ਆਉਣਗੇ, ਕੁੱਟਣਗੇ। ਤੇਰਾ ਬਹੁਤ ਬੁਰਾ ਹਾਲ ਹੋਏਗਾ। ਉਥੇ ਧਰਮਰਾਜ ਜਦੋਂ ਤੇਰੇ ਕਿਰਦਾਰ ਦੇਖੇਗਾ, ਕੰਮ ਕੀਤਾ ਹੋਇਆ ਦੇਖੇਗਾ, ਉਸ ਵੇਲੇ ਤੈਨੂੰ ਕੁੰਭੀ ਨਰਕ ਦੇ ਵਿਚ ਸੁੱਟਿਆ ਜਾਏਗਾ। ਉਥੇ ਤੇਰੇ ਕੋਲ ਇਕ ਮੌਕਾ ਹੋਏਗਾ, ਜਦੋਂ ਉਹਨੇ ਕਹਿਣਾ ਹੈ ਕਿ ਦੋ ਘੜੀ ਦਾ

ਸਤਿਸੰਗ ਹੈ ਇਹਦਾ, ਇਹਦਾ ਤੂੰ ਫਲ ਕੀ ਚਾਹੁੰਦਾ ਹੈਂ? ਪਹਿਲਾਂ ਚਾਹੁੰਦਾ ਹੈਂ ਕਿ ਪਿੱਛੋਂ ਚਾਹੁੰਦਾ ਹੈਂ? ਤੂੰ ਕਹਿ ਦੇਵੀਂ ਕਿ ਮੈਂ ਪਹਿਲਾਂ ਚਾਹੁੰਦਾ ਹਾਂ। ਉਥੇ ਇਹ ਮੰਗ ਲਵੀਂ ਕਿ ਜਿਥੇ ਸੰਤ ਮੰਡਲ ਹੈ, ਜਿਥੇ ਸੰਤ ਜਾ ਕੇ ਰਹਿੰਦੇ ਨੇ, ਮੈਨੂੰ ਉਥੇ ਦਿਖਾ ਦਿਓ।

ਕਹਿੰਦੇ, ਉਹਨੇ ਨਾਂਹ-ਨਾਂਹ ਕਰਨੀ ਹੈ ਕਿਉਂਕਿ ਉਹ ਉਥੇ ਜਾ ਨਹੀਂ ਸਕਿਆ ਕਰਦੇ -

*ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥*

*ਅੰਗ - ੨੫੬*

ਉਹਨਾਂ ਨੂੰ ਅਕਾਲ ਪੁਰਖ ਦਾ ਹੁਕਮ ਹੈ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਧਰਮਰਾਜ ਨੂੰ ਸੁਣਾਇਆ ਕਿ ਜਿਥੇ ਹਰੀ ਦਾ ਜਸ ਹੁੰਦਾ ਹੋਵੇ, ਬੰਦਗੀ ਕਰਨ ਵਾਲੇ ਮਹਾਂਪੁਰਸ਼ ਦਾ ਨਿਵਾਸ ਹੋਵੇ, ਉਹਨਾਂ ਦੀ ਸੰਗਤ ਹੋਵੇ, ਉਥੇ ਜਮਦੂਤਾਂ ਨੂੰ ਕਿਹੈ ਕਿ ਤੁਸੀਂ ਜਾਣਾ ਨਹੀਂ, ਠਹਿਰ ਜਾਣੈ। ਓਨਾਂ ਕੰਮ ਠਹਿਰ ਕੇ ਕਰ ਲਿਓ। ਸੋ ਇਸੇ ਤਰ੍ਹਾਂ ਹੋਇਆ।

ਗੁਰਸਿੱਖ ਵਾਪਸ ਚਲਿਆ ਗਿਆ ਤੇ ਉਥੇ ਜਾ ਕੇ ਗੁਰਸਿੱਖ ਨੇ ਵੀ ਸਰੀਰ ਛੱਡ ਦਿਤਾ ਕਿਉਂਕਿ ਉਹਨਾਂ ਦਾ ਵੀ ਅੰਤ ਸਮਾਂ ਇਕ-ਦੋ ਦਿਨ ਬਾਅਦ ਹੀ ਆ ਜਾਣਾ ਸੀ। ਇਹ ਸੇਠ ਜਿਸ ਤਰ੍ਹਾਂ ਦਸਿਆ ਸੀ, ਉਸੇ ਤਰ੍ਹਾਂ ਧਰਮਰਾਜ ਦੀ ਦਰਗਾਹ ਵਿਚ -

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥*

*ਅੰਗ- ੫੨੦*

ਕੂਕਾਂ ਮਾਰਦਾ ਜਾਂਦਾ ਹੈ। ਬਹੁਤੀ ਮਾਰ ਹੁੰਦੀ ਹੈ ਉਥੇ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*

*ਅੰਗ - ੧੨੮੧*

ਮੰਨਣਾ ਨਾ ਮੰਨਣਾ ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ। ਜੇ ਕਬੂਤਰ ਬਿੱਲੀ ਨੂੰ ਦੇਖ ਕੇ ਅੱਖਾਂ ਮੀਚ ਲਵੇ, ਬਿੱਲੀ 'ਤੇ ਕੋਈ ਅਸਰ ਨਹੀਂ ਪੈਂਦਾ, ਉਹਨੇ ਤਾਂ ਆ ਹੀ ਜਾਣੈ। ਇਹ ਸੱਚ ਦੀਆਂ ਗੱਲਾਂ ਸੁਣ ਕੇ ਕੋਈ ਹਿਰਦੇ ਦੇ ਨੇਤਰ ਬੰਦ ਕਰ ਲਵੇ। ਇਹ ਤਾਂ ਹੋਣਾ ਹੀ ਹੋਣਾ ਹੈ, ਇਸੇ ਤਰ੍ਹਾਂ ਨਾਲ ਹੋਣਾ ਹੈ, ਹੋਰ ਕੋਈ ਤਰੀਕਾ ਨਹੀਂ ਹੈ।

ਸੋ ਇਹ ਸੇਠ ਜਦੋਂ ਦਰਗਾਹ ਵਿਚ ਪਹੁੰਚਦਾ ਹੈ ਤਾਂ ਚਿਤ੍ਰਗੁਪਤਾਂ ਨੂੰ ਪੁੱਛਿਆ, ਚਿਤ੍ਰਗੁਪਤ ਕਹਿੰਦੇ ਨੇ ਗੁਪਤ ਫੋਟੋਗ੍ਰਾਫਰ। ਉਹ ਕਹਿਣ ਲੱਗੇ, ਮਹਾਰਾਜ ਆਹ ਤਾਂ ਖਾਲੀ ਪਈ ਹੈ, ਚਿੱਟੀ ਕਾਪੀ। ਇਹਦੇ 'ਚ ਸਿਰਫ ਦੋ ਘੜੀਆਂ ਦਾ ਇਕ ਮਹਾਂਪੁਰਸ਼ਾਂ ਦੇ ਨਾਲ ਸਤਿਸੰਗ ਕੀਤਾ ਹੈ। ਉਹ ਬਚਨ ਕਰਦੇ ਰਹੇ ਨੇ, ਇਹ ਹਾਂ-ਹਾਂ ਕਰਦਾ ਰਿਹੈ। ਬਾਕੀ ਆਹ ਸਾਰੇ ਕਾਲੇ ਕਿਰਦਾਰ ਦੇ ਸਫੇ ਭਰੇ ਪਏ ਨੇ -

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥*

*ਅੰਗ- ੧੩੭੮*

ਜੇ ਕਹਿੰਦੇ, ਸਿਆਣਾ ਹੈਂ ਤਾਂ ਕਾਲੇ ਲੇਖ ਨਾ ਲਿਖ। ਬਚ ਜਾਹ, ਕਾਲੇ ਲੇਖ ਲਿਖਣ ਤੋਂ। ਨਾ ਨਿੰਦਿਆ ਕਰ, ਨਾ ਚੁਗਲੀਆਂ ਕਰ। ਨਾ ਕਿਸੇ ਨਾਲ ਈਰਖਾ ਕਰ, ਨਾ ਕਿਸੇ ਨਾਲ ਛਲ ਕਰ। ਧੋਖਾ ਨਾ ਦੇਹ ਕਿਸੇ ਨੂੰ, ਵਿਸ਼ਵਾਸ਼ ਘਾਤ ਨਾ ਕਰੋ। ਹੱਤਿਆ ਨਾ ਕਰ। ਇਹ ਗੱਲਾਂ ਦਾ ਲੇਖਾ ਦੇਣਾ ਪੈ ਜਾਣੈ। ਸੋ ਕਹਿਣ ਲੱਗੇ ਕਿ ਇਹਨੂੰ ਕੁੰਭੀ ਨਰਕ ਵਿਚ ਸੁੱਟ ਦਿਓ ਪਰ ਇਹਨੇ ਜੋ ਸਤਿਸੰਗ ਕੀਤਾ ਹੈ ਉਹਦਾ ਫਲ ਇਹਨੂੰ ਪੁੱਛ ਲਈਏ ਕਿ ਪਹਿਲਾਂ ਲੈਣਾ ਹੈ ਕਿ ਬਾਅਦ 'ਚ? ਇਹਦਾ ਸਿਰਫ ਢਾਈ ਘੜੀ ਫਲ ਬਣਦਾ ਹੈ। ਇਥੇ ਦੀ ਢਾਈ ਘੜੀ ਨਾਲੋਂ ਜੋ ਦਰਗਾਹ ਦੀ ਢਾਈ ਘੜੀ ਹੈ, ਉਹ ਲੱਖਾਂ ਗੁਣਾਂ ਵੱਡੀ ਹੁੰਦੀ ਹੈ। ਇਥੇ ਦੇ ਦਿਨ ਨਾਲੋਂ ਉਥੇ ਦਾ ਦਿਨ ਵੱਡਾ ਹੁੰਦਾ ਹੈ। ਸਾਲਾਂ ਬੱਧੀ ਵੱਡਾ ਹੋਇਆ ਕਰਦੈ। ਸੋ ਜਦੋਂ ਇਹ ਬਾਤ ਕਹੀ ਉਹਦੀ ਜਾਨ 'ਚ ਜਾਨ ਆਈ। ਕੰਬਦੇ-ਕੰਬਦੇ ਨੇ ਕਿਹਾ ਕਿ ਮਹਾਰਾਜ ਸਤਿਸੰਗ ਦਾ ਫਲ ਮੈਨੂੰ ਪਹਿਲਾਂ ਦੇ ਦਿਓ। ਕਹਿੰਦੇ, ਕੀ ਚਾਹੁੰਦਾ ਹੈਂ? ਜਾਓ ਬਈ ਇਹਨੂੰ ਸਵਰਗ ਦੇ ਵਿਚ ਢਾਈ ਘੜੀ ਦਾ ਨਜ਼ਾਰਾ ਦਿਖਾ ਦਿਓ। ਕਹਿੰਦਾ, ਮੈਂ ਸਵਰਗ ਵਿਚ ਨਹੀਂ ਜਾਣਾ ਮਹਾਰਾਜ। ਸਮਾਂ ਬੇਸ਼ੱਕ ਘਟਾ ਦਿਓ ਪਰ ਮੈਨੂੰ ਉਥੇ ਭੇਜ ਦਿਓ ਜਿਥੇ ਸੰਤ ਮੰਡਲ ਹੈ। ਉਹ ਕਚਹਿਰੀਆਂ ਆਪਣੇ ਵਰਗੀਆਂ ਤਾਂ ਹੈ ਨਹੀਂ -

*ਓਥੈ ਸਚੇ ਹੀ ਸਚਿ ਨਿਬੜੈ*
*ਚੁਣਿ ਵਖਿ ਕਢੇ ਜਜਮਾਲਿਆ ॥* *ਅੰਗ - ੪੬੩*

ਉਥੇ ਸੱਚ ਦਾ ਨਿਤਾਰਾ ਹੁੰਦੈ। ਕੋਈ ਗੱਲ ਗਲਤ ਨਹੀਂ ਹੁੰਦੀ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*

*ਅੰਗ - ੩੮*

ਸੋ ਕਹਿਣ ਲੱਗਿਆ ਕਿ ਠੀਕ ਹੈ, ਜੋ ਕੁਛ ਇਹ ਕਹਿੰਦਾ ਹੈ, ਛੱਡ ਆਓ ਇਹਨੂੰ ਉਥੇ। ਜਮਦੂਤ

ਛੱਡ ਕੇ ਜਾਂਦੇ ਨੇ ਕਹਿੰਦੇ, ਲੈ ਪ੍ਰੇਮੀਆਂ! ਔਹ ਜਿਹੜਾ ਮੰਡਲ ਹੈ ਉਹ ਸੰਤ ਮੰਡਲ ਹੈ। ਅਸੀਂ ਤੈਨੂੰ ਅਜ਼ਾਦ ਕਰਦੇ ਹਾਂ, ਉਥੇ ਪਹੁੰਚ ਜਾਹ। ਦੇਖ ਅਸੀਂ ਇਥੇ ਖੜ੍ਹੇ ਹਾਂ, ਢਾਈ ਘੜੀ ਦਾ ਹੈ ਸਾਰਾ ਹੀ। ਜਦੋਂ ਅਸੀਂ ਇਸ਼ਾਰਾ ਕਰਿਆ, ਤੂੰ ਵਾਪਸ ਆ ਜਾਈਂ। ਉਥੇ ਪਹੁੰਚ ਗਿਆ। ਉਥੇ ਓਹੀ ਗੁਰਸਿੱਖ ਵੀ ਗਏ ਹੋਏ ਨੇ। ਕਹਿੰਦੇ, ਆ ਗਿਆ ਸੇਠ? ਕਹਿੰਦਾ ਹਾਂ ਜੀ, ਬਹੁਤ ਬੁਰੀ ਹੋਈ। ਜਿਵੇਂ ਕਿਹਾ ਸੀ ਓਵੇਂ ਹੀ ਹੋਈ।

ਕਹਿੰਦੇ, ਫੇਰ ਸੰਸਾਰ ਤਾਂ ਨਹੀਂ ਨਾ ਇਨ੍ਹਾਂ ਗੱਲਾਂ ਨੂੰ ਮੰਨਦਾ। ਜੇ ਮੰਨਦਾ ਹੋਵੇ ਤਾਂ ਸੰਸਾਰ 'ਚ ਪਾਪ ਕਿਉਂ ਹੋਣ। ਪਾਪ ਵੀ ਰੱਬ ਨੂੰ ਧੋਖਾ ਦੇਣ ਵਾਲੇ। ਇਕ ਪਾਸੇ ਰਿਸ਼ਵਤ ਲੈ ਲੈਣੀ, ਇਕ ਪਾਸੇ ਜਾ ਕੇ ਅਖੰਡਪਾਠ ਕਰਾ ਦੇਣਾ। ਇਹ ਧੋਖਾ ਨਹੀਂ ਤਾਂ ਹੋਰ ਕੀ ਹੈ। ਇਕ ਪਾਸੇ ਸਮਗਲਿੰਗ ਕਰ ਲੈਣੀ। ਚੋਰੀ ਕਰ ਲੈਣੀ। ਪੈਸੇ ਤਾਂ ਬਹੁਤ ਆਏ ਨੇ। ਦੂਜੇ ਪਾਸੇ ਜਾ ਕੇ ਨੇਕ ਕੰਮ ਕਰਨੇ ਸ਼ੁਰੂ ਕਰ ਦੇਣੇ। ਮਹਾਰਾਜ ਨੇ ਨਹੀਂ ਪ੍ਰਵਾਨ ਕਰਿਆ। ਮਹਾਰਾਜ ਕਹਿੰਦੇ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ – ੧੩੪*

ਇਹਦਾ ਫਲ ਤਾਂ ਤੈਨੂੰ ਓਹੀ ਮਿਲੇਗਾ ਜੋ ਤੂੰ ਬੀਜਦੈਂ –

*ਧਾਰਨਾ – ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,*
*ਕਿੱਕਰਾਂ ਦੇ ਬੀਜ ਬੀਜ ਕੇ।*
*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ – ੧੩੭੯*

ਜੈਸਾ ਬੀਜਿਆ ਹੈ ਵੈਸਾ ਹੀ ਮਿਲਣਾ ਹੈ। ਦਰਗਾਹ ਨੂੰ ਧੋਖਾ ਨਹੀਂ ਦਿਤਾ ਜਾ ਸਕਦਾ ਕਿਉਂਕਿ ਉਥੇ ਸੱਚਾ ਨਿਆਂ ਹੁੰਦੈ।

ਸੋ ਇਸ ਤਰ੍ਹਾਂ ਦੇ ਨਾਲ ਸੇਠ ਨੂੰ ਉਥੇ ਭੇਜ ਦਿਤਾ ਗਿਆ। ਅੱਗੇ ਸੇਠ ਨੂੰ ਗੁਰਸਿੱਖ ਮਿਲ ਗਏ। ਕਹਿਣ ਲੱਗੇ, ਸੇਠ ਜੀ! ਕਿਵੇਂ ਹੋਇਆ? ਕਹਿਣ ਲੱਗਿਆ, ਓਵੇਂ ਹੀ ਹੋਇਆ, ਜਿਵੇਂ ਤੁਸੀਂ ਦਸਿਆ ਸੀ। ਮੈਂ ਤਾਂ ਸਭ ਗੱਲਾਂ ਝੂਠ ਮੰਨਦਾ ਸੀ। ਮੈਂ ਕਹਿੰਦਾ ਸੀ ਕਿ ਅਗਾਂਹਾਂ ਕੁਛ ਹੈ ਹੀ ਨਹੀਂ –

Eat drink and be merry for we shall have to die.

ਖਾਓ, ਪੀਓ, ਐਸ਼ ਕਰੋ ਆਖਿਰ ਮਰ ਜਾਣਾ ਹੈ। ਚਾਹੇ ਚੋਰੀ ਕਰੋ, ਚਾਹੇ ਕਿਸੇ ਤੋਂ ਖੋਹਵੋ, ਚਾਹੇ ਉਧਾਰ ਲਓ, ਆਪਣੀ ਵਾਸ਼ਨਾ ਪੂਰੀ ਕਰੋ। ਮੈਨੂੰ ਤਾਂ ਆਹੀ ਥਿਊਰੀ ਦਾ ਪਤਾ ਸੀ। ਜੇ ਮੈਨੂੰ ਪਤਾ ਹੁੰਦਾ, ਮੈਂ ਦਾਨ ਕਰਦਾ।

ਕਹਿੰਦੇ, ਹੁਣ ਤਾਂ ਜਿਹੜਾ ਹੋ ਗਿਆ, ਹੋ ਗਿਆ। ਹੁਣ ਇਥੇ ਮੌਜ ਕਰ ਤੂੰ। ਤੂੰ ਸਤਿਸੰਗ ਕਰੀ ਹੈ ਤੇਰਾ ਛੁਟਕਾਰਾ ਹੋ ਗਿਆ। ਸਤਿਸੰਗ ਦਾ ਫਲ ਬਹੁਤ ਵੱਡਾ ਹੈ।

ਕਹਿੰਦਾ, ਉਹ ਬਾਹਰ ਖੜ੍ਹੇ ਇਸ਼ਾਰੇ ਕਰਦੇ ਨੇ।

ਕਹਿੰਦੇ, ਇਸ਼ਾਰੇ ਕਰਦੇ ਨੇ ਕਰੀ ਜਾਣ ਦੇ, ਆਪੇ ਥੱਕ ਕੇ ਚਲੇ ਜਾਣਗੇ। ਜੇ ਉਨ੍ਹਾਂ ਦੀ ਇਥੇ ਆਉਣ ਦੀ ਪਹੁੰਚ ਹੁੰਦੀ ਤਾਂ ਤੈਨੂੰ ਫੜ ਕੇ ਨਾ ਲੈ ਜਾਂਦੇ ਇਥੋਂ? ਕਿਹੜਾ ਕੋਈ ਕੰਧ ਕਰੀ ਹੋਈ ਹੈ ਵਿਚਾਲੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਹੁਕਮ ਹੈ–

*ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥*
*ਅੰਗ– ੨੫੬*

ਸੋ ਇਹ ਨੇੜੇ ਨਹੀਂ ਆ ਸਕਦੇ। ਸਤਿਸੰਗ ਤਾਂ ਥੋੜ੍ਹਾ ਜਿਹਾ ਵੀ –

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ– ੧੩੭੭*

ਸੋ ਦੋਵੇਂ ਤਰ੍ਹਾਂ ਦੀ ਸੰਗਤ ਹੁੰਦੀ ਹੈ ਇਕ ਬਹਿਰੰਗ ਕਹਾਉਂਦੀ ਹੈ, ਇਕ ਅੰਤਰੰਗ ਕਹਾਉਂਦੀ ਹੈ। ਬਹਿਰੰਗ ਸੰਗਤ ਤੁਸੀਂ ਹੁਣ ਕਰ ਰਹੇ ਹੋਂ। ਅੰਤਰੰਗ ਜਦੋਂ ਇਹਨਾਂ ਗੱਲਾਂ ਨੂੰ ਹਿਰਦੇ 'ਚ ਵਿਚਾਰ ਕੇ ਹਿਰਦੇ 'ਚ ਧਾਰਨ ਕਰੋਂਗੇ, ਆਪਣੇ ਜੀਵਨ ਨੂੰ ਸੇਧ ਦੇਵੋਂਗੇ। ਉਸ ਵੇਲੇ ਅੰਤਰੰਗ ਸੰਗਤ ਹੋਇਆ ਕਰਦੀ ਹੈ। ਉਹਦਾ ਬਹੁਤ ਵੱਡਾ ਫਲ ਹੋਇਆ ਕਰਦੈ। ਸੋ ਇਸ ਤਰ੍ਹਾਂ ਦੇ ਨਾਲ ਆਪ ਸਾਰੇ ਕਈ ਦਿਨਾਂ ਤੋਂ ਸੰਗਤ ਵਿਚ ਜੁੜ ਰਹੇ ਹੋਂ। ਜੈਸਾ-ਜੈਸਾ ਕਿਸੇ ਨੂੰ ਸਮਾਂ ਮਿਲਦੈ, ਉਸੇ ਦੇ ਮੁਤਾਬਿਕ ਆਉਂਦੇ ਨੇ।

ਸੋ ਪਿਛਲੇ ਕਈ ਦਿਨਾਂ ਤੋਂ ਇਕ ਵਾਰਤਾ ਚਲੀ ਹੋਈ ਹੈ ਗੁਰਸਿੱਖ ਦਾ ਜੀਵਨ। ਉਹ ਇਹ ਹੈ ਕਿ ਦੁਆਬੇ ਦੇ ਅੰਦਰ, ਇਕ ਭਾਈ ਤੀਰਥਾ, ਗੁਰਸਿੱਖੀ ਦੇ ਅੰਦਰ ਜਿਸਦਾ ਨਾਉਂ ਭਾਈ ਮੰਝ ਕਰਕੇ ਆਉਂਦਾ ਹੈ। ਉਹ ਸਖੀ ਸਰਵਰ ਦਾ ਮੁਰੀਦ ਸੀ। ਰੂਹਾਨੀ ਬਾਤ ਤਾਂ ਉਥੇ ਕੋਈ ਨਹੀਂ ਸੀ ਹੁੰਦੀ, ਕੇਵਲ ਕਬਰਾਂ ਨੂੰ ਜਾ ਕੇ ਮੱਥਾ ਟੇਕ ਦੇਣਾ, ਨਾ ਕੋਈ ਜੀਵਨ 'ਚ ਪਰਿਵਰਤਨ, ਨਾ ਕੋਈ ਨੇਕੀ ਦੀ ਲੋੜ, ਨਾ ਕੋਈ ਨਰਕ ਨਾ ਕੋਈ ਸਵਰਗ। ਕੁਝ ਵੀ ਨਹੀਂ ਸੀ, ਇਕ

ਡਰ ਦੇ ਨਾਲ ਲੋਕ ਮੰਨਦੇ ਸੀ ਕਿ ਪੀਰ ਕਿਤੇ ਸਾਡਾ ਨੁਕਸਾਨ ਨਾ ਕਰ ਦੇਵੇ। ਵਹਿਮ ਪ੍ਰਸਤੀ ਸੀ। ਪਰ ਇਸ ਪ੍ਰੇਮੀ ਦੇ ਸੰਸਕਾਰ ਕੋਈ ਐਡੇ ਪ੍ਰਬਲ ਸੀ ਕਿ ਉਨ੍ਹਾਂ ਸੰਸਕਾਰਾਂ ਨੇ ਹੁਲਾਰਾ ਮਾਰਿਆ –

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥* *ਅੰਗ – ੨੦੪*

ਇਸ ਦੇ ਦੋ ਸਾਥੀ ਜੋ ਗੁਰਸਿੱਖ ਸੀ, ਇਸਨੂੰ ਗੁਰੂ ਪੰਜਵੇਂ ਪਾਤਸ਼ਾਹ ਦੀ ਸ਼ਰਨ ਵਿਚ ਲੈ ਆਏ। ਉਹਨਾਂ ਸਮੇਤ ਗੁਰੂ ਮਹਾਰਾਜ ਦੀ ਸੰਗਤ ਵਿਚ ਆ ਗਿਆ। ਜਦੋਂ ਮਹਾਰਾਜ ਜੀ ਦੇ ਬਚਨ ਸੁਣੇ, ਜੋ ਪਿਛਲੇ ਦੀਵਾਨਾਂ ਵਿਚ ਵਿਚਾਰ ਕੀਤੀ ਗਈ। ਉਹ ਸਹਿ ਨਾ ਸਕਿਆ। ਉਹ ਬਚਨ ਹਿਰਦੇ ਵਿਚ ਘਾਅ ਪਾ ਗਏ। ਛੇਕ ਕਰ ਗਏ। ਇਕ ਦਮ ਅੰਦਰ ਤਬਦੀਲੀ ਆ ਗਈ। ਵਿਚੇ ਬੈਠੇ-ਬੈਠੇ ਫੈਸਲਾ ਕਰ ਲਿਆ ਕਿ ਓ ਮਨਾ! ਆਹ ਤਾਂ ਜੀਵਨ ਹੀ ਮੈਂ ਬਰਬਾਦ ਕਰ ਲਿਆ। ਕਿੱਡੀ ਉਮਰ ਹੋ ਗਈ। ਨਾ ਮੈਨੂੰ ਪਹਿਲਾਂ ਪਰਲੋਕ ਦਾ ਪਤਾ ਕਿ ਪਰਲੋਕ ਵੀ ਹੈ। ਲੇਖਾ ਪੱਤਾ ਵੀ ਦੇਣੈ ਕਿਤੇ ਜਾ ਕੇ ਤੇ ਉਥੋਂ ਕਿਵੇਂ ਛੁਟ ਸਕਦੈ। ਨਾ ਮੈਨੂੰ ਇਹ ਪਤੈ, ਮਨੁੱਖ ਕਾਹਦੇ ਵਾਸਤੇ ਸੰਸਾਰ 'ਤੇ ਆਇਐ। ਕਿਉਂ ਸੰਸਾਰ 'ਚ ਅਸੀਂ ਪੈਦਾ ਕਰੇ ਹਾਂ। ਫੇਰ ਜੇ ਆਇਐ ਤਾਂ ਉਹ ਕੀ ਕੰਮ ਹੈ? ਜਿਹੜਾ ਕੰਮ ਹੈ ਨਾਮ ਦਾ ਉਹ ਕਿੱਥੋਂ ਮਿਲਦੈ? ਇਹ ਤਾਂ ਮੈਂ ਸਾਰੀਆਂ ਗੱਲਾਂ ਸੁਣ ਲਈਆਂ। ਦ੍ਰਿੜ੍ਹ ਇਰਾਦੇ ਵਾਲਾ ਸੀ, ਇਰਾਦਾ ਪੱਕਾ ਕਰ ਲਿਆ। ਸਾਡੇ ਅਰ (ਅਤੇ) ਉਨ੍ਹਾਂ 'ਚ ਇਹੀ ਫਰਕ ਹੈ। ਉਨ੍ਹਾਂ ਦੇ ਨਾਮ ਜੁਗਾਂ-ਜੁਗਾਤਰਾਂ ਤੋਂ ਕਿਉਂ ਚਲੇ ਆਉਂਦੇ ਨੇ। ਕਿਉਂਕਿ ਉਹ ਫੈਸਲਾ ਕਰ ਸਕਦੇ ਸੀ। ਅਸੀਂ ਫੈਸਲਾ ਨਹੀਂ ਕਰ ਸਕਦੇ। ਸੁਣਦੇ ਹਾਂ ਸਭ ਕੁਛ। ਓਹੀ ਬਚਨ, ਉਹੀ ਬਾਣੀ ਉਸ ਨੇ ਸੁਣੀ, ਓਹੀ ਬਚਨ ਓਹੀ ਬਾਣੀ ਅਸੀਂ ਸੁਣਦੇ ਹਾਂ। ਕਿੰਨਾ ਕੁ ਸਾਡੇ ਉਤੇ ਅਸਰ ਹੋਇਐ, ਵਾਹਿਗੁਰੂ ਜਾਣਦੈ। ਉਹਦੇ ਉਤੇ ਕਿੰਨਾ ਅਸਰ ਹੋਇਆ, ਉਹਦਾ ਜੀਵਨ ਦਸਦੈ। ਸੋ ਉਸ ਵੇਲੇ ਉਸ ਨੇ ਨਾਲਦਿਆਂ ਨੂੰ ਕਿਹਾ ਕਿ ਤੁਸੀਂ ਜਾਣਾ ਹੈ ਤਾਂ ਜਾਓ। ਮੈਂ ਤਾਂ ਨਹੀਂ ਹੁਣ ਜਾਣਾ। ਸੋ ਸੰਗ ਜਿਥੇ ਜਥਾ ਬੈਠਾ ਸੀ ਜਾਣ ਵਾਲਾ। ਉਥੇ ਆ ਗਿਆ, ਉਹ ਕਹਿੰਦਾ, ਲਓ ਜੀ ਆਹ ਜੈਕਟ ਵੀ ਫੜੋ, ਆਹ ਲੋਹਾ ਵੀ ਫੜੋ, ਇਹ ਜਾ ਕੇ ਸਖੀ ਸਰਵਰ ਨੂੰ ਮੋੜ ਦਿਓ। ਕਹੋ ਕਿ ਉਹ ਤਾਂ ਰਹਿ ਪਿਆ ਗੁਰਾਂ ਦੇ ਕੋਲ।

ਕਹਿੰਦੇ, ਸੁਣਦੀ ਤਾਂ ਸਾਰੀ ਦੁਨੀਆਂ ਹੈ ਭਾਈ ਤੀਰਥੇ। ਆਹ ਤੈਨੂੰ ਕੀ ਹੋ ਗਿਆ?

ਉਹ ਕਹਿੰਦਾ, ਮੈਨੂੰ ਨਹੀਂ ਪਤਾ ਕਿ ਦੁਨੀਆਂ ਨੂੰ ਸੁਣ ਕੇ ਕੁਛ ਹੁੰਦੈ ਕਿ ਨਹੀਂ ਹੁੰਦਾ ਜਾਂ ਇਸ ਤਰ੍ਹਾਂ ਸਮਝ ਲਓ ਕਿ ਜਿਥੇ ਫਾਇਰਿੰਗ ਹੋ ਰਹੀ ਸੀ, ਮੈਂ ਓਸ ਜਗ੍ਹਾਂ ਦਾ ਨਿਸ਼ਾਨਾ ਸੀ ਤੇ ਗੁਰੂ ਦੇ ਜਿੰਨੇ ਬਚਨ ਨੇ ਉਹ ਸਾਰੇ ਗੁਲਜ਼ਰੀ 'ਚ ਲੱਗੇ ਨੇ। ਮੇਰੇ ਹਿਰਦੇ 'ਚ ਲੱਗੇ ਨੇ ਤੇ ਮੇਰੇ ਵਿਚ ਤਾਂ ਹੁਣ ਬੋਲਣ ਦੀ ਵੀ ਤਾਅ ਨਹੀਂ ਰਹੀ। ਮੇਰਾ ਜੀਅ ਕਰਦੈ ਕਿ ਮੈਂ ਉੱਚੀ-ਉੱਚੀ ਰੋਵਾਂ ਕਿਉਂਕਿ ਮੇਰਾ ਸਾਰਾ ਜਨਮ ਬਰਬਾਦ ਹੋ ਗਿਆ। ਸੋ ਕਹਿਣ ਲੱਗਿਆ, ਹੁਣ ਨਹੀਂ ਮੈਂ ਜਾਂਦਾ। ਉਸ ਦੀ ਹਾਲਤ ਇਸ ਤਰ੍ਹਾਂ ਵਰਨਣ ਕਰਦੇ ਨੇ –

*ਧਾਰਨਾ – ਗੁਰਾਂ ਨੇ ਮੇਰੇ ਓ ਬਾਣ ਮਾਰਿਆ,*
*ਮੇਰੇ ਪੈ ਗਿਆ ਕਲੇਜੇ ਛੇਕ।*
*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥*
*ਅੰਗ – ੧੩੭੪*

ਕਹਿੰਦੇ, ਪ੍ਰੇਮੀਓ! ਸੁੱਤਾ ਪਿਆ ਸੀ ਮੈਂ, ਮੈਨੂੰ ਜਾਗ ਆ ਗਈ। ਮੇਰੇ ਤਾਂ ਹਿਰਦੇ ਵਿਚ ਘਾਅ ਹੋ ਗਿਆ। ਜ਼ਖਮ ਹੋ ਗਿਆ ਬਹੁਤ ਗਹਿਰਾ ਤੇ ਮੈਂ ਉਸ ਦੀ ਤਾਬ ਨਹੀਂ ਲਿਆ ਸਕਿਆ। ਜਾਓ ਤੁਸੀਂ ਆਪਣਾ ਕੰਮ ਕਰੋ, ਮੈਨੂੰ ਨਾ ਦੇਖੋ। ਕਹਿੰਦੇ, ਭਾਈ ਤੀਰਥੇ! ਅੱਗੇ ਵੀ ਕਈਆਂ ਨਾਲ ਇਸ ਤਰ੍ਹਾਂ ਹੋਈ ਹੈ। ਤੇਰਾ ਰਿਸ਼ਤੇਦਾਰ ਜਿਹੜਾ ਭਾਈ ਤਿਲਕੂ ਸੀ ਉਹ ਵੀ ਇਵੇਂ ਜਿਵੇਂ ਕਰਿਆ ਸੀ। ਜਦੋਂ ਇਨ੍ਹਾਂ ਕੋਲ ਆਇਆ, ਮੁੜ ਕੇ ਨਹੀਂ ਗਿਆ। ਸੋਚ ਲੈ ਤੂੰ। 30-40 ਪਿੰਡ ਨੇ ਸਾਡੇ ਤੇ ਸਾਰੇ ਅਸੀਂ ਸਖੀ ਸਰਵਰ ਨੂੰ ਮੰਨਣ ਵਾਲੇ ਹਾਂ। ਤੂੰ ਇਕੱਲਾ ਔਖਾ ਹੋ ਜਾਏਂਗਾ ਸਾਡੇ ਵਿਚ। ਇਹ ਗੱਲਾਂ ਸੋਚ ਲੈ। ਤੇਰੇ ਨਾਲ ਅਸੀਂ ਭਲੀ ਨਹੀਂ ਕਰਨੀ। ਉਹ ਕਹਿੰਦਾ, ਜੋ ਹੋਣਾ ਹੈ ਹੋ ਜਾਏ। ਹੁਣ ਨਹੀਂ ਮੈਨੂੰ ਕਿਸੇ ਚੀਜ਼ ਦੀ ਲੋੜ ਹੈਗੀ। ਮੈਂ ਜੋ ਕੁਝ ਸਮਝਣਾ ਸੀ ਸਮਝ ਲਿਆ। ਜਿਥੇ ਮੈਂ ਆਉਣਾ ਸੀ ਆ ਗਿਆ।

ਸੋ ਇਸ ਤਰ੍ਹਾਂ ਕਰਕੇ ਉਹਨਾਂ ਨੂੰ ਵਿਦਾ ਕਰਕੇ, ਇਹਨੂੰ ਕੋਸਦੇ ਹੋਏ ਸਾਰੇ ਚਲੇ ਗਏ। ਗੁਰੂ ਮਹਾਰਾਜ ਦੀ ਸ਼ਰਨ ਵਿਚ ਤਿੰਨ ਜਣੇ ਆ ਗਏ। ਦੋ ਨਾਲ ਲਿਆਇਆ। ਇੱਕ ਇਕੱਲਾ ਸੀ।

ਉਥੇ ਆ ਕੇ, ਗੁਰੂ ਮਹਾਰਾਜ ਦੇ ਦੀਵਾਨ ਦੀ ਸਮਾਪਤੀ ਹੋਈ ਤੇ ਗੁਰੂ ਮਹਾਰਾਜ ਸੰਗਤਾਂ ਨੂੰ ਮਿਲ ਰਹੇ ਨੇ। ਇਹ ਵੀ ਅੱਗੇ ਵਧਿਆ। ਗਲ ਵਿਚ ਪੱਲਾ ਪਾਇਆ। ਨੇਤਰਾਂ 'ਚੋਂ ਜਲ ਜਾਂਦੈ। ਉਸ ਵੇਲੇ ਬੜੇ

ਹੀ ਦਰਦ ਦੇ ਨਾਲ ਹਿਰਦੇ ਦੀ ਹੂਕ ਇਹਨਾਂ ਅੱਖਰਾਂ ਦੇ ਵਿਚ ਉਸ ਨੇ ਪ੍ਰਗਟ ਕੀਤੀ -

*ਧਾਰਨਾ - ਬਹੁਤੇ ਫੇਰ ਭਏ ਕ੍ਰਿਪਨ ਕੋ,*
*ਅਬ ਕਿਛ ਕ੍ਰਿਪਾ ਕੀਜੈ ਜੀ।*

*ਬਹੁਤੇ ਫੇਰ ਪਏ ਕਿਰਪਨ ਕਉ*
*ਅਬ ਕਿਛੁ ਕਿਰਪਾ ਕੀਜੈ ॥*
*ਹੋਹੁ ਦਇਆਲ ਦਰਸਨੁ ਦੇਹੁ ਅਪੁਨਾ*
*ਐਸੀ ਬਖਸ ਕਰੀਜੈ ॥ ਅੰਗ- ੬੬੬*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ਅੰਗ - ੧੭੬*

ਪਾਤਸ਼ਾਹ! ਆਪ ਦੇ ਹੀ ਸਤਿਸੰਗ 'ਚੋਂ ਮੈਂ ਸੁਣਿਆ ਹੈ ਕਿ ਸਰੀਰ ਦੋ ਚੀਜ਼ਾਂ ਦਾ ਬਣਿਆ ਹੋਇਆ ਹੈ। ਇਕ ਇਹਦੇ ਵਿਚ ਮਿੱਟੀ ਦਾ ਕਾਰਖਾਨਾ ਜਿਹਾ ਹੈ। ਜਿਹਨੂੰ ਦੇਹ ਕਹਿੰਦੇ ਨੇ। ਪਾਤਸ਼ਾਹ! ਇਕ ਇਹਦੇ ਵਿਚ ਅਸਲੀ ਚੀਜ਼ ਹੈ ਜਿਹਨੂੰ ਆਪ ਜੀ ਨੇ ਰੂਹ ਕਹਿ ਕੇ ਫੁਰਮਾਇਆ ਹੈ। ਇਹ ਜੀਵ ਆਤਮਾ ਬਣ ਗਿਆ ਆਹ ਮਿੱਟੀ ਨਾਲ ਰਲ ਕੇ ਤੇ ਇਹ ਕਰੋੜਾਂ ਜਨਮਾਂ ਦੇ ਅੰਦਰ ਘੁੰਮਦਾ ਫਿਰਦਾ ਹੈ। ਪਾਤਸ਼ਾਹ! ਸੋਝੀ ਨਹੀਂ ਸੀ, ਆਹ ਜਨਮ ਵੀ ਮੈਂ ਬਿਰਥਾ ਹੀ ਗੁਆ ਲਿਆ। ਹੁਣ ਕ੍ਰਿਪਾ ਕਰੋ, ਮੈਂ ਸਰਵਰੀਆ ਹਾਂ, ਅੱਜ ਤਕ ਮੈਂ ਆਪਣਾ ਜਨਮ ਬਿਰਥਾ ਗਵਾ ਲਿਆ, ਕਬਰਾਂ ਨੂੰ ਮੱਥੇ ਟੇਕ ਕੇ। ਮੈਨੂੰ ਨਹੀਂ ਸੀ ਸਾਰ ਕਿ ਕੋਈ ਸੰਸਾਰ ਨੂੰ ਰਚਣ ਵਾਲਾ ਵੀ ਹੈ। ਉਹ ਵੀ ਨਿਰਾ ਹੀ ਪਿਆਰ ਹੈ। ਪਾਤਸ਼ਾਹ! ਮੈਂ ਪਿੱਠ ਫੇਰ ਰੱਖੀ। ਕ੍ਰਿਪਾ ਕਰੋ ਮੇਰੀ ਬੇਨਤੀ ਹੈ। ਝੋਲੀ ਅੱਡ ਲਈ, ਪੱਲਾ ਚੁੱਕ ਲਿਆ। ਪਾ ਦਿਓ ਮਹਾਰਾਜ ਦਾਨ ਇਹਦੇ ਵਿਚ -

*ਧਾਰਨਾ - ਝੋਲੀ ਅੱਡ ਕੇ ਦੁਆਰੇ ਤੇਰੇ ਆ ਗਿਆ,*
*ਦਾਨ ਪਾ ਦੇ ਬੰਦਗੀ ਦਾ।*

ਪਾਤਸ਼ਾਹ! -

*ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ ॥*
*ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ*
*ਸਦਾ ਰਹਉ ਰੰਗਿ ਰਾਤਾ ॥ ੧ ॥*
*ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ॥*
*ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥*
*ਅੰਗ - ੬੬੬*

ਪਾਤਸ਼ਾਹ! ਕ੍ਰਿਪਾ ਕਰ। ਡੁੱਬਦਾ ਕੱਢਿਆ ਆਪ ਨੇ, ਰੁੜ੍ਹਿਆ ਜਾਂਦਾ ਸੀ। ਆਪ ਦੇ ਬਚਨਾਂ ਜਿਵੇਂ ਜਾਲ ਪਾ ਲਈਦੈ, ਇਵੇਂ ਰੁੜ੍ਹੇ ਜਾਂਦੇ ਨੂੰ ਕੱਢ ਲਿਆ। ਹੁਣ ਕ੍ਰਿਪਾ ਕਰੋ। ਜੋ ਆਪ ਨੇ ਸਤਿਸੰਗ ਦੇ ਅੰਦਰ ਸੋਝੀ ਦਿਤੀ ਹੈ ਕਿ ਸਭ ਤੋਂ ਸ੍ਰੇਸ਼ਟ ਨਾਮ ਹੈ ਤੇ ਇਹ ਸੋਝੀ ਦਿਤੀ ਹੈ ਕਿ ਇਹ ਜਨਮ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਹੀ ਹੋਇਆ ਹੈ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ- ੧੨*

ਬਾਕੀ ਜਿੰਨੇ ਕੰਮ ਕਰਦਾ ਹੈ ਆਦਮੀ ਉਹ ਕਿਸੇ ਲੇਖੇ 'ਚ ਨਹੀਂ ਹੈ। ਪਾਤਸ਼ਾਹ! ਮੇਰੇ ਹਿਰਦੇ ਵਿਚ ਬਹਿ ਗਈਆਂ ਸਾਰੀਆਂ ਚੀਜ਼ਾਂ ਤੇ ਮੈਂ ਮੰਗਤਾ ਬਣ ਕੇ ਖੜ੍ਹਾ ਹਾਂ।

ਮਹਾਰਾਜ ਜੀ ਨੇ ਦੇਖਿਆ, ਅੰਦਾਜ਼ਾ ਲਾਇਆ ਕਿ ਹੈ ਤਾਂ ਬੋਲ ਵਿਚ ਬਹੁਤ ਸੋਜ਼। ਦਰਦ ਹੈ, ਤਰਲਾ ਹੈ। ਜੇ ਕਿਤੇ ਅਸੀਂ ਇਹੋ ਜਿਹਾ ਤਰਲਾ ਲੈ ਲਈਏ, ਗੁਰੂ ਤਾਂ ਕੋਲ ਹੀ ਬੈਠਾ ਹੈ। ਤਰਲਾ ਨਹੀਂ ਸਾਡੇ ਹਿਰਦੇ 'ਚੋਂ ਉਠਦਾ। ਅੱਖਰ ਉਠਦੇ ਨੇ। ਜਦੋਂ ਵੀ ਤਰਲਾ ਉਠਦੈ, ਉਹ ਨੇਤਰਾਂ 'ਚੋਂ ਉਠਿਆ ਕਰਦੈ। ਨੇਤਰਾਂ 'ਚੋਂ ਪਤਾ ਲਗਦੈ ਕਿ ਇਹ ਤਰਲਾ ਲੈ ਰਿਹੈ। ਅੱਖਰਾਂ 'ਚ ਨਹੀਂ। ਅੱਖਰ ਕਿੰਨੇ ਹੀ ਵਧੀਆ ਤੋਂ ਵਧੀਆ ਕਹੀ ਜਾਓ। ਅਰਦਾਸ ਅੱਖਰਾਂ ਦੀ ਨਹੀਂ ਹੁੰਦੀ, ਅਰਦਾਸ ਵਲਵਲੇ ਦੀ ਹੁੰਦੀ ਹੈ।

ਇਕ ਵਾਰੀ ਮਹਾਰਾਜ ਜੀ ਬੈਠੇ ਨੇ ਦਭਲਾਨ, ਅਸੀਂ ਸਾਰੇ ਬੈਠੇ ਸੀ। ਪਟਿਆਲੇ ਤੋਂ ਵੀ ਬਹੁਤ ਸੰਗਤ ਗਈ ਹੋਈ ਸੀ। ਤਾਂ ਇਕ ਮਾਈ ਆ ਗਈ, ਤਿੰਨ ਨੂੰਹਾਂ ਨਾਲ ਨੇ ਉਹਦੇ। ਬਿਰਧ ਅਵਸਥਾ, ਅੱਠੀ ਮੀਲ ਪੈਦਲ ਚਲ ਕੇ ਉਥੇ ਪਹੁੰਚਦੀ ਹੈ। 4 ਵਜੇ ਸੀ, ਮਹਾਰਾਜ ਜੀ ਬਾਹਰ ਕੁਰਸੀ 'ਤੇ ਬੈਠੇ ਸੀ। ਡਿਊਟੀ ਸੀ ਮੇਰੀ ਤੇ ਉਸ ਵੇਲੇ ਮਹਾਰਾਜ ਜੀ ਦੇ ਬਿਲਕੁਲ ਕੋਲ ਬੈਠਾ ਸੀ। ਤਾਂ ਉਹ ਸਾਮ੍ਹਣੇ ਆ ਗਈ। ਤਿੰਨੋਂ ਨੂੰਹਾਂ ਉਹਦੇ ਪਿੱਛੇ ਨੇ ਤੇ ਬਾਰ-ਬਾਰ ਪਿੱਛੇ ਨੂੰ ਮੁੜ ਕੇ ਕਹੀ ਜਾਂਦੀ ਹੈ, ਆ ਜੋ, ਆ ਜੋ, ਮੇਰੇ ਪਿੱਛੇ ਤੁਰੀਆਂ ਆਓ। ਸੰਗੋ ਨਾ, ਮੇਰੇ ਪਿੱਛੇ ਤੁਰੀਆਂ ਆਓ। ਕਹਿੰਦੀ, ਏਧਰ ਆ ਜਾਓ, ਤੂੰ ਵੀ ਬਰਾਬਰ ਖੜ੍ਹ, ਤੂੰ ਵੀ ਖੜ੍ਹ। ਆਹ ਦੇਖ ਲਓ-ਆਹ ਦੇਖ ਲਓ।

ਉਥੇ ਇਕ ਪਟਿਆਲੇ ਦਾ ਪੜ੍ਹਿਆ ਲਿਖਿਆ ਬੰਦਾ ਬੈਠਾ ਸੀ। ਕਹਿੰਦਾ, ਦੇਖ ਲਓ ਨਹੀਂ ਕਹੀਦਾ ਹੁੰਦਾ। ਦਰਸ਼ਨ ਕਰ ਲਓ ਕਹੀਦਾ ਹੁੰਦੈ। ਆਹ ਕਰ ਲਓ ਦਰਸ਼ਨ।

ਮਹਾਰਾਜ ਕਹਿੰਦੇ, ਤੂੰ ਆਪਣੇ ਦਰਸ਼ਨ ਨੂੰ ਆਪਣੇ ਕੋਲ ਹੀ ਰੱਖ। ਇਹਦੇ ਦੇਖ ਲਓ 'ਚ ਜਿਹੜਾ ਪਿਆਰ ਹੈ, ਉਹ ਦਰਸ਼ਨ 'ਚ ਪਿਆਰ ਨਹੀਂ ਹੈ। ਮਹਾਰਾਜ ਚੁੱਪ ਕਰਕੇ ਬੈਠੇ ਮਾਤਾ ਵਲ ਦੇਖਦੇ ਰਹੇ, ਹੈਰਾਨ ਹੋ ਗਈ ਸਾਰੀ ਸੰਗਤ, ਤਿੰਨੋਂ ਨੂੰਹਾਂ ਆਲੇ-ਦੁਆਲੇ ਖੜ੍ਹੀਆਂ ਨੇ, ਆਪ ਵਿਚਾਲੇ ਖੜ੍ਹੀ ਹੈ। ਵਾਹ-ਵਾਹ ਕਰਦੀ ਹੈ। ਕਹਿੰਦੀ, ਜਿਹੋ ਜਿਹਾ ਸੁਣਿਆ ਸੀ, ਉਹੋ ਜਿਹਾ ਹੀ ਹੈ। ਨੀਂ ਦੇਖ ਲਓ ਚੰਗੀ ਤਰ੍ਹਾਂ ਨਾਲ। ਕਹਿਣ ਲੱਗੀ, ਜੀਅ ਭਰ ਕੇ ਦੇਖ ਲਓ। ਮਹਾਰਾਜ ਚੁੱਪ ਕਰੇ ਬੈਠੇ ਨੇ। ਕੋਈ ਗੱਲ ਨਾ ਕਹਿਣ ਉਸ ਨੂੰ। ਸੰਗਤ ਪਿੱਛੇ ਮੱਥਾ ਟੇਕਣ ਵਾਲੀ ਖੜ੍ਹੀ। ਉਸ ਤੋਂ ਬਾਅਦ ਉਹਨੇ ਨਮਸ਼ਕਾਰ ਕਰੀ। ਕਹਿੰਦੀ, ਮਹਾਰਾਜ! ਅੱਜ ਮੈਂ ਤਾਲਾ ਲਾ ਕੇ ਆਈ ਹਾਂ, ਸੁਣਿਆ ਸੀਗਾ ਤੇਰੇ ਬਾਰੇ, ਅੱਖਾਂ ਨਾਲ ਨਹੀਂ ਸੀ ਦੇਖਿਆ, ਅੱਜ ਅੱਖਾਂ ਨਾਲ ਦੇਖ ਲਿਆ-

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥ ਅੰਗ - ੯੫੭*

ਮਨ ਭਰ ਗਿਆ ਮੇਰਾ, ਅਨੰਦ ਆ ਗਿਆ। ਮੈਂ ਦਸ ਨਹੀਂ ਸਕਦੀ। ਮਹਾਰਾਜ ਕਹਿਣ ਲੱਗੇ, ਮਾਤਾ! ਇਧਰ ਬਹਿ ਜਾਓ, ਚਾਰੋ ਜਣੀਆਂ।

ਮਹਾਰਾਜ ਨੇ ਫੇਰ ਬਚਨ ਇਸੇ ਗੱਲ 'ਤੇ ਚਲਾ ਲਏ। ਕਹਿੰਦੇ, ਭਾਈ ਦੇਖੋ, ਪਿਆਰ ਦੀ ਖੇਡ ਹੋਇਆ ਕਰਦੀ ਹੈ। ਹਿਰਦੇ ਦਾ ਜਿਹੜਾ ਪਿਆਰ ਹੈ ਅੱਖਰ ਉਹਦੀ ਸ਼ਕਲ ਨਹੀਂ ਧਾਰਿਆ ਕਰਦੇ। ਅੱਖਰਾਂ ਦੇ ਵਿਚ ਬਨਾਵਟ ਹੁੰਦੀ ਹੈ, ਜਿਹੜਾ ਕੁਦਰਤੀ ਬੋਲ ਨਿਕਲਦੈ ਹਿਰਦੇ ਤੋਂ, ਉਹ ਕੁਛ ਨਾ ਕੁਛ ਪ੍ਰਗਟ ਕਰਦੈ, ਅੰਦਰਲੇ ਦੀ ਫੇਰ। ਸੋ ਇਸ ਤਰ੍ਹਾਂ ਪਿਆਰ ਦੀ ਬੇਨਤੀ ਜਦੋਂ ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਸੁਣੀ। ਧਿਆਨ ਦਿਤਾ ਕਿ ਗੁਰਮੁਖ ਸੱਚਮੁੱਚ ਆਪਣੀ ਬੀਤ ਗਈ ਅਵਸਥਾ 'ਤੇ ਅਫਸੋਸ ਕਰਦੈ। ਜਿਹੜੀ ਬੀਤ ਗਈ, ਉਹ ਬੀਤ ਗਈ। ਉਹਦਾ ਅਫਸੋਸ ਕਰਦੈ। ਸਿੱਖੀ ਧਾਰਨ ਨੂੰ ਕਹਿੰਦੈ, ਨਾਲ ਇਹ ਕਹਿੰਦੈ ਕਿ ਸਾਡਾ ਸਾਰਾ ਇਲਾਕਾ ਸਰਵਰੀਆਂ ਦਾ ਹੈ ਪਾਤਸ਼ਾਹ। ਮੈਂ ਵੀ ਉਸ ਰੋੜ੍ਹ 'ਚ ਰੁੜ੍ਹਿਆ ਰਿਹਾ ਹਾਂ। ਰੋੜ੍ਹ 'ਚ ਹੀ ਨਹੀਂ ਰੁੜ੍ਹਿਆ, ਮੈਂ ਮੁੱਖੀ ਸੀ ਉਸ ਦਾ, ਸੰਗ ਲੈ ਕੇ ਜਾਂਦਾ ਹੁੰਦਾ। ਬੜੀ ਵਾਰੀ ਇਥੋਂ ਆਪ ਦੇ ਚਰਨਾਂ ਕੋਲੋਂ ਦੀ ਲੰਘਿਆ, ਪਰ ਕੋਈ ਹੁਣ ਸੁੱਤੇ ਹੋਏ ਭਾਗ ਮੇਰੇ ਜਾਗੇ ਨੇ। ਆਪ ਦੇ ਦਰਸ਼ਨ ਹੋਏ ਨੇ, ਹੁਣ ਕ੍ਰਿਪਾ ਕਰੋ ਮੇਰੇ ਉਤੇ ਤੇ ਮੈਨੂੰ ਕਿਸੇ ਰਸਤੇ ਲਾਓ। ਬੜੀ ਦੇਰ ਹੋ ਗਈ ਮੈਨੂੰ, ਆਹ ਜਨਮਾਂ ਦੇ ਵਿਚ ਘੁੰਮਦੇ ਨੂੰ। ਹੁਣ ਤਾਂ ਮੇਰੀ ਇੱਕੋ ਹੀ ਬੇਨਤੀ ਹੈ -

*ਧਾਰਨਾ - ਜੀ ਮੈਂ ਬਹੁੜ ਜਨਮ ਨਾ ਆਵਾਂ*
*ਇਹੋ ਮੇਰੀ ਬੇਨਤੀ ਗੁਰਾਂ।*

ਪਾਤਸ਼ਾਹ! ਕ੍ਰਿਪਾ ਕਰੋ ਭਵਜਲ ਫੇਰਿਆਂ ਤੋਂ ਰੱਖ ਲਓ। ਸ਼ਰਨ ਆ ਗਿਆ ਤੇਰੀ, ਤੂੰ ਦਿਆਲੂ ਹੈਂ, ਕ੍ਰਿਪਾਲੂ ਹੈਂ। ਝੋਲੀ 'ਚ ਖੈਰ ਪਾ ਦੇ।

ਮਹਾਰਾਜ ਕਹਿਣ ਲੱਗੇ, ਕੀ ਨਾਉਂ ਹੈ ਤੇਰਾ?

ਪਾਤਸ਼ਾਹ! ਮੈਨੂੰ ਤੀਰਥਾ ਕਹਿੰਦੇ ਨੇ, ਮੰਝ ਮੇਰਾ ਗੋਤ ਹੈ। ਮੰਝ ਰਾਜਪੂਤ ਦੇ ਵਿਚੋਂ ਹੋਇਆਂ। ਕਹਿੰਦੇ, ਅੱਛਾ, ਭਾਈ ਮੰਝ! ਤੈਨੂੰ ਪਤੈ ਤੂੰ ਕਿਧਰਲੇ ਪਾਸੇ ਪੈਰ ਧਰਨ ਲੱਗਿਐਂ। ਪਤੈ ਤੈਨੂੰ ਕਿੰਨੀਆਂ ਤਕਲੀਫਾਂ ਆਉਣੀਆਂ ਨੇ। ਤੇਰੇ ਭਾਈਚਾਰੇ ਨੇ ਤੈਨੂੰ ਕਿੰਨਾ ਤੰਗ ਕਰਨੈ। ਜਦੋਂ ਵੀ ਗੁਰਸਿੱਖ ਸਰਵਰੀਆਂ ਦੇ ਪਿੰਡ ਵਿਚ ਹੋਇਐ, ਉਹ ਬਹੁਤ ਤੰਗ ਹੋਇਐ ਤੇ ਉਹਦੀਆਂ ਫਰਿਆਦਾਂ ਸਾਡੇ ਕੋਲ ਆਉਂਦੀਆਂ ਨੇ। ਇਹ ਤੂੰ ਸੁਖਾਲੀ ਜਿਹੀ ਚੀਜ਼ ਨਹੀਂ ਮੰਗੀ ਹੈ। ਇਹ ਬਹੁਤ ਔਖੀ ਚੀਜ਼ ਮੰਗ ਲਈ, ਜਿਹਨੂੰ ਤੂੰ ਸਿੱਖੀ ਕਹਿੰਦੈ, ਸਿੱਖੀ ਦਾ ਦਾਨ ਦੇ ਦਿਓ ਮੈਨੂੰ। ਔਖੀ ਚੀਜ਼ ਹੈ। ਪਹਿਲਾਂ ਵਿਚਾਰ ਕੇ ਦੇਖ ਲੈ। ਵਿਚਾਰ ਲੈ ਇਸ ਗੱਲ ਨੂੰ ਕਿ ਤੇਰਾ ਘਰ ਬਾਰ ਸਭ ਖੋਹ ਲੈਣੈ ਉਹਨਾਂ ਨੇ। ਚੌਧਰ ਖੋਹ ਲੈਣੀ ਹੈ, ਜ਼ਮੀਨ ਜਾਇਦਾਦ, ਪਸ਼ੂ ਖੋਹ ਲੈਣੇ ਨੇ। ਫੇਰ ਇਹ ਚੀਜ਼ ਵਿਚਾਰ ਲੈ। ਸਿੱਖੀ ਕੋਈ ਐਨੀ ਸੁਖਾਲੀ ਚੀਜ਼ ਨਹੀਂ, ਜਿਹੜੀ ਤੂੰ ਗ੍ਰਹਿਣ ਕਰਨ ਲੱਗਿਐਂ। ਇਹ ਨਾਉਂ ਲੈਣਾ ਹੀ ਸੁਖਾਲਾ ਹੈ, ਇਹ positive ਧਰਮ ਹੈ। ਇਹ ਐਵੇਂ ਨਹੀਂ ਹੈ, 'ਕੰਨਾ ਬਾਟੀ ਕੁਰ ਮੈਂ ਤੇਰਾ ਚੇਲਾ ਤੂੰ ਮੇਰਾ ਗੁਰ।' ਇਹਦੇ 'ਚ ਜੀਵਨ ਬਣਾਉਣਾ ਪੈਂਦੈ। ਇਹਦੇ 'ਚ ਰਹਿਤਾਂ ਨੇ ਗੁਰੂ ਦੀਆਂ, ਉਪਰ ਨੂੰ ਚੜ੍ਹਨ ਦੀਆਂ। ਸਾਰੀ ਜ਼ਿੰਦਗੀ ਚੜ੍ਹਾਈ ਦੀ ਹੈ। ਉਤਰਾਈ ਦਾ ਕਿਤੇ ਵੀ ਕੋਈ ਅੱਡਾ ਨਹੀਂ ਆਉਂਦਾ। ਪੈਰ ਤਿਲਕਦੇ ਨੇ, ਗੋਡੇ ਫੁਟਦੇ ਨੇ, ਫੇਰ ਖੜ੍ਹੇ ਹੋ ਕੇ ਤੁਰਨਾ ਹੈ। ਫੇਰ ਤਿਲਕਨੈ, ਫੇਰ ਤੁਰਨੈ। ਸਾਰੀ ਜ਼ਿੰਦਗੀ ਤੁਰਨਾ ਹੀ ਤੁਰਨਾ ਹੈ ਪ੍ਰੇਮੀਆਂ। ਦੇਖ ਲੈ, ਇਹ ਕੋਈ ਸੁਖਾਲੀ ਚੀਜ਼ ਨਹੀਂ ਹੈ -

*ਧਾਰਨਾ - ਜਿਉਂਦੇ ਮਰ ਜਾਵਣਾ,*
*ਸਿੱਖੀ ਕਮਾਉਣੀ ਔਖੀ।*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ- ੧੧੦੨*

*ਗੁਰ ਸਿਖੀ ਬਾਰੀਕ ਹੈ ਸਿਲ ਚਟਣ ਫਿਕੀ।*
*ਤਿਖੀ ਖੰਡੇ ਧਾਰ ਹੈ ਉਹੁ ਵਾਲਹੁਂ ਨਿਕੀ।*
*ਭੂਤ ਭਵਿਖ ਨ ਵਰਤਮਾਨ ਸਰਿ ਮਿਕਣਿ ਮਿਕੀ।*
*ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।*
*ਦੂਆ ਤੀਆ ਵੀਸਰੈ ਸਣ ਕਕਾ ਕਿਕੀ।*
*ਸਭੈ ਸਿਕਾਂ ਪਰਹਰੈ ਸੁਖੁ ਇਕਤੁ ਸਿਕੀ।*

*ਭਾਈ ਗੁਰਦਾਸ ਜੀ, ਵਾਰ ੯/੨*

ਪ੍ਰੇਮੀਆਂ! ਮੰਗ ਕਰ ਲਈ ਤੂੰ ਸਿੱਖੀ ਦੀ। ਇਹ ਤਾਂ ਸਾਰਾ ਜੀਵਨ ਹੀ ਬਦਲ ਜਾਣਾ ਹੈ। ਬੜੀ ਔਖੀ ਹੈ। ਮੋਟੇ ਸ਼ਬਦਾਂ 'ਚ ਹੈ ਕਿ – ***'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥'*** ਸੰਸਾਰ ਵਲੋਂ ਮਰਨਾ ਕਬੂਲ ਕਰ ਲੈ ਕਿਉਂਕਿ ਸੰਸਾਰ ego 'ਚ ਜਿਉਂਦੈ, ਹਉਮੈ 'ਚ ਜਿਉਂਦੈ। ਸਿੱਖ ਦੇ ਅੰਦਰ ਹਉਮੈ ਨਹੀਂ ਹੋਣੀ, ਉਹਨੇ ਨਿਮਰਤਾ 'ਚ ਜਿਉਣੈ। ਇਹ ਬਹੁਤ ਔਖੀ ਹੈ – ***'ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥'*** ਸਾਰਿਆਂ ਨਾਲੋਂ ਮਾੜਾ ਮੰਨ ਲਏਂਗਾ ਆਪਣੇ ਆਪ ਨੂੰ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*

*ਅੰਗ – ੧੩੬੪*

ਅਸੀਂ ਤਾਂ ਕਹਿੰਦੇ ਹਾਂ ਕਿ ਮਾੜਾ ਸਾਨੂੰ ਕੋਈ ਕਹੇ ਹੀ ਨਾ। ਅਸੀਂ ਸਭ ਨਾਲੋਂ ਚੰਗੇ ਹਾਂ। ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਇਹ ਤੂੰ ਪਹਿਲਾਂ ਸੋਚ ਲੈ। ਆਹ ਜਿਹੜੀ ਮੈਂ ਹੈ ਨਾ ਕਿ ਮੈਂ ਚੌਧਰੀ ਹਾਂ, ਇਹ ਮਾਰਨਾ ਪੈਣੈ ਤੈਨੂੰ ਸਾਰਾ। ਕੋਈ ਕੁਛ ਕਹੀ ਜਾਵੇ, ਕੋਈ ਚੰਗਾ ਕਹੀ ਜਾਵੇ, ਕੋਈ ਮੰਦਾ ਕਹੀ ਜਾਏ –

*ਕੋਈ ਭਲਾ ਕਹਉ ਭਾਵੈ ਬੁਰਾ ਕਹਉ*
*ਹਮ ਤਨੁ ਦੀਓ ਹੈ ਢਾਰਿ ॥* *ਅੰਗ- ੫੨੮*

ਆਹ ਗੱਲ ਦੀ ਪ੍ਰਵਾਹ ਨਹੀਂ ਕਰਨੀ ਪੈਂਦੀ। ਸੋ ਇਸ ਤਰ੍ਹਾਂ – ***'ਗੁਰ ਸਿਖੀ ਬਾਰੀਕ ਹੈ ਸਿਲ ਚਟਣ ਫਿਕੀ।'*** ਇਹ ਕੋਈ ਲਾਰੇ ਨਹੀਂ ਹਨ ਕਿ ਸਿੱਖ ਹੋ ਕੇ ਤੈਨੂੰ ਆਹ ਮਿਲ ਜਾਏਗਾ, ਆਹ ਮਿਲ ਜਾਏਗਾ। ਨਾ, ਇਹ ਤਾਂ ਫਿੱਕੀ ਸਿੱਲ ਚੱਟਣੀ ਪੈਣੀ ਹੈ। ਬੰਦਗੀ ਕਰਨੀ ਪੈਣੀ ਹੈ, ਪਹਿਲਾਂ ਰਸ ਨਹੀਂ ਆਉਂਦਾ। ਦੁਨੀਆਂ ਤੋਂ ਉਲਟ ਜੀਵਨ ਬਤੀਤ ਕਰਨਾ ਪੈਂਦੈ। ਦੁਨੀਆਂ ਆਪਣੇ ਵਾਸਤੇ ਜਿਉਂਦੀ ਹੈ ਤੇ ਗੁਰਸਿੱਖੀ ਵਾਲੇ ਨੇ ਸੰਸਾਰ ਵਾਸਤੇ ਜਿਉਣਾ ਹੈ। ਆਪਣੇ ਵਾਸਤੇ ਤਾਂ ਜਿਉਣਾ ਹੀ ਨਹੀਂ ਹੈ। ਸਾਰਿਆਂ ਦੇ ਵਾਸਤੇ ਜਿਉਣਾ ਹੈ। ਪ੍ਰਮੇਸ਼ਰ ਦੀ ਬਣਾਈ ਹੋਈ ਸਾਰੀ ਰਚਨਾ ਚਾਹੇ ਉਹ ਜਾਨਵਰ ਨੇ, ਚਾਹੇ ਉਹ ਮਨੁੱਖ ਨੇ, ਚਾਹੇ ਦਰਖ਼ਤ ਹੈ, ਚਾਹੇ ਕੋਈ ਹੋਰ ਚੀਜ਼ ਹੈ। ਦੇਖ ਲੈ, ਇਹ ਜੀਵਨ ਤੇਰਾ ਨਹੀਂ ਰਹਿਣਾ। ਇਹ ਸਾਰਿਆਂ ਦਾ ਸਾਂਝਾ ਬਣ ਜਾਣੈ – 'ਤਿਖੀ ਖੰਡੇ ਧਾਰ ਹੈ ਉਹੁ ਵਾਲਹੁਂ ਨਿਕੀ'। ਤਿੱਖੀ ਐਨੀ ਹੈ ਕਿ ਉਹਦੇ ਉਤੇ ਕੋਈ ਫੁਰਨਾ ਨਹੀਂ ਟਿਕ ਸਕਦਾ। ਕੋਈ ਅਗਰ ਮਗਰ ਨਹੀਂ ਉਹਦੇ 'ਤੇ ਟਿਕ ਸਕਦੀ। ਜੋ ਗੁਰੂ ਦਾ ਹੁਕਮ ਹੈ ਮੰਨਣਾ ਪੈਣੈ। 'ਭੂਤ ਭਵਿਖ ਨ ਵਰਤਮਾਨ ਸਰਿ ਮਿਕਣਿ ਮਿਕੀ।' ਨਾ ਪੁਰਾਣੇ ਸਮੇਂ 'ਚ ਨਾ ਹੁਣ ਤੇ ਨਾ ਅਗਲੇ ਆਉਣ ਵਾਲੇ ਸਮੇਂ 'ਚ। ਜੇ ਸਿੱਖੀ ਪ੍ਰਾਪਤ ਹੋ ਗਈ, ਇਹਦਾ ਕਿਸੇ ਨੇ ਮੁਕਾਬਲਾ ਨਹੀਂ ਕਰਨਾ। 'ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।' ਇਥੇ ਦਵੈਤ ਨਹੀਂ ਹੈ। ਇਥੇ ਆ ਕੇ ਮਾੜਿਆਂ ਵਿਚ, ਚੰਗਿਆਂ ਵਿਚ ਕਿਸੇ ਨੂੰ ਮਾੜਾ ਨਹੀਂ ਕਹਿਣਾ, ਜੇ ਕਹਿਣਾ ਹੈ ਤਾਂ –

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥* *ਅੰਗ – ੭੨੮*

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥* *ਅੰਗ – ੬੧੦*

ਇਥੇ ਦਵੈਤ ਨਹੀਂ ਰਹਿਣੀ, ਦਵੈਤ ਖਤਮ ਹੋ ਜਾਣੀ ਹੈ – ***'ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।'*** ਇਥੇ ਵਾਹਿਗੁਰੂ ਨਾਲ ਇਕਮਿਕ ਹੋ ਜਾਣੈ। ਉਹਦਾ ਹੀ ਰੂਪ ਸਾਰਿਆਂ 'ਚ ਦੇਖਣੈ। ਆਪਣਾ ਆਪ ਵੀ ਉਹਦੇ 'ਚ ਹੀ ਦੇਖਣਾ ਹੈ ਤੇ ਸੰਸਾਰ ਦੇ ਅੰਦਰ ਵੀ, ਸਾਰਿਆਂ ਦੇ ਅੰਦਰ ਵੀ ਪ੍ਰਭੂ ਦੀ ਪਛਾਣ ਕਰਨੀ ਹੈ – ***'ਦੂਆ ਤੀਆ ਵੀਸਰੈ ਸਣ ਕਕਾ ਕਿਕੀ।'*** ਜਿਹੜਾ 'ਦੂਆ' ਦਵੈਤ ਹੈ, 'ਤੀਆ' ਹੈ ਉਹ ਫਲਾਣਾ ਚੰਗਾ ਹੈ, ਉਹ ਧਰਮ ਮਾੜਾ ਹੈ ਜੀ, ਫਲਾਣਾ ਹੈ ਕਹਿੰਦੇ ਇਹ ਗੱਲ ਨਹੀਂ ਇਥੇ ਚੱਲਣੀ ਤੇ ***'ਸਣ ਕਕਾ ਕਿਕੀ'*** ਫਿਲਾਸਫੀ ਦੀ ਬਾਤ ਕਹੀ ਹੈ ਇਹ। ਚਾਰ ਕੱਕੇ ਨੇ। ਪਹਿਲਾ ਸਮੇਂ ਨੂੰ ਦਸਦਾ ਹੈ। ਕਿਉਂ ਇਹ ਵਾਯੂ ਨੂੰ ਦਸਦੈ, ਫਿਲਾਸਫੀ ਹੈ ਇਹਦੇ 'ਚ। ਕਦੋਂ, ਕਿੱਥੇ – ਕਾਰਨ ਦਸਦੈ, ਕਿਉਂ, ਕਾਹਨੂੰ। ਕਹਿੰਦੇ, ਸਵਾਲ ਨਹੀਂ ਇਸ ਥਾਂ 'ਤੇ ਕੋਈ ਵੀ। ਬੱਸ ਵਾਹਿਗੁਰੂ ਸਾਰੇ ਪ੍ਰੀਪੂਰਨ ਹੈ ਤੈਨੂੰ ਮੰਨਣਾ ਪੈਣੈ ਕਿ ਸਾਰੇ ਵਾਹਿਗੁਰੂ ਹੈ, ਹਰੇਕ

*(ਬਾਕੀ ਪੰਨਾ 25 ਤੇ)*

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਹੁਣੇ ਹੀ ਆਪ ਨੇ ਕੀਰਤਨ ਤੋਂ ਉਪਰੰਤ ਗੁਰੂ ਮਹਾਰਾਜ ਜੀ ਦਾ ਹੁਕਮ, ਜੋ ਇਸ ਸਬੰਧ ਵਿਚ ਆਪਾਂ ਨੂੰ ਪ੍ਰਾਪਤ ਹੋਇਆ ਹੈ, ਉਹ ਜਿਸ-ਜਿਸ ਪ੍ਰੇਮੀ ਨੇ ਵੀ ਸੁਣਿਆ ਤੇ ਮੰਨਿਆ ਹੈ, ਉਹਨੂੰ ਪੂਰੀ ਤਰ੍ਹਾਂ ਨਾਲ ਸੋਝੀ ਹੋ ਜਾਂਦੀ ਹੈ ਕਿ ਰਸਤਾ ਕੀ ਹੈ? ਰਸਤੇ ਦਾ ਹੀ ਸਾਰਾ ਭੁਲੇਖਾ ਹੈ। ਜੀਵ ਬੁਰੀ ਤਰ੍ਹਾਂ ਨਾਲ ਫਸਿਆ ਹੋਇਆ ਹੈ। ਲੇਕਿਨ ਫਸਿਆ ਹੋਇਆ, ਆਪਣੇ ਆਪ ਨੂੰ ਹਨ੍ਹੇਰੇ 'ਚ ਪਾਇਆ ਹੋਇਆ, ਮਾਇਆ ਦਾ ਘੇਰਿਆ ਹੋਇਆ, ਬੇਹੋਸ਼ ਹੋਇਆ-ਹੋਇਆ ਹੈ, ਇਸ ਨੂੰ ਕੋਈ ਪਤਾ ਨਹੀਂ ਲੱਗਦਾ। ਦੁਖਾਂ ਦੇ ਵਿਚ ਚੱਕਰ ਕੱਢਦੇ ਨੂੰ ਕਰੋੜਾਂ, ਅਰਬਾਂ ਸਾਲ ਹੋ ਗਏ ਲੇਕਿਨ ਇਸ ਨੂੰ ਕੋਈ ਰਾਹ ਲੱਭਦਾ ਨਹੀਂ ਹੈ ਕਿਉਂਕਿ ਨਾ ਤਾਂ ਇਹਦੇ ਮਨ ਵਿਚ ਇਹ ਚਾਉ ਹੈ ਕਿ ਮੈਨੂੰ ਕੋਈ ਰਸਤਾ ਲੱਭੇ ਤੇ ਨਾ ਹੀ ਇਸ ਨੂੰ ਇਹ ਗਿਆਨ ਹੈ ਕਿ ਕੋਈ ਰਸਤਾ ਹੁੰਦਾ ਹੈ। ਚੱਕਰ ਕੱਢਦੇ ਨੂੰ ਮਹਾਰਾਜ ਕਹਿੰਦੇ ਨੇ ਅਨੰਤ ਕਾਲ ਹੋ ਗਿਆ ਜਿਹੜਾ ਕਾਲ ਗਿਣਿਆ ਨਹੀਂ ਜਾਂਦਾ। 83 ਲੱਖ 99 ਹਜ਼ਾਰ 999 ਜੂਨਾਂ ਲੰਘਣ ਤੋਂ ਬਾਅਦ ਇਕ ਦੇਹੀ ਪ੍ਰਾਪਤ ਹੁੰਦੀ ਹੈ, ਜਿਸ ਨੂੰ ਮਾਨਸ ਦੇਹੀ ਕਹਿੰਦੇ ਨੇ। ਦੇਹੀ ਤਾਂ ਪ੍ਰਾਪਤ ਹੋ ਜਾਂਦੀ ਹੈ ਲੇਕਿਨ ਮਾਨਸ ਪੁਣਾ ਇਹਦੇ ਵਿਚ ਆਇਆ ਨਹੀਂ। ਇਹ ਵਹਿਸ਼ੀ ਹੈ, ਜੰਗਲੀ ਹੈ। ਇਹ ਕੋਈ ਗਰੰਟੀ ਨਹੀਂ ਹੈ ਕਿ ਇਹ ਜ਼ਰੂਰ ਮਨੁੱਖ ਬਣ ਗਿਆ। ਮਹਾਰਾਜ ਕਹਿੰਦੇ ਨੇ ਜੇ ਤਾਂ ਇਹਦੇ ਅੰਦਰ ਸੋਝੀ ਆ ਗਈ ਤਾਂ ਇਹ ਮਨੁੱਖ ਹੈ, ਜੇ ਸੋਝੀ ਤੋਂ ਵਿਹੂਣਾ ਹੈ ਤਾਂ ਪਸ਼ੂ ਵੀ ਢੋਰ ਹੈ ਜਿਸ ਨੂੰ ਗਧਾ ਆਖਦੇ ਹਨ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ - ੨੫੧*

ਮੱਥੇ 'ਚ ਭਾਗ ਲਿਖੇ ਹੋਣ ਤਾਂ ਇਹ ਗੱਲ ਬੁੱਝ ਸਕਦਾ ਹੈ ਨਹੀਂ ਤਾਂ ਮਹਾਰਾਜ ਕਹਿੰਦੇ ਦੇਖਣ ਨੂੰ ਤਾਂ ਮਨੁੱਖ ਲਗਦਾ ਹੈ ਲੇਕਿਨ ਹੈ ਪਸ਼ੂ ਦਾ ਪਸ਼ੂ। ਬੜੇ ਚੱਕਰ ਕੱਢਣ ਤੋਂ ਬਾਦ ਕੋਈ ਐਸਾ ਕਰਿਸ਼ਮਾ ਵਰਤਿਆ ਕਿ ਸਾਧੂ ਦਾ ਮਿਲਾਪ ਹੋ ਗਿਆ ਜਿਹੜਾ ਗੁਰੂ ਇਸ ਦੀ ਸੁਰਤ ਨੂੰ ਪਿਛੇ ਨੂੰ ਮੋੜ ਕੇ ਜਿਸ ਥਾਂ ਤੋਂ ਆਇਆ ਸੀ ਓਸ ਥਾਂ ਪਹੁੰਚਾ ਦੇਣ ਦੀ ਸਮਰੱਥਾ ਰੱਖਦਾ ਹੈ, ਜਿਸ ਦੇ ਬਾਰੇ ਬਾਣੀ ਵਿਚ ਐਸ ਤਰ੍ਹਾਂ ਨਾਲ ਫੁਰਮਾਨ ਆਉਂਦਾ ਹੈ ਕਿ ਜਿਸ ਗੁਰੂ ਦੀ ਅਸੀਂ ਗੱਲ ਕਰਦੇ ਹਾਂ, ਉਹਦੇ ਜੋ ਗੁਣ ਹਨ, ਜੋ ਉਸ ਦੀ ਪਹੁੰਚ ਹੈ, ਉਸ ਨੂੰ ਸ੍ਰਵਣ ਕਰੋ। ਉਹ ਜੋ ਗੁਰੂ ਹੈ, ਉਹ ਸੁਰਤੀ ਨੂੰ ਬਾਹਰੋਂ ਮੋੜ ਕੇ ਉਥੇ ਲੈ ਜਾਂਦਾ ਹੈ ਜਿਥੇ ਇਹਦਾ ਅਸਲ ਟਿਕਾਣਾ ਹੈ, ਜਿਸ ਨੂੰ ਇਸ ਦਾ ਘਰ ਆਖਿਆ ਜਾਂਦਾ ਹੈ ਜਿਸ ਥਾਂ ਦੇ ਉਤੇ ਪੂਰਨ ਅਨੰਦ ਹੈ। ਦੁਖ ਦਾ ਨਾਮ ਨਿਸ਼ਾਨ ਨਹੀਂ ਹੈ। ਸੋ ਓਸੇ ਨੂੰ ਗੁਰੂ ਆਖਿਆ ਗਿਆ ਹੈ, ਹੋਰ ਕਿਸੇ ਨੂੰ ਨਹੀਂ ਆਖਿਆ ਗਿਆ।

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥* *ਅੰਗ - ੧੨੯੧*

ਸੰਸਾਰ ਦੇ ਘਰਾਂ ਵਿਚੋਂ, ਸਾਰੇ ਬ੍ਰਹਿਮੰਡ ਦੇ ਘਰਾਂ ਵਿਚੋਂ ਜਿਹੜਾ ਇਸ ਸਰੀਰ ਵਿਚ ਅਸਲੀ ਘਰ ਦਿਖਾ ਦੇਵੇ, ਕਹਿੰਦੇ ਉਹ ਗੁਰੂ ਹੋਇਆ ਕਰਦਾ ਹੈ - ਸੁਜਾਣ, ਸੋਝੀ ਵਾਲਾ (complete) ਪੂਰੀ ਤਰ੍ਹਾਂ ਨਾਲ, ਨਿਸ਼ਾਨੀ ਓਥੇ ਇਹ ਹੈ ਕਿ -

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥* *ਅੰਗ - ੧੨੯੧*

ਓਸ ਥਾਂ ਦੇ ਉਤੇ ਪੰਜ ਸ੍ਰੇਸ਼ਟ ਸ਼ਬਦ, ਆਤਮਿਕ ਸੰਗੀਤ ਦਾ ਨਿਸ਼ਾਨ ਹੋਇਆ ਕਰਦਾ ਹੈ। ਓਹਦੀਆਂ ਨਿਸ਼ਾਨੀਆਂ ਹੋਇਆ ਕਰਦੀਆਂ ਹਨ -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

ਓਸ ਪਰੀਪੂਰਨ ਜੋਤੀ ਦੇ ਨਾਲ ਇਕ-ਮਿਕ ਹੋ ਕੇ ਦਰਸ਼ਨ ਕਰਦਾ ਹੈ ਜਿਸ ਨੇ ਸਾਰੀ ਰਚਨਾ ਨੂੰ ਰਚਿਆ ਹੈ। ਸੋ ਇਹ ਨਿਸ਼ਾਨੀ ਹੈ ਓਸ ਥਾਂ ਦੀ -

*ਪੰਚ ਸਬਦ ਧੁਨਿਕਾਰ ਧੁਨਿ ਤਹ*
*ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*

*ਅੰਗ - ੧੨੯੧*

ਸਾਰੀ ਕੁਦਰਤ ਸਾਮ੍ਹਣੇ ਨਜ਼ਰ ਆਉਣੀ ਸ਼ੁਰੂ ਹੋ ਜਾਂਦੀ ਹੈ, ਸਾਰੀ ਰਚਨਾ (creation) ਨੂੰ ਦੇਖਦਾ ਹੈ। ਵਿਸਮਾਦ ਦੀ ਵਾਦੀ ਵਿਚ ਪਹੁੰਚ ਜਾਂਦਾ ਹੈ।

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*

*ਅੰਗ - ੧੨੯੧*

ਓਸ ਆਤਮਿਕ ਮੰਡਲ ਦੇ ਅੰਦਰ, ਓਸ ਨਿਜ ਘਰ ਦੇ ਅੰਦਰ, ਓਸ ਸੋ ਘਰ ਦੇ ਅੰਦਰ, ਓਸ ਥਿਰ ਘਰ ਦੇ ਅੰਦਰ, ਸੋ ਦਰ ਦੇ ਅੰਦਰ, 'ਤਾਰ ਘੋਰ ਬਾਜਿੰਤ੍ਰ' ਆਪਣੇ ਆਪ ਵਜ ਰਹੇ ਨੇ। ਕੋਈ ਵਜਾਉਣ ਵਾਲਾ ਨਹੀਂ ਹੈ, ਗਾਉਣ ਵਾਲੇ ਹੈਗੇ। ਗਾ ਰਹੀ ਹੈ ਸਾਰੀ ਸ੍ਰਿਸ਼ਟੀ, ਗਾ ਰਹੇ ਨੇ ਸਾਰੇ ਦੇਵ ਲੋਕ, ਗਾ ਰਹੇ ਨੇ ਸਾਰੇ ਪਤਾਲ ਲੋਕ, ਗਾ ਰਹੇ ਨੇ ਸਾਰੇ artist, ਗਾ ਰਹੀਆਂ ਨੇ ਪੁਰੀਆਂ, ਗਾ ਰਹੇ ਨੇ ਭਵਨ, ਗਾ ਰਹੇ ਨੇ ਖੰਡ ਮੰਡਲ, ਸਭ ਗਾ ਰਹੇ ਨੇ, ਪਾਣੀ ਗਾ ਰਿਹਾ ਹੈ, ਪਉਣ ਗਾ ਰਹੀ ਹੈ, ਅੱਗ ਗਾ ਰਹੀ ਹੈ, ਇਕ ਨਾਦ ਹੋ ਰਿਹਾ ਹੈ - ਲਗਾਤਾਰੀ ਨਾਦ। ਓਸ ਘਰ ਨੂੰ ਜਿਹੜਾ ਦਿਖਾ ਦੇਵੇ, ***'ਤਾਰ ਘੋਰ ਬਾਜਿੰਤ੍ਰ ਤਹ'*** ਓਥੇ ਕੌਣ ਹੁੰਦਾ ਹੈ? ***'ਸਾਚਿ ਤਖਤਿ ਸੁਲਤਾਨੁ'।*** ਜਿਸ ਤਖਤ ਦਾ ਕਦੇ ਵੀ ਨਾਸ਼ ਨਹੀਂ ਹੁੰਦਾ ਉਹਦੇ ਉਤੇ ਵਾਹਿਗੁਰੂ ਦਾ ਪ੍ਰਕਾਸ਼ ਹੁੰਦਾ ਹੈ।

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*

*ਅੰਗ - ੧੨੯੧*

ਇਸ ਤੋਂ ਅੱਗੇ ਮਹਾਰਾਜ ਸਾਡੇ ਵਾਸਤੇ ਕਹਿੰਦੇ ਨੇ ਕਿ ਪ੍ਰੇਮੀਆਂ! ਤੂੰ ਐਸੇ ਸਤਿਗੁਰੂ ਨੂੰ ਮਿਲ ਕੇ ਓਸ ਨਾਦ ਨੂੰ ਸ੍ਰਵਣ ਕਰ, ਓਸ ਨਾਦ ਵਿਚ ਫੁਰਨਾ ਨਹੀਂ ਹੋਇਆ ਕਰਦਾ, ਜੇ ਫੁਰਨਾ ਆ ਗਿਆ ਉਦੋਂ ਹੀ ਟੁੱਟ ਜਾਏਗਾ। ਫੁਰਨੇ ਦੀ ਉਥੇ ਗੁੰਜਾਇਸ਼ ਨਹੀਂ ਹੈ। ਮਨੋਨਾਸ਼, ਵਾਸ਼ਨਾ ਖ੍ਰੈ, ਤੱਤ ਗਿਆਨ, ਤਿੰਨ ਚੀਜ਼ਾਂ ਨੇ ਪ੍ਰਗਟ ਹੋ ਜਾਣਾ ਹੈ ਤੇ ਓਹਦੀ ਲਿਵ ਲਾ ਤੂੰ -

*ਅਕਥ ਕਥਾ ਬੀਚਾਰੀਐ ..........॥* *ਅੰਗ - ੧੨੯੧*

ਇਕ ਕਥਾ ਹੈ ਜਿਹੜੀ ਕਥੀ ਨਹੀਂ ਜਾਂਦੀ। ਇਕ ਉਹ ਬਾਤ ਹੈ ਜਿਹੜੀ ਕਹੀ ਹੀ ਨਹੀਂ ਜਾਂਦੀ, ਬੋਲ ਕੇ ਦੱਸੀ ਹੀ ਨਹੀਂ ਜਾਂਦੀ। ਇਕ ਅੰਨ੍ਹਾਂ ਪੁਰਸ਼ ਹੋਵੇ ਉਹਨੂੰ ਕਹੋ ਕਿ ਤੂੰ ਰੰਗਾਂ ਦੀ ਵਿਆਖਿਆ ਕਰ। ਉਹ ਕਿਸੇ ਤਰੀਕੇ ਨਾਲ ਵੀ ਵਿਆਖਿਆ ਨਹੀਂ ਕਰ ਸਕਦਾ ਕਿਉਂਕਿ ਉਹਦੇ ਅਨੁਭਵ ਵਿਚ ਰੰਗਾਂ ਦਾ ਗਿਆਨ ਨਹੀਂ ਹੈ। ਰੰਗਾਂ ਦਾ ਗਿਆਨ ਨਾ ਹੋਣ ਕਰਕੇ ਕੋਈ ਨਹੀਂ ਕਹਿ ਸਕਦਾ ਕਿ ਕਾਲਾ ਰੰਗ ਕਿਹੋ ਜਿਹਾ ਹੁੰਦਾ ਹੈ, ਹਰਾ ਰੰਗ ਕਿਹੋ ਜਿਹਾ ਹੁੰਦਾ ਹੈ, ਪੀਲਾ ਕਿਹੋ ਜਿਹਾ ਹੁੰਦਾ ਹੈ, ਲਾਲ ਕਿਹੋ ਜਿਹਾ ਹੁੰਦਾ ਹੈ। ਜਿਹੜੀ ਗੱਲ ਕਹੀ ਨਾ ਜਾ ਸਕਦੀ ਹੋਵੇ ਉਹਨੂੰ ਅਕਥ ਕਹਿੰਦੇ ਨੇ। ਕਹਿੰਦੇ ਉਹ ਜਿਹੜੀ ਗੱਲ ਕਹੀ ਨਹੀਂ ਜਾਂਦੀ ਓਹਦੀ ਵਿਚਾਰ ਕਰ। ਉਹਦੇ ਨਾਲ ਕੀ ਹੋਏਗਾ -

*............ਮਨਸਾ ਮਨਹਿ ਸਮਾਇ॥* *ਅੰਗ - ੧੨੯੧*

ਜਿੰਨੀਆਂ ਵਾਸ਼ਨਾਵਾਂ ਆਦਮੀ ਲਈ ਫਿਰਦਾ ਹੈ ਉਹ ਸਾਰੀਆਂ ਮਨ ਦੇ ਵਿਚ ਖਤਮ ਹੋ ਜਾਣਗੀਆਂ, ਸਮਾਅ ਜਾਣਗੀਆਂ ਤੇ ਨਿਸ਼ਾਨੀ ਕੀ ਹੋਏਗੀ?

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥* *ਅੰਗ - ੧੨੯੧*

ਸਾਡੇ ਕਮਲ ਪੁੱਠੇ ਹੋਏ-ਹੋਏ ਨੇ। ਵੈਰ, ਵਿਰੋਧ, ਈਰਖਾ, ਨਿੰਦਿਆ, ਚੁਗਲੀ, ਬੜਾ ਕੂੜ-ਕੁਬਾੜ ਲਈ ਫਿਰਦੇ ਨੇ ਤੇ ਨਾਲ ਦੁਖੀ ਹੋਏ ਫਿਰਦੇ ਨੇ, ਸੁਖ ਦਾ ਸਾਹ ਨਹੀਂ ਆਉਂਦਾ। ਬੇਹੋਸ਼ੀ ਦਾ ਜੀਵਨ ਬਤੀਤ ਕਰਦੇ ਹਾਂ, ਬੇਹੋਸ਼ੀ ਵੀ ਏਸ ਹੱਦ ਤੱਕ ਹੈ ਕਿ ਬਿਲਕੁਲ ਗਿਆਨ ਨਹੀਂ ਹੈ। ਮਹਾਰਾਜ ਕਹਿੰਦੇ ਕਿ ਉਹ ਜਿਹੜਾ ਕਮਲ ਹੈ ਉਹ ਸਿੱਧਾ ਹੋ ਜਾਂਦਾ ਹੈ ਜਦੋਂ ਨਿਜ ਘਰ ਦਾ ਪਤਾ ਲਗਦਾ ਹੈ। ਉਹਦੇ ਵਿਚ ਫੇਰ ਅੰਮ੍ਰਿਤ ਆ ਕੇ ਝਰਦਾ ਹੈ।

*...........ਇਹੁ ਮਨੁ ਕਤਹੁ ਨ ਜਾਇ॥ ਅੰਗ - ੧੨੯੧*

ਇਹ ਮਨ ਕਿਤੇ ਨਹੀਂ ਜਾਂਦਾ, ਨਾ ਡੋਲਦਾ ਹੈ, ਨਾ ਭਰਮ 'ਚ ਪੈਂਦਾ ਹੈ, ਆਪਣੇ ਅਸਲੇ 'ਚ ਆ ਜਾਂਦਾ ਹੈ -

*ਅਜਪਾ ਜਾਪੁ ਨ ਵੀਸਰੈ........॥* *ਅੰਗ - ੧੨੯੧*

ਬਗੈਰ ਜਾਪ ਕਰਨ ਦੇ। ਜਾਪ ਦੇ ਕਿਸਮ ਦੇ ਹੁੰਦੇ ਨੇ - ਇਕ ਅਪਾਸੂ ਹੁੰਦਾ ਹੈ, ਜਿਹਨੂੰ ਬੋਲ-ਬੋਲ ਕੇ ਕਹਿੰਦੇ ਨੇ। ਇਕ ਉਹ ਹੁੰਦਾ ਹੈ ਜਿਹਦੇ ਨਾਲ ਬੁੱਲ ਨਹੀਂ ਹਿਲਦੇ। ਦੋਹਾਂ ਦਾ ਫਰਕ ਹੋਇਆ ਕਰਦਾ ਹੈ। ਜੋ ਬੋਲ-ਬੋਲ ਕੇ ਕਹਿੰਦੇ ਨੇ ਉਚੀ-ਉਚੀ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਹੇ, ਇਹ ਦਸ ਵਾਰੀ ਕਹੇ, ਬੁੱਲਾਂ ਨੂੰ ਹਿਲਾ ਕੇ ਰਸਨਾ ਨਾਲ ਇਕ ਵਾਰੀ ਕਹੇ, ਬਰਾਬਰ ਹੋ ਜਾਂਦਾ ਹੈ। ਕੰਠ ਵਿਚ ਇਕ ਵਾਰੀ ਕਹੇ, ਬੋਲ ਕੇ ਸੌ ਵਾਰੀ

ਕਹੇ, ਓਨਾਂ ਹੀ ਫਲ ਹੁੰਦਾ ਹੈ। ਹਿਰਦੇ ਦੇ ਵਿਚ ਇਕ ਵਾਰੀ ਕਹੇ, ਬੋਲ ਕੇ ਹਜ਼ਾਰ ਵਾਰੀ ਕਹੇ, ਨਾਭੀ ਦੇ ਵਿਚ ਇਕ ਵਾਰੀ ਕਹੇ ਬੋਲ ਕੇ ਦਸ ਹਜ਼ਾਰ ਵਾਰੀ ਕਹੇ, ਐਂ ਫਲ ਵਧਦੇ ਤੁਰੇ ਜਾਂਦੇ ਨੇ – ਜਾਪ ਦੇ। ਸੋ ਮਹਾਰਾਜ ਕਹਿੰਦੇ ਇਕ ਜਾਪ ਐਸਾ ਹੈ ਜੋ ਜਪਣਾ ਹੀ ਨਹੀਂ ਪੈਂਦਾ। ਜਿਥੇ ਨਾ ਬੁੱਲ ਹਿੱਲੇ, ਨਾ ਜੀਭ ਹਿਲੇ, ਨਾ ਸਾਹ ਦੀ ਲੋੜ ਹੈ, ਨਾ ਕੰਠ ਦੀ ਲੋੜ ਹੈ; ਉਹ ਕੇਵਲ ਜਾਪ ਆਪਣੇ ਆਪ ਹੀ ਸੁਣਾਈ ਦੇਈ ਜਾਂਦਾ ਹੈ। ਆਪਣੇ ਆਪ ਹੀ ਹੁੰਦਾ ਨਜ਼ਰ ਆਉਂਦਾ ਹੈ। ਐਨੀ ਅਖੰਡ ਲਿਵਤਾਰ ਲਗ ਜਾਂਦੀ ਹੈ, ਲਿਵ ਲਗ ਜਾਂਦੀ ਹੈ ਕਿ ਜਾਪ ਹੋ ਰਿਹਾ ਹੈ। ਓਥੇ ਵਿਹਲ ਨਹੀਂ ਹੈ ਇਸ ਗੱਲ ਨੂੰ ਜਾਣਨ ਦਾ ਕਿ ਇਹ ਜਾਪ ਹੋ ਰਿਹਾ ਹੈ। ਓਥੇ ਵਿਹਲ ਨਹੀਂ ਹੈ ਇਸ ਗੱਲ ਨੂੰ ਜਾਣਨ ਦਾ ਕਿ ਇਹ ਜਾਪ ਕਿਥੋਂ ਹੋ ਰਿਹਾ ਹੈ, ਕਿਥੋਂ ਇਹ ਅਵਾਜ਼ ਆ ਰਹੀ ਹੈ। ਇਕ ਅਖੰਡ ਜਾਪ ਦੀ ਅਵਾਜ਼ ਇਹਦੇ ਹਰ ਵਕਤ ਅੰਦਰ ਚਲਦੀ ਰਹਿੰਦੀ ਹੈ। ਅਨੁਭਵ ਹੁੰਦਾ ਹੈ ਤੇ ਉਹਦੀ vibration ਇਹਦੀ body (ਸਰੀਰ) ਵਿਚ ਆਉਂਦੀ ਰਹਿੰਦੀ ਹੈ। ਕਹਿੰਦੇ ਉਹ ਜਾਪ ਜਿਸ ਵੇਲੇ ਹੁੰਦਾ ਹੈ, ਉਹ ਨਿਰੰਕਾਰ ਇਕ ਸਕਿੰਟ ਵਾਸਤੇ ਵੀ ਨਹੀਂ ਭੁੱਲਦਾ ਤੇ ਆਦਿ ਵਿਚ, ਜਿਥੋਂ ਆਇਆ ਸੀ, ਜਿਸ ਥਾਂ ਤੋਂ ਇਹ ਪ੍ਰਮੇਸ਼ਰ ਨਾਲੋਂ ਅਲਹਿਦਾ ਹੋਇਆ ਸੀ, ਉਹਦੇ ਵਿਚ ਸਮਾਅ ਜਾਂਦਾ ਹੈ ਤੇ ਫੇਰ ਇਹਦਾ ਆਪਣਾ ਆਪ ਕੁਛ ਨਹੀਂ ਰਹਿੰਦਾ।

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥*
*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥*
*ਅੰਗ – ੧੩੬੯*

ਜਿਸ ਦੀ ਇਹ ਅਵਸਥਾ ਹੈ ਉਹਦੇ ਵਿਚ ਸਮਾਅ ਕੇ ਦੇਹਾਂ ਦਾ ਭੇਦ ਖਤਮ ਹੋ ਜਾਂਦਾ ਹੈ –

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ – ੨੭੮*

ਉਹਦਾ ਆਪਾ ਮਿਟ ਜਾਇਆ ਕਰਦਾ ਹੈ, ਫੁਰਨਾ ਕਰਨਾ। ਸੋ ਉਹਦੇ ਵਿਚ ਸਮਾਅ ਜਾਇਆ ਕਰਦਾ ਹੈ ਪਰ ਇਹ ਜਿਹੜਾ ਘਰ ਹੈ, ਇਹ ਜਿਹੜੀ ਅਵਸਥਾ ਹੈ, ਮਹਾਰਾਜ ਕਹਿੰਦੇ –

*ਸਬਦੁ ਖੋਜਿ ਇਹੁ ਘਰੁ ਲਹੈ.........॥ ਅੰਗ – ੧੨੯੧*

ਸ਼ਬਦ ਦੇ ਖੋਜਣ ਦੇ ਨਾਲ ਇਹਦੀ ਪ੍ਰਾਪਤੀ ਹੁੰਦੀ ਹੈ। ਇਹਦੇ ਵਿਚ –

*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥*
*ਅੰਗ – ੧੨੯੧*

ਪੰਜੇ ਗਿਆਨ ਇੰਦ੍ਰੇ, ਪੰਜੇ ਕਰਮ ਇੰਦ੍ਰੇ, ਸਾਰੀਆਂ ਸੁਰਤੀਆਂ ਬਿਰਤੀਆਂ ਇਕੱਠੀਆਂ ਹੋ ਕੇ, ਇਕ ਹੋ ਜਾਂਦੀਆਂ ਹਨ। ਅੱਡ-ਅੱਡ ਨਹੀਂ ਰਹਿੰਦੀਆਂ। ਹੁਣ ਅੱਖਾਂ ਬਿਗਾਨਾ ਨਹੀਂ ਦੇਖਦੀਆਂ। ਅੱਖਾਂ ਦੇਖਦੀਆਂ ਨੇ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ – ੯੨੨*

ਅੱਖਾਂ ਵੀ ਨਾਲ ਰਲ ਗਈਆ, ਹੁਣ ਕੰਨ ਹੋਰ ਨਹੀਂ ਸੁਣਦੇ –

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ – ੧੨੬੫*

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ – ੧੪੨੦*

ਜਿੰਨਾਂ ਕੁਛ ਬੋਲਦੇ ਨੇ ਉਹ ਸਾਰੇ ਹੀ ਨਾਮ ਸੁਣਿਆ ਜਾਂਦਾ ਹੈ। ਜਿੰਨਾਂ ਅਨੁਭਵ ਕਰਦੇ ਨੇ ਜਿੰਨਾਂ ਸਪਰਸ਼ ਕਰਦੇ ਨੇ, ਸਾਰਾ ਨਾਮ ਵਿਚ convert (ਤਬਦੀਲ) ਹੋ ਕੇ, ਇਕ ਰਸ ਹੋ ਜਾਂਦੇ ਨੇ, ਇਕ ਸੁਰ ਇਨ੍ਹਾਂ ਦੀ ਹੋ ਜਾਂਦੀ ਹੈ। ਫੇਰ ਕੀ ਹੁੰਦਾ ਹੈ? ਗੁਰਮੁਖ ਦੇ ਰਾਹੀਂ – ਗੁਰੂ ਦੇ ਰਾਹੀਂ ਓਸ ਸਤਿਗੁਰੂ ਦੇ, ਜਿਹਦੇ ਬਾਰੇ ਪਹਿਲਾਂ ਫੁਰਮਾਨ ਕੀਤਾ ਹੈ ਉਹਦੇ ਰਾਹੀਂ ਫੇਰ ਨਿਜ ਘਰ ਵਿਚ ਵਾਸ ਹੋ ਗਿਆ। ਹੁਣ ਜਿਸ ਨੇ ਇਹ ਗੱਲ ਕਰ ਦਿਤੀ ਉਹ ਸਤਿਗੁਰੂ ਹੈ। ਮਹਾਰਾਜ ਕਹਿੰਦੇ ਨੇ ਇਹ ਲੱਭਦਾ ਕਿਵੇਂ ਹੈ?

*ਸਬਦੁ ਖੋਜਿ ਇਹੁ ਘਰੁ ਲਹੈ................॥*
*ਅੰਗ – ੧੨੯੧*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਖੋਜੋ, ਭਾਈ ਦੀ ਖੋਜ ਕਰੋ, ਵਾਹਿਗੁਰੂ ਮੰਤ੍ਰ ਦੀ ਖੋਜ ਕਰੋ, ਅੰਦਰਲੀ ਖੋਜ ਕਰੋ, ਸਰੀਰ ਦੀ ਖੋਜ ਕਰੋ, ਪ੍ਰਾਣਾਂ ਦੀ ਖੋਜ ਕਰੋ, ਪੰਜੇ ਗਿਆਨ ਇੰਦਰਿਆਂ ਦੀ ਖੋਜ ਕਰੋ, ਪੰਜੇ ਕਰਮ ਇੰਦਰਿਆਂ ਦੀ ਖੋਜ ਕਰੋ, ਮਨ ਦੀ ਖੋਜ ਕਰੋ, ਬੁੱਧੀ ਦੀ ਖੋਜ ਕਰੋ, ਅੰਤਸ਼ਕਰਣ ਦੀ ਖੋਜ ਕਰੋ, ਏਸ ਤੋਂ ਅੱਗੇ ਜਿਹੜੀ ਖੋਜ ਹੈ,

ਆਪਣੇ ਆਪ ਦੀ ਖੋਜ ਕਰੋ ਜਿਹਨੂੰ 'ਮੈਂ' ਕਹਿਨੇ ਹਾਂ। ਕਹਿੰਦੇ ਇਹ ਖੋਜ ਕਰਕੇ, ਇਹ ਘਰ ਦੀ ਪ੍ਰਾਪਤੀ ਹੁੰਦੀ ਹੈ। ਜਿਹਨੂੰ ਪ੍ਰਾਪਤੀ ਹੋ ਗਈ –

*.............ਨਾਨਕੁ ਤਾ ਕਾ ਦਾਸੁ ॥ ਅੰਗ – ੧੨੯੧*

*ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥*
*ਅੰਗ – ੬੭੬*

ਕ੍ਰੋੜਾਂ ਜਨਮਾਂ, ਅਰਬਾਂ ਖਰਬਾਂ ਜਨਮਾਂ ਦੇ ਵਿਚ ਘੁੰਮਦੇ-ਘੁੰਮਦੇ ਮਹਾਰਾਜ ਦੀ ਕ੍ਰਿਪਾ ਹੋ ਜਾਵੇ ਤਾਂ ਉਹ ਸਾਧੂ ਜਨ ਮਿਲ ਜਾਂਦਾ ਹੈ ਜਿਹੜਾ ਪ੍ਰਮੇਸ਼ਰ ਦੇ ਨਾਲ ਇਕਮਿਕ ਹੋਇਆ-ਹੋਇਆ ਹੈ। ਉਹਦੇ ਮਿਲਣ ਦੇ ਨਾਲ ਸਾਰਾ ਦੁੱਖ, ਸਾਰੇ ਚੱਕਰ, ਸਾਰੀ ਭਟਕਣ ਖਤਮ ਹੋ ਜਾਂਦੀ ਹੈ ਕਿਉਂਕਿ ਇਹਦੇ ਉਤੇ ਬੜਾ ਭਾਰਾ ਇਕ ਜਾਲ ਪਿਆ ਹੋਇਆ ਹੈ। ਮਹਾਰਾਜ ਜੀ ਨੇ ਏਸ ਸ਼ਬਦ ਦੇ ਅੰਦਰ ਫੁਰਮਾਨ ਕੀਤਾ ਹੈ ਕਿ ਏਸ ਭੂਮੀ ਦੇ, ਏਸ ਅਸਮਾਨ, ਏਸ ਪਤਾਲ ਦੇ ਵਿਚ ਮਾਇਆ ਹੀ ਮਾਇਆ ਦਾ ਅੰਧਕਾਰ ਛਾਇਆ ਹੋਇਆ ਹੈ। ਉਹਦੇ ਵਿਚ ਇਹ ਜੀਵ ਫਸਿਆ ਹੋਇਆ ਹੈ –

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਲੀਨੀ ਭੂਮਿ ਮਿਲਾਇ ॥ ਅੰਗ – ੧੩੭੫*

ਇਹ ਜਿਹੜੀ ਆਤਮ ਬੂੰਦ ਸੀ, ਆਤਮ ਕਿਰਨ ਸੀ, ਉਹ ਏਸ ਮਾਇਆ ਦੇ ਵਿਚ ਫਸ ਗਈ –

*ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥*
*ਅੰਗ – ੧੩੭੫*

ਬੜੇ ਜ਼ੋਰ ਲਾ-ਲਾ ਕੇ ਸਾਰੇ ਥੱਕ ਗਏ ਲੇਕਿਨ ਉਹ ਕੱਢੀ ਨਹੀਂ ਜਾਂਦੀ ਕਿਉਂਕਿ ਸਹੀ ਤਰੀਕਾ ਨਹੀਂ ਆਉਂਦਾ। ਇਹ ਤਾਂ ਨਹੀਂ ਹੈ ਕਿ ਉਹ ਨਿਕਲਦੀ ਨਹੀਂ ਹੈ। ਨਿਕਲ ਤਾਂ ਜਾਂਦੀ ਹੈ ਪਰ ਉਹ ਫਾਰਮੂਲਾ ਨਹੀਂ ਆਉਂਦਾ ਜਿਹਦੇ ਨਾਲ ਕੱਢੀ ਜਾਵੇ। ਕੋਈ-ਕੋਈ ਜਿਹੜੇ ਸੰਨਿਆਸੀ ਹੁੰਦੇ ਪਿਛਲੇ ਸਮਿਆਂ ਦੇ ਅੰਦਰ, ਸਾਧੂ ਹੁੰਦੇ, ਉਨ੍ਹਾਂ ਦੇ ਕੋਲ ਐਸੇ ਨੁਸਖੇ ਹੋਇਆ ਕਰਦੇ ਸੀ, ਐਸੀ ਉਹ ਚੀਜ਼ ਬਣਾ ਲਿਆ ਕਰਦੇ ਸੀ ਕਿ ਲੋਹੇ ਨੂੰ ਉਹਦੇ ਵਿਚ ਪਾ ਕੇ, ਲੋਹੇ ਤੇ ਮਲ ਕੇ ਉਹ ਸੋਨਾ ਬਣ ਜਾਇਆ ਕਰਦਾ ਹੈ। ਨੁਸਖਾ ਸੀ, ਇਹ elementry ਜਿਹੜੇ ਪ੍ਰਮਾਣੂ ਹੁੰਦੇ ਨੇ, ਉਹਨੂੰ ਬਦਲਾਅ ਦਿਆ ਕਰਦੇ ਸੀ ਉਹ। ਉਹਨੂੰ ਰਸਾਇਣ ਵਿਦਿਆ ਆਖਿਆ ਕਰਦੇ ਸੀ। Chemistry ਦੇ ਵਿਚ ਇਕ ਐਸਾ ਫਾਰਮੂਲਾ ਸੀ ਕਿ ਚਾਂਦੀ ਬਣਾਉਣੀ ਹੈ, ਚਾਂਦੀ ਬਣਾ ਲਓ, ਸੋਨਾ ਬਣਾਉਣਾ ਹੈ, ਸੋਨਾ ਬਣਾ ਲਓ। ਬਹੁਤ ਸਾਰੇ ਲੋਕ ਜਿਨ੍ਹਾਂ ਕੋਲ ਨੁਸਖੇ ਸੀ, ਇਹ ਗੁਪਤ ਰੱਖ ਕੇ ਆਪਣਾ ਗੁਜ਼ਾਰਾ ਕਰਦੇ ਸੀ। ਕਿਸੇ-ਕਿਸੇ ਨੂੰ ਪਾਰਸ ਲੱਭ ਜਾਇਆ ਕਰਦਾ ਸੀ। ਸੋ ਐਸ ਤਰ੍ਹਾਂ ਦੇ ਨਾਲ ਕੋਈ ਐਸਾ ਫਾਰਮੂਲਾ ਹੈ ਜਿਹਦੇ ਨਾਲ ਇਹ ਬੂੰਦ ਜਿਹੜੀ ਰਲ ਗਈ ਮਾਇਆ ਨਾਲ ਆ ਕੇ, ਨਿਰਮਲ ਕਿਰਨ ਜਿਹੜੀ ਰਲ ਗਈ, ਉਹਨੂੰ ਨਖੇੜਿਆ ਜਾ ਸਕਦਾ ਕਿਉਂਕਿ ਉਹਦੀ ਬੁਰੀ ਹਾਲਤ ਹੋ ਗਈ –

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ ॥ ਅੰਗ – ੧੩੭੫*

ਮਾਇਆ ਦੇ ਵਿਕਾਰ ਵਿਚ ਰਲ ਕੇ ਪ੍ਰਮੇਸ਼ਰ ਦੇ ਨਾਲੋਂ ਓਹਦੀ ਸੰਗਤ ਟੁੱਟ ਗਈ।

*ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥*
*ਅੰਗ – ੧੩੭੫*

ਜਦੋਂ ਸੰਗਤ ਟੁੱਟੀ, ਓਹਦਾ ਸੰਪਰਕ ਟੁੱਟਿਆ, ਇਹ ਕੀ ਬਣ ਗਿਆ? ਕਹਿੰਦੇ – '***ਹੋਇ ਗਈ ਭਠ ਛਾਰ ॥***'

ਸੁਆਹ ਬਣ ਗਈ ਇਹ। ਹੁਣ ਸਾਡੇ ਮੂਹਰੇ ਇਹ ਹੈ ਕਿ ਅਸੀਂ ਕਿਵੇਂ ਆਪਣੀ ਅਸਲੀ ਹਾਲਤ ਤੇ ਵਾਪਸ ਜਾਈਏ। ਮਹਾਰਾਜ ਕਹਿੰਦੇ ਇਹ ਵਿਚਾਰਾ ਜੀਵ ਫਸ ਗਿਆ, ਮਾਇਆ ਜਾਲ ਵਿਚ ਆ ਕੇ ਫਸ ਗਿਆ।

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥*
*ਅੰਗ – ੫੦*

ਮਾਇਆ ਨੇ ਜਾਲ ਵਿਛਾ ਦਿਤਾ। ਇਕ ਪਾਸੇ ਨਹੀਂ ਚਾਰੇ ਹੀ ਪਾਸੇ ਇਹਦਾ ਜਾਲ ਵਿਛਾਇਆ ਹੋਇਆ ਹੈ, ਕਿਸੇ ਪਾਸੇ ਲੈ ਲਓ। ਜਦੋਂ ਆਪਣੀ ਹੋਂਦ ਨੂੰ ਗਿਣਦਾ ਹੈ, ਮੈਂ ਕੀ ਹਾਂ? ਇਹ ਕੁਛ ਵੀ ਨਹੀਂ ਹੈਗਾ। ਬਗੈਰ ਜਾਣੇ ਤੇ ਤਾਂ ਇਹ ਪਸ਼ੂ ਹੈ, ਆਪਣੇ ਆਪ ਨੂੰ ਮੰਨ ਲਏ ਕਿ ਮੈਂ ਪਸ਼ੂ ਹਾਂ, ਮੈਨੂੰ ਤਾਂ ਅਜੇ ਪਤਾ ਨਹੀਂ ਲੱਗਿਆ, ਮੇਰੀ ਬੁੱਧੀ ਐਨੀ ਨਹੀਂ ਹੋਈ ਕਿ ਮੈਂ ਮਨੁੱਖ ਕਹਾ ਸਕਾਂ, ਕਿਉਂਕਿ ਜਿਸ ਮਨੁੱਖ ਦੇ ਹਿਰਦੇ 'ਚ ਈਰਖਾ ਹੈ, ਨਫਰਤ ਹੈ, ਗੁਸਤਾਖੀ ਹੈ, ਨਿੰਦਿਆ ਹੈ, ਦੂਸਰੇ ਦਾ ਹੱਕ ਖੋਹਣ ਦੀ ਲਾਲਸਾ ਹੈ, ਕਰੋਧ ਹੈ, ਕਾਮ ਦਾ ਵੇਗ ਹੈ, ਮੋਹ ਦਾ ਵੇਗ ਹੈ, ਸ਼ਬਦ ਦਾ, ਸਪਰਸ਼ ਦਾ, ਰੂਪ ਦਾ, ਰਸ ਦਾ, ਗੰਧ ਦਾ ਅਸਰ ਹੈ – ਰਾਜ, ਮਾਲ, ਰੂਪ ਜਾਤ, ਜੋਬਨ, ਇਹ ਪੰਜੇ ਠੱਗਾਂ ਦਾ ਜਿਸ

ਹਿਰਦੇ 'ਚ ਵਾਸਾ ਹੈ - ਹੰਸ, ਹੇਤ, ਕੋਪ, ਲੋਭ ਚਾਰ ਨਦੀਆਂ ਅੱਗ ਦੀਆਂ ਅੰਦਰ ਚਲਦੀਆਂ ਨੇ ਉਨ੍ਹਾਂ 'ਚ ਜਿਹੜਾ ਇਸ਼ਨਾਨ ਕਰਦਾ -

*ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥*

*ਅੰਗ - ੧੪੭*

ਮਹਾਰਾਜ ਕਹਿੰਦੇ, ਉਹਨੂੰ ਮਨੁੱਖ ਨਾ ਆਖੋ। ਸਰੀਰ ਹੈਗਾ ਮਨੁੱਖ ਦਾ, ਲੇਕਿਨ ਮਨੁੱਖ ਦੀ ਲੈਵਲ ਤੇ ਉਹਦੀ conciousness (ਸੁਰਤਿ) ਨਹੀਂ ਅਜੇ ਪਹੁੰਚੀ, ਉਹ ਪਸ਼ੂਆਂ ਦੀ ਲੈਵਲ 'ਤੇ ਹੈ। ਆਪਣੇ ਆਪ ਉਹ ਚਾਹੇ ਕੁਛ ਬਣਿਆ ਫਿਰਦਾ ਹੈ ਕਿ ਮੈਂ ਬੜਾ ਧਰਮੀ ਹਾਂ। ਇਹ ਸਾਰੇ ਮਾਇਆ ਦੇ ਜਾਲ ਨੇ, ਮਾਇਆ ਦੇ ਤੰਦ ਨੇ, ਚਾਰੇ ਪਾਸੇ ਪਏ ਹੋਏ ਨੇ। ਜੇ ਧਰਮੀ ਹੈ, ਉਹਦੇ ਉਤੇ ਭੀ ਬੇਅੰਤ ਤੰਦਾਂ 'ਚ ਉਲਝਿਆ ਹੋਇਆ ਫਿਰਦਾ ਹੈ। ਜੇ ਪਰਿਵਾਰ ਵਿਚ ਹੈ, ਮਾਇਆ ਦੇ ਤੰਦ - ਮੇਰਾ ਪੁੱਤਰ, ਮੇਰੀ ਧੀ, ਮੇਰੀ ਜਾਇਦਾਦ, ਮੈਨੂੰ ਐਂ ਕਹਿ ਦਿਤਾ ਫਲਾਣੇ ਨੇ, ਮੈਂ ਉਹਦੇ ਨਾਲ ਨਹੀਂ ਬੋਲਣਾ, ਇਕ ਝੂਠ 'ਮੈਂ' ਨੂੰ ਲਈਂ ਫਿਰਦਾ ਹੈ, ਓਹਦਾ ਪਸਾਰਾ ਹੋਇਆ ਪਿਆ ਹੈ। ਮਹਾਰਾਜ ਕਹਿੰਦੇ ਹੁਣ ਦੱਸੋ ਨਿਕਲੇ ਕਿਵੇਂ ਇਹ? ਕੋਈ ਹੈ ਤਰੀਕਾ ਇਹਨੂੰ ਕੱਢਣ ਦਾ? ਕਿਉਂਕਿ ਨਿਕਲਣਾ ਇਹ ਚਾਹੁੰਦਾ ਨਹੀਂ ਹੈ।

*ਤ੍ਰਿਸਨਾ ਪੰਖੀ ਫਾਸਿਆ............॥ ਅੰਗ - ੫੦*

ਬੁਰੀ ਤਰ੍ਹਾਂ ਦੇ ਨਾਲ ਫਸ ਗਿਆ, ਮਾਇਆ ਦੇ ਵਿਚ, ਅੰਧਕਾਰ ਵਿਚ, ਤੇ ਉਪਰੋਂ ਇਹ ਹੈ ਕਿ ਇਹਨੂੰ ਇਹ ਨਹੀਂ ਪਤਾ ਲਗਦਾ, ਫਸਿਆ ਹੋਇਆ ਹੀ ਕਹਿੰਦਾ ਹੈ ਕਿ ਮੈਂ ਬੜਾ ਸੁਖੀ ਹਾਂ। ਬੜੀ ਮੇਰੀ ਨੌਕਰੀ ਵਧ ਗਈ, ਮੇਰਾ ਵਿਹਾਰ ਬਹੁਤ ਸੋਹਣਾ ਚਲ ਗਿਆ, ਮੇਰੇ ਪੁੱਤਰ ਬੜੇ ਸੋਹਣੇ ਥਾਂ ਦੇ ਉਤੇ ਸੈਟ ਹੋ ਗਏ, ਮੇਰੇ ਕੋਲ ਬੜੀ ਸੋਹਣੀ ਜ਼ਮੀਨ ਹੈ, ਟਰੈਕਟਰ ਲੈ ਲਿਆ ਜੀ ਅਸੀਂ, ਕਾਰ ਲੈ ਲਈ, ਸਾਡਾ ਆਹ ਹੋ ਗਿਆ ਕਿਉਂਕਿ ਉਹ 'ਮੈਂ' ਵਿਚੋਂ ਨਿਕਲਦਾ ਨਹੀਂ। ਹੋਰ ਫਸਣ ਵਾਸਤੇ, ਹੋਰ ਫਸਣ ਵਾਲੀਆਂ ਗੱਲਾਂ ਕਰੀ ਜਾਂਦਾ ਹੈ। ਦੱਸੋ, ਕਹਿੰਦੇ ਕਿਵੇਂ ਨਿਕਲੇ?

*..........ਨਿਕਸੁ ਨ ਪਾਏ ਮਾਇ॥ ਅੰਗ - ੫੦*

ਐਸੀ ਮਾਇਆ ਮਿੱਠੀ ਹੈ ਇਹਦੇ 'ਚੋਂ ਨਿਕਲ ਨਹੀਂ ਸਕਦਾ -

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥*

*ਅੰਗ - ੬੬*

ਇਹ ਸੁਹਾਵੇ ਬਿਰਖ ਦੇ ਉਤੇ ਬੈਠ ਗਿਆ, ਸਰੀਰ ਦੇ ਉਤੇ, ਪੰਖੀ ਇਹ ਆ ਕੇ। ਹੁਣ ਇਹ ਉਡਾਰੀਆਂ ਮਾਰਦਾ ਹੈ, ਭਜਨ ਕਰਨ ਲੱਗੇਗਾ ਤਾਂ ਵੀ ਉਡਾਰੀਆਂ, ਨਾਮ ਜਪੇਗਾ ਤਾਂ ਵੀ ਉਡਾਰੀਆਂ, ਕੀਰਤਨ ਕਰਨ ਲੱਗੇਗਾ ਤਾਂ ਵੀ ਉਡਾਰੀਆਂ ਮਾਰਦਾ ਹੈ ਤੇ ਦਸਾਂ ਹੀ ਦਿਸ਼ਾਂ ਦੇ ਉਤੇ, ਚਾਰੇ ਦਿਸ਼ਾ, ਚਾਰੇ ਕੋਨਾ, ਉਪਰ ਹੇਠ ਹਰ ਥਾਂ ਦਸਾਂ ਦਿਸ਼ਾਂ 'ਚ ਘੁੰਮਦਾ ਹੈ ਤੇ ਜਿੰਨਾਂ ਉਡਾਰੀਆਂ ਮਾਰਦਾ ਹੈ -

*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥*

*ਅੰਗ- ੬੬*

ਉਡਾਰੀਆਂ ਦੇ ਵਿਚ ਸੁਖ ਨਹੀਂ ਮਿਲਦਾ। ਥੋੜ੍ਹਾ ਜਿਹਾ ਦੁਖ ਨਹੀਂ, ਬੇਅੰਤ ਦੁਖ ਇਹਦੇ ਨਾਲ ਚਿੰਬੜ ਜਾਂਦੇ ਨੇ, ਫੇਰ ਦਝਦਾ ਹੈ, ਜਲਦਾ ਹੈ ਤੇ ਫੇਰ ਵਿਰਲਾਪ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਏਸ ਜੀਵ ਰੂਪੀ ਪੰਖੀ ਦਾ ਸਮਾਂ ਪੂਰਾ ਹੋ ਜਾਂਦਾ ਹੈ, ਮੁੜ ਕੇ ਫੇਰ ਚੱਕਰ 'ਚ ਪੈ ਜਾਂਦਾ ਹੈ ਫੇਰ ਪੂਰਾ ਹੋ ਜਾਂਦਾ ਹੈ। ਇਸ ਨੂੰ ਗਿਆਨ ਨਹੀਂ ਹੁੰਦਾ ਆਪਣਾ, ਕਿ ਮੈਂ ਕੀ ਹਾਂ? ਨਾ ਏਸ ਗੱਲ ਨੂੰ ਮੰਨਦਾ ਹੈ। ਆਹ ਹੁਣੇ ਤੁਸੀਂ ਹੁਕਮ ਸੁਣਿਆ ਹੈ, ਜੇ ਗੁਰੂ ਦਾ ਇਕ ਬਚਨ ਕਮਾ ਲਵੇ ਨਾ, ਆਹੀ ਸਬਦ ਦੀ ਤੁਸੀਂ ਖੋਜ ਕਰਕੇ ਕਮਾ ਲਓ, ਇਕੋ ਹੀ ਸ਼ਬਦ ਜਿਹੜਾ ਹੁਣ ਆਇਆ ਹੈ -

*ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥*

*ਅੰਗ - ੬੭੬*

ਆਹ ਸ਼ਬਦ ਦੀ ਕਮਾਈ ਦੇ ਨਾਲ ਰਸਤਾ ਨਿਕਲ ਆਏਗਾ। ਉਸ ਰਸਤੇ ਨੂੰ ਕੱਢਣ ਵਾਸਤੇ, ਉਸ ਗੱਲ ਨੂੰ ਸਮਝਣ ਵਾਸਤੇ, ਸਾਨੂੰ ਮਨ ਨੂੰ ਸਮਝਾਉਣਾ ਪੈਂਦਾ ਹੈ ਜਿਹੜਾ ਸਮਝਦਾ ਨਹੀਂ ਹੈ। ਐਨਾ ਮੂੜ ਹੈ ਮੱਥੇ ਟੇਕੀ ਜਾਏਗਾ, ਰੁਮਾਲੇ ਭੇਟ ਕਰੀ ਜਾਏਗਾ, ਅਖੰਡਪਾਠ ਕਰਾਏਗਾ, ਕੀਰਤਨ ਕਰਾਏਗਾ, ਦੇਗਾਂ ਲਿਆਏਗਾ, ਲੋਕਾਂ ਨਾਲ ਲੜੇਗਾ ਕਿ ਸਾਡਾ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਜੇ ਕੋਈ ਦੂਜੀ ਤਰ੍ਹਾਂ ਨਾਲ ਕਹਿ ਦੇਵੇ, ਉਹਨੂੰ ਮਾਰਨ ਤਕ ਜਾਏਗਾ। ਲੇਕਿਨ ਕੀ ਮਜ਼ਾਲ ਹੈ ਕਿ ਗੁਰੂ ਸਾਹਿਬ ਦਾ ਇਕ ਅੱਖਰ ਵੀ ਸਮਝਣ ਦਾ ਜਤਨ ਕਰੇ। ਅਸਲੀ ਗੱਲ ਨਹੀਂ ਸਮਝਦਾ। ਮਹਾਰਾਜ ਕਹਿੰਦੇ, ਕਾਹਨੂੰ ਮੂਰਖਾ! ਤੂੰ ਝਗੜਿਆਂ 'ਚ ਪਿਆ ਹੈਂ, ਤੂੰ ਮੇਰੀ ਆਗਿਆ ਮੰਨ ਲੈ।

*ਆਗਿਆ ਸਮ ਨਹੀਂ ਸਾਹਿਬ ਸੇਵਾ।*

ਸਭ ਤੋਂ ਵੱਡੀ ਸੇਵਾ ਤੇਰੀ, ਇਹੀ ਹੈ ਕਿ ਮੈਂ

ਜੋ ਕਹਿੰਦਾ ਹਾਂ ਉਹਨੂੰ ਮੰਨ ਲੈ, ਕਿਉਂਕਿ ਮੈਂ ਆਪਣੇ ਵਲੋਂ ਨਹੀਂ ਕਹਿੰਦਾ।

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥ ਅੰਗ - ੭੬੩*

ਇਹ ਧੁਰ ਦਰਗਾਹ 'ਚੋਂ ਆਇਆ ਹੋਇਆ ਹੈ। ਤੂੰ ਗੱਲ ਤਾਂ ਸੁਣ ਲੈ, ਤੇਰੇ ਭਲੇ ਵਾਸਤੇ ਹੈ। ਲੇਕਿਨ ਸੁਣਦਾ ਨਹੀਂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਥਾਂ ਦੇ ਉਤੇ, ਕਿਸੇ ਲਿਖਾਰੀ ਨੇ ਕਿਤਾਬ 'ਚ ਲਿਖ ਦਿਤਾ ਕਿ ਫਲਾਣੀ ਗੱਲ ਐਂ ਹੈ, ਮੰਨ ਲਏਂਗਾ। ਮਨੁੱਖਾਂ ਦੀਆਂ ਗੱਲਾਂ ਮੰਨਦਾ ਹੈ ਕਿਉਂਕਿ ਉਹ ਮਾਇਆ ਮੰਡਲ 'ਚੋਂ ਉਤਰੀਆਂ ਹੋਈਆਂ ਗੱਲਾਂ ਨੇ। ਉਨ੍ਹਾਂ ਦੀ ਗੱਲ ਜ਼ਿਆਦਾ ਅਪੀਲ ਕਰਦੀ ਹੈ। ਉਨ੍ਹਾਂ ਗੱਲਾਂ ਉਤੇ ਵਿਸ਼ਵਾਸ਼ ਕਰਦਾ ਹੈ ਕਿਉਂਕਿ ਮਾਇਆ ਮੰਡਲ 'ਚੋਂ ਨਿਕਲ ਕੇ ਮਾਇਆ ਮੰਡਲ 'ਚ ਰਹਿੰਦਾ ਹੈ ਉਹ ਗੱਲਾਂ ਇਹਨੂੰ ਪਿਆਰੀਆਂ ਲਗਦੀਆਂ ਨੇ, ਗੁਰੂ ਦੀ ਬਾਤ ਪਿਆਰੀ ਨਹੀਂ ਲਗਦੀ। ਆਤਮਿਕ ਮੰਡਲ ਦੀ, ਪ੍ਰਮੇਸ਼ਰ ਮੰਡਲ ਦੀ ਬਾਤ ਇਹਦੀ ਸਮਝ 'ਚ ਨਹੀਂ ਪੈਂਦੀ ਤੇ ਨਾ ਉਹਦੇ ਉਤੇ ਵਿਸ਼ਵਾਸ਼ ਲਿਆਉਂਦਾ ਹੈ। ਭੋਰਾ ਜਿੰਨਾਂ ਵੀ ਵਿਸ਼ਵਾਸ਼ ਲਿਆਉਣ ਦੀ ਕੋਸ਼ਿਸ਼ ਨਹੀਂ ਕਰਦਾ। ਓਥੇ ਦਾ ਉਥੇ ਫੇਰ। ਬਾਰ੍ਹਾਂ ਸਾਲ ਕੁੱਤੇ ਦੀ ਪੂਛ ਨੂੰ ਕਿਸੇ ਨੇ ਨਲਕੀ 'ਚ ਪਾ ਕੇ ਇਹ ਸਾਬਤ ਕਰਨ ਦਾ ਜਤਨ ਕਰ ਦਿਤਾ ਕਿ ਇਹ ਟੇਡੀ-ਵਿੰਗੀ ਨਹੀਂ ਰਹਿੰਦੀ, ਇਹ ਸਿੱਧੀ ਹੋ ਸਕਦੀ ਹੈ। ਬਾਰ੍ਹਾਂ ਸਾਲ ਪਿਛੋਂ ਜਦ ਨਲਕੀ ਖੋਲ੍ਹੀ। ਪੂਛ ਓਥੇ ਦੀ ਓਥੇ ਫੇਰ ਆ ਗਈ। ਏਸੇ ਤਰ੍ਹਾਂ ਪਾਠ ਕਰੇਗਾ, ਕੀਰਤਨ ਕਰੇਗਾ, ਬੰਦਗੀ ਕਰੇਗਾ, ਦਾਨ ਕਰੇਗਾ, ਸੇਵਾ ਕਰੇਗਾ ਲੇਕਿਨ ਗੁਰੂ ਦਾ ਹੁਕਮ ਨਹੀਂ ਮੰਨਦਾ। ਉਥੇ ਦਾ ਉਥੇ ਹੀ ਰਹਿੰਦਾ ਹੈ ਮਨ। ਇਹਨੂੰ ਸਮਝਾਉਣ ਵਾਸਤੇ ਮਹਾਰਾਜ ਕਹਿੰਦੇ ਕੁਛ ਗਿਆਨ ਇਹਨੂੰ ਦੱਸਿਆ ਜਾਂਦਾ ਹੈ, ਕੁਛ ਇਹਨੂੰ ਬਚਨ ਦੱਸੇ ਜਾਂਦੇ ਨੇ ਪਰ ਇਹ ਸਮਝਦਾ ਨਹੀਂ ਹੈ। ਐਨੀਓਂ ਗੱਲ ਨਹੀਂ ਸਮਝਦਾ। ਗੁਰੂ ਮਹਾਰਾਜ ਕਹਿੰਦੇ ਨੇ -

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਅੰਗ - ੫੫੦*

ਆਹ ਬੁੱਧੀ ਰੂਪ ਬ੍ਰਿਛ ਦੇ ਉਤੇ ਦੋ ਪੰਖੇਰੂ ਬੈਠੇ ਨੇ, ਇਕ ਤਾਂ ਉਹ ਪੰਖੇਰੂ ਹੈ ਜਿਹੜਾ ਕਹਿੰਦਾ ਹੈ, ਮੈਂ ਕਰਦਾ ਹਾਂ, ਮੈਂ ਭੋਗਦਾ ਹਾਂ, ਮੈਂ ਕਾਲਾ ਹਾਂ, ਮੈਂ ਗੋਰਾ ਹਾਂ, ਮੈਂ ਹਿੰਦੂ ਹਾਂ, ਮੈਂ ਸਿੱਖ ਹਾਂ, ਮੈਂ ਮੁਸਲਮਾਨ ਹਾਂ, ਮੈਂ ਈਸਾਈ ਹਾਂ, ਮੈਂ ਧਰਮੀ ਹਾਂ, ਮੈਂ ਫਲਾਣਾ ਹਾਂ, ਬੇਅੰਤ 'ਮੈਂ' ਲਾ ਕੇ, ਵਿਸ਼ੇਸਣ ਲਾ ਕੇ ਉਤੇ ਦੀ ਸੰਗਲ ਵਲੇਟਣੇ ਸ਼ੁਰੂ ਕਰੀ ਜਾਂਦਾ ਹੈ ਆਪਣੇ ਆਪ ਤੇ, ਇਕ ਤਾਂ ਉਹ ਹੈ ਤੇ ਉਹ ਕੀ ਕਰਦਾ ਹੈ, ਇਕ ਸਰੀਰ ਨੂੰ ਛੱਡ ਕੇ ਦੂਜੇ 'ਚ ਜਾ ਪੈਂਦਾ ਹੈ। ਦੂਜੇ ਨੂੰ ਛੱਡਦਾ ਹੈ, ਤੀਸਰੇ ਨੂੰ ਛੱਡਦਾ ਹੈ ਚੌਥੇ 'ਚ ਜਾ ਪੈਂਦਾ ਹੈ।

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - ੧੭੬*

ਏਸ ਤਰ੍ਹਾਂ ਦੇ ਨਾਲ ਸਰੀਰ ਬਦਲਦਾ ਤੁਰਿਆ ਜਾਂਦਾ ਹੈ - ਕਰਮਾਂ ਨਾਲ। ਕਰਮ ਨੂੰ ਆਪਣੇ ਉਤੇ own (ਅਪਣਾਅ) ਕਰ ਲੈਂਦਾ ਹੈ, ਮੈਂ ਕਰਦਾ ਹਾਂ, ਇਹ ਮੈਂ ਕਰਨ ਨੂੰ ਕਹਿੰਦੇ ਨੇ ਮਹਾਰਾਜ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

ਕਰਮ ਕਰਕੇ ਆਪਣੇ ਆਪ ਨੂੰ ਬੰਨ੍ਹ ਲੈਂਦਾ ਹੈ।

*ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥ ਅੰਗ - ੧੦੧੯*

ਸੋ ਐਸੀਆਂ ਇਹਦੀਆਂ ਭਾਵਨਾਵਾਂ ਜਾਗ ਪੈਂਦੀਆਂ ਨੇ। ਕਰਮਾਂ ਦੇ ਨਾਲ ਬੰਨ੍ਹਿਆ ਹੋਇਆ ਤੁਰਿਆ ਫਿਰਦਾ ਹੈ। ਇਕ ਇਸ ਤੋਂ ਉਤੇ ਉਹ ਹੈ-

*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ - ੫੫੦*

ਨਾ ਤਾਂ ਉਹਦੇ ਫੰਗ ਨੇ, ਨਾ ਕਿਤੇ ਉਡਾਰੀਆਂ ਮਾਰਦਾ ਹੈ। ਉਹ ਸਦਾ ਸਤਿ, ਚਿਤ, ਅਨੰਦ, ਪ੍ਰਮ ਅਨੰਦ ਵਿਚ ਰਹਿੰਦਾ ਹੈ। ਮਹਾਰਾਜ ਹੁਣ ਇਹ ਕਹਿੰਦੇ ਐਂ ਕਿ ਤੂੰ ਪਛਾਣ, ਤੂੰ ਕੌਣ ਹੈਂ? ਹੇਠਲਾ ਹੈਂ ਕਿ ਤੂੰ ਉਪਰਲਾ ਹੈਂ? ਇਹ ਹੇਠਲਾ ਬਣਿਆ ਹੋਇਆ ਹੈ, ਹੇਠਲਾ ਹੈ ਪਰਛਾਵਾਂ। ਜਿਧਰ ਜਾਨੇ ਹਾਂ ਨਾਲ ਹੀ ਪਰਛਾਵਾਂ ਜਾਂਦਾ ਹੈ। ਉਹ ਪਰਛਾਵਾਂ ਅਸੀਂ ਨਹੀਂ ਹਾਂ। ਜਿਹੜਾ ਸ਼ੀਸ਼ੇ 'ਚ ਪਰਛਾਵਾਂ ਨਜ਼ਰ ਆਉਂਦਾ ਹੈ ਸਾਡਾ, ਉਹ ਅਸਲੀ ਨਹੀਂ ਹੈ। ਜਿਹਦਾ ਪਰਛਾਵਾਂ ਨਜ਼ਰ ਆਉਂਦਾ ਹੈ ਉਹ ਅਸਲੀ ਹਾਂ ਅਸੀਂ। ਸੋ ਇਹ ਜਿਹੜਾ ਸਤਿ ਚਿਤ ਅਨੰਦ ਦਾ ਪੰਛੀ ਹੈ ਉਹਦਾ ਪਰਛਾਵਾਂ ਇਸ ਸਰੀਰ ਦੇ ਵਿਚ ਮਾਇਆ 'ਚ ਪੈਂਦਾ ਹੈ। ਇਹਦੇ ਵਿਚ ਇਹ ਮੈਂ ਬਣ ਗਿਆ। ਮੈਂ ਬਣ ਕੇ ਇਹਦੇ ਦੁੱਖਾਂ ਦਾ ਇਤਿਹਾਸ

ਸ਼ੁਰੂ ਹੋ ਗਿਆ ਤੇ ਇਹਨੂੰ ਕੱਢਣ ਵਾਸਤੇ ਜਿੰਨੇ ਵੀ ਜਤਨ ਨੇ - ਕੀਰਤਨ ਕਰਨਾ, ਨਾਮ ਜਪਣਾ, ਸਿਮਰਨ ਕਰਨਾ, ਹੋਰ ਅਨੇਕ ਕੰਮ ਕਰਨੇ, ਦਇਆ ਕਰਨੀ, ਖਿਮਾ ਕਰਨੀ, ਧੀਰਜ ਵਿਚ ਰਹਿਣਾ, ਪੂਰੀ ਤਰ੍ਹਾਂ ਨਾਲ ਅਹਿੰਸਾ ਦਾ ਪਾਲਣ ਕਰਨਾ ਤੇ ਹੋਰ ਅਨੇਕਾਂ ਗੁਣਾਂ ਦਾ ਪਾਲਣ ਕਰਨਾ ਉਹ ਸਾਰੇ ਏਸ ਕਰਕੇ ਹੁੰਦੇ ਨੇ ਕਿ ਏਸ ਫਸੇ ਹੋਏ ਜੀਵ ਨੂੰ ਛੁਡਾ ਲਿਆ ਜਾਵੇ ਤੇ ਆਪਣੇ ਸਰੂਪ ਦਾ ਇਹਨੂੰ ਗਿਆਨ ਹੋ ਜਾਵੇ ਤੇ ਪੂਰੀ ਤਰ੍ਹਾਂ ਵਿਸ਼ਵਾਸ਼ ਹੋ ਜਾਵੇ। ਸੋ ਆਹ ਵਿਸ਼ਵਾਸ਼ ਨਹੀਂ ਬਣਦਾ। ਵਿਸ਼ਵਾਸ਼ ਨੂੰ ਬਣਾਉਣ ਵਾਸਤੇ 1430 ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਜੇ ਇਹ ਇਸ ਆਸ਼ੇ ਨਾਲ ਪੜ੍ਹਦਾ ਹੈ ਕਿ ਮੈਨੂੰ ਵਿਸ਼ਵਾਸ਼ ਆ ਜਾਵੇ ਗੁਰੂ ਦੀ ਬਾਣੀ ਤੇ। ਗੁਰੂ ਕਹਿੰਦਾ ਹੈ ਤੇਰੇ ਅੰਦਰ ਬਾਹਰ ਹਰ ਥਾਂ ਦੇ ਉਤੇ ਵਾਹਿਗੁਰੂ ਹੈ। ਜੇ ਹਰ ਥਾਂ ਦੇ ਉਤੇ ਵਾਹਿਗੁਰੂ ਹੈ ਫੇਰ ਭਟਕਣ ਕਿਹੜੀ ਗੱਲ ਦੀ ਲੱਗੀ ਰਹਿੰਦੀ ਹੈ ਤੈਨੂੰ? ਤੈਨੂੰ ਘਾਟੇ ਕਿਹੜੀ ਗੱਲ ਦੇ ਪਏ ਰਹਿੰਦੇ ਨੇ? ਤੇਰੇ ਅੰਦਰ ਚਿੰਤਾ ਕਿਉਂ ਆਉਂਦੀ ਹੈ, ਤੇਰੇ ਅੰਦਰ ਘਬਰਾਹਟ (frustration) ਕਿਉਂ ਆਉਂਦੀ ਹੈ? ਏਸ ਕਰਕੇ ਕਿ ਤੂੰ ਇਹ ਗੱਲ intellectual level (ਬੌਧਿਕ ਪੱਧਰ) 'ਤੇ ਕਦੇ ਕਿਸੇ ਨੂੰ ਦੱਸਣ ਵਾਸਤੇ ਤਾਂ ਮੰਨੀ ਹੈ ਲੇਕਿਨ ਤੈਨੂੰ ਪੂਰਾ ਵਿਸ਼ਵਾਸ਼ ਨਹੀਂ ਹੋਇਆ। ਜੇ ਪੂਰਾ ਵਿਸ਼ਵਾਸ਼ ਹੋ ਜਾਵੇ -

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਅੰਗ - ੨੮੫*

ਓਸੇ ਵੇਲੇ ਤੱਤਵ ਦਾ ਗਿਆਨ ਉਹਦੇ ਮਨ 'ਚ ਪ੍ਰਗਟ ਹੋ ਕੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਸੋ ਏਸ ਤਰ੍ਹਾਂ ਨਾਲ ਮਹਾਰਾਜ ਜੀ ਨੇ ਓਹਦਾ ਇਕੋ ਹੀ ਸਾਧਨ ਦੱਸਿਆ ਹੈ ਕਿ ਹੋਰ ਮੈਂ ਸਾਰੇ ਹੀ ਸਾਧਨ ਛੱਡ ਦਿਤੇ ਤੇ ਅਸੀਂ ਨਾਮ ਧਿਆਉਣਾ ਸ਼ੁਰੂ ਕਰ ਦਿਤਾ। ਨਾਮ ਜਪਣਾ, ਭਜਨ ਕਰਨਾ, ਭਜਨ ਕਹਿੰਦੇ ਨੇ ਗਾਉਣਾ ਜਿਹੜਾ ਹੁੰਦਾ ਹੈ ਕਿ ਭਜਨ ਗਾ ਤੂੰ। ਭਜਨ ਕਰਨਾ, ਨਾਮ ਜਪਣਾ, ਨਾਮ ਧਿਆਉਣਾ, ਨਾਮ ਦੇ ਵਿਚ ਨਿਵਾਸ ਕਰਨਾ, ਨਾਮ ਦੇ ਵਿਚ ਘੁਲ ਮਿਲ ਕੇ ਇਕ ਹੋ ਜਾਣਾ ਕਿਉਂਕਿ ਵਾਹਿਗੁਰੂ ਦੇ ਵਿਚ ਮੈਂ ਰਹਿੰਦਾ ਹਾਂ। ਨਾਮ ਮਨ ਵਿਚ ਵਸ ਜਾਂਦਾ ਹੈ।

*ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥*
*ਅੰਗ - ੫੫*

ਮੈਨੂੰ ਨਾਮ ਦੇ ਅੰਦਰੋਂ ਖੋਜ ਲਓ, ਮੈਂ ਇਹਦੇ ਵਿਚ ਹੀ ਹਾਂ, ਫੇਰ ਮੈਂ ਤੇਰੇ ਅੰਦਰ ਹਾਂ, ਤੂੰ ਆਪੇ ਹੀ ਖੋਜ -

*ਮਨ ਮਹਿ ਆਪਿ ਮਨ ਅਪੁਨੇ ਮਾਹਿ॥ ਅੰਗ - ੨੭੯*

ਆਹ ਜਿਹੜੀ ਤੇਰੀ ਜਾਗ੍ਰਤ ਜਿਹੀ ਹੈ ਨਾ ਆਹ ਵਾਹਿਗੁਰੂ ਵਿਚ ਹੈ। ਸਰੀਰ ਨਹੀਂ ਜਾਗਦਾ, ਸਰੀਰ ਤਾਂ ਚਲਦਾ ਹੈ, ਕੰਮ ਕਰਦਾ ਹੈ, ਰਸਾਇਣਿਕ ਕਿਰਿਆ (chemical action) ਹੈ ਇਹਦੇ ਵਿਚ। chemical action ਦੇ ਨਾਲ ਸਾਨੂੰ ਜਾਗ ਜਿਹੀ ਮਹਿਸੂਸ ਦਿੰਦੀ ਹੈ। ਉਹ ਜਾਗ ਦੇ ਉਤੇ ਜਿਹੜਾ ਸਾਖੀ ਬੈਠਾ ਹੈ ਉਹ ਤੇਰਾ ਆਪਣਾ ਸਰੂਪ ਹੈ, ਉਹਨੂੰ ਪਛਾਣ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ- ੪੪੧*

ਸੋ ਇਹਨੂੰ ਪਛਾਨਣ ਵਾਸਤੇ ਇਕੋ ਹੀ ਸਾਧਨ ਹੈ ਕਿ ਆਦਮੀ ਸਾਮ੍ਹਣੇ ਨਿਸ਼ਾਨਾ (target) ਹੋਣਾ ਚਾਹੀਦਾ ਹੈ ਕਿ ਮੈਂ ਕਿਉਂ ਤੜਕੇ ਜਾਗਦਾ ਹਾਂ? ਇਹ ਜਿਹੜੇ ਅਧੂਰੇ ਜਿਹੇ ਭਰੋਸੇ ਨੇ, ਇਹ ਛੇਤੀ ਸਫਰ ਨਹੀਂ ਘਟਾਉਂਦੇ। ਏਸੇ ਕਰਕੇ ਮਹਾਂਪੁਰਸ਼ਾਂ ਦੀ ਲੋੜ ਹੁੰਦੀ ਹੈ। ਉਹ ਛੇਤੀ-ਛੇਤੀ ਦਸ ਦਿੰਦੇ ਨੇ।

ਕੱਲ੍ਹ ਮੈਂ ਇਕ ਪਿੰਡ ਵਿਚ ਗਿਆ। ਉਹ ਘਰ ਕੋਲ ਹੀ ਸੀ। ਸ਼ਾਮਿਆਨੇ ਵੀ ਨਜ਼ਰ ਆਉਣ ਤੇ ਆਵਾਜ਼ ਵੀ ਸੁਣੇ, ਰਸਤਾ ਨਾ ਲੱਭੇ ਸਾਨੂੰ। ਉਥੇ ਅਸੀਂ ਖੜ੍ਹੇ ਕਿ ਰਸਤਾ ਕਿਥੋਂ ਦੀ ਜਾਂਦਾ ਹੋਏਗਾ। ਜਿਹੜਾ ਰਸਤਾ ਸੀ ਉਹਦੇ ਵਿਚ ਪਾਣੀ ਭਰਿਆ ਪਿਆ ਸੀ। ਇਕ ਕੋਈ ਪ੍ਰੇਮੀ ਆਇਆ, ਕਹਿਣ ਲੱਗਿਆ, "ਤੁਸੀਂ ਕਾਰ ਪਿਛੇ ਕਰ ਲਓ, ਪਿਛੇ ਕਰ ਲਈ, ਮੂਹਰੇ-ਮੂਹਰੇ ਉਹ ਨੱਠਿਆ ਗਿਆ ਜਾ ਕੇ ਉਹਨੇ ਸਾਨੂੰ ਦਸ ਦਿਤਾ, ਗਿੱਲਾ ਜਿਹਾ ਖੇਤ ਸੀ। ਕਹਿੰਦਾ, ਇਹਦੇ ਵਿਚੋਂ ਕੱਢ ਲਓ, ਕੱਢ ਕੇ ਐਂ ਨੂੰ ਮੁੜ ਜਾਓ, ਓਸ ਘਰ ਦੇ ਕੋਲ ਜਾ ਪਹੁੰਚੋਂਗੇ। ਮੇਰੇ ਮਨ 'ਚ ਆਇਆ, ਦੇਖੋ ਦਿਨ ਹੈ, ਆਵਾਜ਼ ਸੁਣਦੀ ਹੈ, ਘਰ ਬਿਲਕੁਲ ਨਾਲ ਹੈ। ਸਾਰਾ ਹੀ ਡੇਢ ਸੌ ਗਜ਼ ਤੇ ਹੋਣਾ ਹੈ, ਇਸ ਤੋਂ ਜ਼ਿਆਦਾ ਨਹੀਂ ਸੀ ਕਿ ਉਹਦਾ ਹੀ ਰਾਹ ਨਹੀਂ ਲੱਭਦਾ। ਫੇਰ ਆਹ ਜਿਹੜਾ ਰੂਹਾਨੀ ਰਸਤਾ ਹੈ ਜਿਹੜਾ ਦਿਸਦਾ ਹੀ ਨਹੀਂ, ਜਿਹਨੂੰ ਗੁਪਤ ਮਾਰਗ ਕਹਿੰਦੇ ਨੇ, ਜਿਹਦੀ ਗੱਲ ਕਰੀਓ, ਨਹੀਂ ਜਾ ਸਕਦੀ, ਉਹ ਕਿਵੇਂ ਲੱਭ ਜਾਊਗਾ ਵਾਹਿਗੁਰੂ? ਸਾਡੇ ਵਿਚ ਵੱਡੀ ਅਹਿਮ ਗੱਲ ਹੈ, ਆਮ ਦੁਨੀਆਂ 'ਚ, ਜਿਸ ਨੂੰ ਗੁਰੂ

ਮਹਾਰਾਜ ਜੀ ਨੇ ਵਡਿਆਇਆ ਸੀ, ਤਿੰਨ ਚਾਰ ਸ਼ਬਦ ਮਹਾਰਾਜ ਜੀ ਨੇ ਬਹੁਤ ਉਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਸੀ। ਇਕ ਥਾਂ ਬ੍ਰਹਮਗਿਆਨੀ, ਇਕ ਸਾਧੂ, ਇਕ ਸੰਤ, ਇਕ ਗੁਰਮੁਖ। ਇਹ ਚਾਰ ਸ਼ਬਦਾਂ ਦਾ ਬਾਰ-ਬਾਰ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਸਾਰਿਆਂ ਨਾਲੋਂ ਜ਼ਿਆਦਾ ਸੰਤ ਦਾ, ਸਾਧੂ ਦਾ ਹੋਇਆ ਹੈ। ਸਾਰਿਆਂ ਨਾਲੋਂ ਨਫਰਤ ਸਾਡੇ ਦਿਲ ਵਿਚ ਸਾਧੂ ਤੇ ਸੰਤ ਵਾਸਤੇ ਹੋ ਗਈ। ਤਾਂ ਤਰਨ ਦਾ ਕੀ ਵਸੀਲਾ ਹੋਇਆ, ਉਹ ਤਾਂ ਫੇਰ ਭੁੱਲਣ ਦਾ, ਡੁੱਬਣ ਦਾ ਹੋਇਆ। ਸੋ ਡੁੱਬਣ ਦਾ ਸਾਧਨ ਉਨ੍ਹਾਂ ਦੇ ਕਰਮਾਂ ਕਰਕੇ ਹੈ। ਇਹ ਗੱਲ ਉਨ੍ਹਾਂ ਦੇ ਮਨ ਵਿਚ ਨਹੀਂ ਆ ਸਕਦੀ। ਨਾ ਆਉਣ ਕਰਕੇ ਇਹ ਗੱਲ ਹੁੰਦੀ ਤੁਰੀ ਜਾ ਰਹੀ ਹੈ। ਆਉਂਦਾ ਹੈ, ਜੀਵਨ ਕੱਟਦਾ ਹੈ, ਪਸ਼ੂਆਂ ਵਾਂਗਣ ਖਾ ਪੀ ਕੇ ਤੁਰ ਜਾਂਦਾ ਹੈ। ਪੈਦਾ ਹੋਇਆ, ਜੁਆਨ ਹੋਇਆ, ਬੱਚੇ ਵਿਆਹ ਲਏ, ਪੜ੍ਹਾ ਲਏ, ਬੁੱਢਾ ਹੋ ਗਿਆ, ਝੁਰਦਾ ਰਿਹਾ, ਝੁਰ ਕੇ ਅਖੀਰ ਦੁਨੀਆਂ ਦੇ ਉਤੋਂ ਤੁਰ ਗਿਆ। ਨਾ ਕੁਛ ਲੈਣ ਆਇਆ, ਨਾ ਕੁਛ ਦੇਣ ਆਇਆ, ਲੈ ਗਿਆ ਕੀ? ਪਾਪ ਬੰਨ੍ਹ ਕੇ ਲੈ ਗਿਆ। ਬੇਅੰਤ ਬੁਰੇ ਕਰਮ ਬੰਨ੍ਹ ਕੇ ਲੈ ਗਿਆ, ਮੁੜ ਕੇ ਲੰਮੇ ਚੱਕਰ 'ਚ ਪੈ ਕੇ ਲੰਮੇ ਸਫਰ ਦੀ ਤਿਆਰੀ ਕਰ ਲਈ। ਸੋ ਸਾਧਸੰਗਤ ਜੀ! ਸੰਗਤ ਏਸੇ ਕਰਕੇ ਵੱਡੀ ਚੀਜ਼ ਹੁੰਦੀ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਅੰਗ - ੬੪੨*

ਹਰੀ ਦਾ ਕੀਰਤਨ ਤੇ ਸਾਧੂ ਦੀ ਸੰਗਤ ਦੇ ਸਾਧਨ ਮਹਾਰਾਜ ਨੇ clear (ਸਪੱਸ਼ਟ) ਕਰਕੇ ਦੱਸੇ ਨੇ, ਅਗਰ ਮਗਰ ਕਰਕੇ ਜੇ ਅਸੀਂ ਅਰਥ ਕੱਢੀਏ ਨਾ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ clear ਸਪੱਸ਼ਟ ਤੌਰ ਤੇ ਖਾਲਸੇ ਦੀ ਪਰਿਭਾਸ਼ਾ (concept) ਦਿਤਾ ਹੋਇਆ ਹੈ। ਖਾਲਸਾ ਕੀ ਹੁੰਦਾ ਹੈ?

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋਹਿ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚ)*

ਬ੍ਰਹਮਗਿਆਨ ਦੀ ਪੂਰੀ ਅਵਸਥਾ ਹੈ ਖਾਲਸੇ ਦੀ। ਜਿਹਨੂੰ ਆਤਮਾ ਦਾ ਰਸ ਆ ਗਿਆ, ਮਹਾਰਾਜ ਕਹਿੰਦੇ ਮੇਰੇ ਵਿਚ ਤੇ ਵਾਹਿਗੁਰੂ ਵਿਚ ਤੇ ਓਸ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ। ਆਹ ਪ੍ਰੋਫੈਸਰਾਂ ਦੀਆਂ ਕਿਤਾਬਾਂ ਪੜ੍ਹ ਲਓ, ਬੇਅੰਤ ਲੇਖ ਦੇਖੀਦੇ ਨੇ. ਖਾਲਸਾ ਕੁਛ ਹੋਰ ਹੀ ਬਣਾ ਦਿਤਾ। ਮਹਾਰਾਜ ਜੀ ਕਹਿੰਦੇ ਨੇ -

*ਪੂਰਨ ਜੋਤ ਜਗੈ ਘਟ ਮੈ,*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਉਨ੍ਹਾਂ ਨਖਾਲਸਾਂ ਦੇ ਵਿਚੋਂ ਖਾਲਸ ਜਿਹੜਾ ਹੈ, ਉਹ ਹੈ ਜਿਹਦੇ ਅੰਦਰ ਪ੍ਰਮੇਸ਼ਰ ਦੀ ਪੂਰਨ ਜੋਤ ਜਾਗ ਗਈ। ਅਸੀਂ ਆਪਣੇ ਆਪ ਦਾ ਨਾਉਂ ਲਿਖਣਾ ਸ਼ੁਰੂ ਕਰ ਦਿਤਾ - ਫਲਾਣਾ ਸਿੰਘ ਖਾਲਸਾ, ਫਲਾਣਾ ਸਿੰਘ ਖਾਲਸਾ, ਜਿਵੇਂ ਲਿਖ ਦੇਈਏ - ਫਲਾਣਾ ਸਿੰਘ ਬ੍ਰਹਮਗਿਆਨੀ, ਫਲਾਣਾ ਸਿੰਘ ਬ੍ਰਹਮਗਿਆਨੀ। ਇਥੇ ਲਹਿਰ ਚਲਦੀ ਹੈ ਜਿਸ ਵਿਚ ਬ੍ਰਹਮਗਿਆਨੀ ਤੋਂ ਥੱਲੇ ਕੋਈ ਹੁੰਦਾ ਹੀ ਨਹੀਂ, ਇਵੇਂ ਜਿਵੇਂ ਸੰਤ ਹੈ। ਜਿਹੜਾ ਕੁਛ ਗੁਰੂ ਮਹਾਰਾਜ ਕਹਿੰਦੇ ਨੇ ਕਿ ਉਹ realised soul (ਆਤਮ ਪ੍ਰਕਾਸ਼ੀ ਰੂਹ) ਜਿਹਨੇ ਆਪਣੇ ਆਪ ਨੂੰ ਪਛਾਣ ਲਿਆ, ਭਾਈ! ਓਹਦੀ ਸੰਗਤ ਕਰ, ਜਾਗਿਆ ਹੋਇਆਂ ਦੀ ਸੰਗਤ ਵਿਚ ਆ। ਜਾਣਿਆ ਹੋਇਆਂ ਦੀ ਸੰਗਤ ਕਰ, 'ਹਰਿ ਕੀਰਤਨ' ਹਰੀ ਦੀ ਕੀਰਤੀ ਕਰੋ। ਜੁਗਤ ਸਿੱਖ, ਹਰੀ ਦਾ ਕੀਰਤਨ ਕਿਵੇਂ ਹੁੰਦਾ ਹੈ? ਮਹਾਰਾਜ ਕਹਿੰਦੇ ਜੇ ਅੰਨ੍ਹਾ ਮਨ ਗਾਉਂਦਾ ਹੈ ਉਹਨੂੰ ਕੋਈ ਫਰਕ ਨਹੀਂ ਪਿਆ ਕਰਦਾ। ਸੁਣਨ ਵਾਲੇ ਅਨੁਭਵ ਤੋਂ ਅੰਨੇ ਤੇ ਗਾਉਣ ਵਾਲੇ ਭੀ ਅੰਨ੍ਹੇ। ਮਹਾਰਾਜ ਨੇ ਕਿਹਾ ਹੈ ਅਗਿਆਨੀ ਗਾ ਰਿਹਾ ਹੈ ਹਰੀ ਦਾ ਜਸ, ਅਗਿਆਨੀ ਹੀ ਸੁਣ ਰਹੇ ਨੇ। ਕੁਛ ਬਣਨਾ ਨਹੀਂ ਹੈ, ਐਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ ਬਚਨ। ਸੋ ਜਦੋਂ ਅਸੀਂ ਜਾਗ ਕੇ ਗਾਉਨੇ ਹਾਂ ਨਾ - ਪ੍ਰਮੇਸ਼ਰ ਨੂੰ ਸਾਮ੍ਹਣੇ ਰੱਖ ਕੇ, ਸਾਡਾ ਧੇਅ ਹੁੰਦਾ ਹੈ, ਓਸ ਵੇਲੇ ਜਿਹੜੇ ਵੀ ਬਚਨ ਨਿਕਲਦੇ ਨੇ, ਉਹ ਸਾਰੇ ਦੇ ਸਾਰੇ ਸੂਰਮੇ ਦੇ ਬਾਣ ਹੁੰਦੇ ਨੇ -

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥*
*ਅੰਗ - ੧੩੭੪*

ਬਾਣ ਤਾਂ ਪੂਰੇ ਨੇ ਤੇ ਕਮਾਨ ਜਿਹੜੀ ਹੈ ਉਹ ਪੂਰਾ ਬਲ ਨਹੀਂ ਲਾ ਰਹੀ। ਬਾਣਾਂ 'ਚ ਕੋਈ ਫਰਕ ਨਹੀਂ ਹੈ। ਬਾਣ ਗੁਰੂ ਦੀ ਬਾਣੀ ਦੇ ਨੇ ਲੇਕਿਨ ਜਿਸ ਕਮਾਨ ਦੇ ਚਿਲ੍ਹੇ ਤੇ ਚੜ੍ਹ ਕੇ ਆ ਰਹੇ ਨੇ ਉਹ ਚਿਲ੍ਹਾ ਜਿਹੜਾ ਹੈ ਉਹ ਮਜ਼ਬੂਤ ਨਹੀਂ ਹੈ, ਏਸ ਕਰਕੇ ਹਿਰਦਿਆਂ 'ਚ ਘਾਵ ਨਹੀਂ ਪਾ ਰਿਹਾ। ਸੋ ਏਸ ਕਰਕੇ ਸਾਧਸੰਗਤ ਜੀ ਤੁਸੀਂ ਅੰਮ੍ਰਿਤ ਵੇਲੇ ਜਾਗਦੇ ਓਂ, ਮੇਰੀ ਤਾਂ ਇਹੀ ਬੇਨਤੀ ਹੁੰਦੀ ਹੈ ਕਿ ਪਛਾਣੋਂ, ਆਪਣੇ ਆਪ ਨੂੰ ਪਛਾਨਣ ਦਾ ਜਤਨ ਕਰੋ। ਚੜ੍ਹਾਈ ਕਰੋ, ਮੁੜ ਕੇ ਇਹ ਜਿਹੜਾ ਮਾਇਆ ਦਾ ਵੇਗ ਹੈ, ਇਹਦੇ 'ਚ ਹੱਥ ਪੈਰ ਮਾਰੋ, ਸਿਥਲ ਹੋ

(ਪੰਨਾ 31 ਦੀ ਬਾਕੀ)

ਕੇ ਨਾ ਪਏ ਰਹੋ। ਆਪਣੇ ਆਪ ਨੂੰ free (ਆਜ਼ਾਦ) ਕਰਨ ਦਾ ਜਤਨ ਕਰੋ। ਬੇੜੀਆਂ, ਹੱਥਕੜੀਆਂ ਬੇਅੰਤ ਪਈਆਂ ਹੋਈਆਂ ਨੇ। ਇਕ-ਇਕ ਕਰਕੇ ਤੋੜਦੇ ਜਾਵਾਂਗੇ ਤਾਂ ਟੁੱਟਣਗੀਆਂ। ਇਹ ਸਮਾਂ ਜਿਹੜਾ ਅੰਮ੍ਰਿਤ ਵੇਲੇ ਦਾ ਹੈ, ਇਹਦਾ ਫਲ ਤਾਂ ਮਿਲੇਗਾ ਸਾਨੂੰ। ਸਵਰਗਾਂ ਵਿਚ ਜਾਵਾਂਗੇ, ਬੜਾ ਸੁਖ ਪ੍ਰਾਪਤ ਹੋ ਜਾਵੇਗਾ ਲੇਕਿਨ ਜਿਹੜਾ ਅਸਲੀ ਮੰਤਵ ਹੈ ਉਹ ਪ੍ਰਾਪਤ ਨਹੀਂ ਹੁੰਦਾ ਜਦੋਂ ਤਕ ਕਿ ਗਿਆਨ ਨਹੀਂ ਹੁੰਦਾ। ਜਿੰਨੀ ਦੇਰ ਤੱਕ ਆਦਮੀ ਦੇ ਮਨ ਵਿਚ ਪ੍ਰਕਾਸ਼ ਨਹੀਂ ਹੁੰਦਾ, ਓਨੀਂ ਦੇਰ ਤੱਕ ਇਹਦਾ ਜਨਮ ਮਰਨ ਤੋਂ ਛੁਟਕਾਰਾ ਨਹੀਂ ਹੁੰਦਾ। ਸੋ ਇਹ ਜੋ ਬਚਨ ਮਹਾਰਾਜ ਜੀ ਦਾ ਆਇਆ ਹੈ -

*ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥*
*ਆਨ ਸਗਲ ਬਿਧਿ ਕਾਂਮਿ ਨ ਆਵੈ*
*ਹਰਿ ਹਰਿ ਨਾਮੁ ਧਿਆਇਆ ॥* ਅੰਗ - ੬੭੬

ਸਾਧੂ ਸਾਨੂੰ ਮਿਲ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਦਾ ਸਾਨੂੰ ਗਿਆਨ ਹੋ ਜਾਵੇ। ਇਹਦੇ ਵਿਚ ਇਕੋ ਹੀ ਮਹਾਰਾਜ ਨੇ ਕਿਹਾ ਹੈ ਕਿ ਹੋਰ ਸਭ ਕੁਛ ਛੱਡ ਦਿਤਾ, ਤੇਰਾ ਨਾਮ ਧਿਆਉਣਾ ਸ਼ੁਰੂ ਕਰ ਦਿਤਾ। ਸੋ ਨਾਮ ਦੇ ਵੱਲ ਆਓ, ਨਾਮ ਨੂੰ ਸਮਝਣ ਦਾ ਜਤਨ ਕਰੋ ਕਿਉਂਕਿ ਨਾਮ ਬਾਰੇ ਮਹਾਰਾਜ ਬਾਰ-ਬਾਰ ਕਹੀ ਜਾਂਦੇ ਨੇ ਕਿ ਨਾਮ ਜਿਹੜਾ ਹੈ ਉਹ ਤੁਹਾਡੇ ਅੰਦਰ ਪਿਆ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* ਅੰਗ - ੨੯੩

ਇਸ਼ਾਰੇ ਕਰ-ਕਰ ਕੇ ਦੱਸੀ ਜਾਂਦੇ ਨੇ ਕਿ ਆਹ ਦੇਹੀ ਦੇ ਵਿਚ ਜਿਥੇ ਉਹ ਨਾਮ ਰਹਿੰਦਾ ਹੈ -

*ਸੁੰਨ ਸਮਾਧਿ............॥* ਅੰਗ - ੨੯੩

ਓਥੇ ਫੁਰਨਾ ਹੀ ਨਹੀਂ ਹੋਈ।

*ਅਨਹਤ ਤਹ ਨਾਦ ॥* ਅੰਗ - ੨੯੩

ਓਥੇ ਅਨਹਤ ਨਾਦ ਵਜਦੇ ਨੇ ਤੇ ਓਥੇ ਐਨਾ ਅਨੰਦ ਹੈ -

*ਕਹਨੁ ਨ ਜਾਈ ਅਚਰਜ ਬਿਸਮਾਦ ॥* ਅੰਗ - ੨੯੩

ਸੋ ਇਹ ਨਾਮ ਦੀ ਪ੍ਰਾਪਤੀ ਵਾਸਤੇ, ਮੰਤਰ ਦਾ ਜਾਪ ਕਰੋ, ਹਰੀ ਦਾ ਜਸ ਕਰੋ, ਬਾਣੀ ਪੜ੍ਹਿਆ ਕਰੋ ਤੇ ਆਪਣੇ ਜੀਵਨ ਨੂੰ ਸੋਧ ਕੇ, ਸ਼ੁਧ ਕਰਕੇ ਚੱਲਣ ਦਾ ਜਤਨ ਕਰੋ, ਫੇਰ ਅਸੀਂ ਆਪਣੇ ਲਕਸ਼ ਵਲ ਨੂੰ ਵਧਦੇ ਜਾਵਾਂਗੇ।

ਦੇ ਘਟ-ਘਟ 'ਚ ਵਿਆਪਕ ਹੈ। ਇਥੇ ਤੂੰ ਕੋਈ ਸ਼ੰਕਾ ਨਹੀਂ ਕਰਨਾ ਪ੍ਰੇਮੀਆਂ। ਇਹ ਬੜੀ ਔਖੀ ਗੱਲ ਹੈ। ***'ਸਭੈ ਸਿਕਾਂ ਪਰਹਰੈ ਸੁਖੁ ਇਕਤੁ ਸਿਕੀ।'*** ਸਾਰੀਆਂ ਸਿੱਕਾਂ ਨੂੰ ਝਾੜੂ ਦੇ ਕੇ ਬਾਹਰ ਸੁੱਟਣਾ ਪੈਣੈ। ਸਿੱਕ ਇੱਕੋ ਹੀ ਰੱਖਣੀ ਹੈ ਕਿ ਭਜਨ ਕਰਕੇ, ਆਪਣੇ ਸਰੂਪ ਦਾ ਗਿਆਨ ਕਰਕੇ -

*ਆਤਮਾ ਪਰਾਤਮਾ ਏਕੋ ਕਰੈ ॥* ਅੰਗ - ੬੬੧

ਆਪਣੇ ਅੰਦਰ ਵੀ ਇਕ ਆਤਮਾ ਦਾ ਪ੍ਰਕਾਸ਼, ਸਾਰਿਆਂ ਦੇ ਅੰਦਰ ਇਕ ਆਤਮਾ ਦਾ ਪ੍ਰਕਾਸ਼ ਦੇਖ ਕੇ ਦੂਜਾ ਖਤਮ ਕਰਨੈ। ***'ਸੁਖੁ ਇਕਤੁ ਸਿਕੀ।'*** ਸੁਖ ਇਹਦੇ ਵਿਚ ਹੀ ਹੈ ਜਿਹੜਾ ਦਵੈਤ ਨਾਸ਼ ਕਰਕੇ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਨੂੰ ਦੇਖਣਾ।

'ਚਲਦਾ..................।'

**(ਵੀਡੀਓ ਫਿਲਮ, ਦੀਵਾਨ ਨੰ: 119)**

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ'*

*ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥*
*ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ॥*
*ਅੰਗ - ੧੩੬੫*

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - ੧੩੭੭*

ਗੁਰੂ ਪਿਆਰੀ ਸਾਧ ਸੰਗਤ ਜੀ! ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਅਪਾਰ ਕ੍ਰਿਪਾ ਹੋਈ ਹੈ। ਕਾਫੀ ਸਮੇਂ ਤੋਂ ਬੈਠ ਕੇ ਆਪ ਸਭ ਨੇ ਸਤਿਸੰਗ ਦਾ ਅਨੰਦ ਮਾਣਿਆ। ਜਿਥੇ ਨਾਮ ਦੀ ਜੁਗਤ ਮਿਲੇ, ਨਾਮ ਨਾਲ ਜੁੜਿਆ ਜਾਵੇ, ਉਹਨੂੰ ਸਤਿਸੰਗ ਕਿਹਾ ਹੈ। ਸਤਿਸੰਗ ਵਿਚ ਹੋਰ ਤਾਂ ਕੋਈ ਗੱਲ ਦੂਜੀ ਹੁੰਦੀ ਹੀ ਨਹੀਂ, ਕੇਵਲ ਨਾਮ ਨਾਲ ਜੁੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ -

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥*
*ਅੰਗ - ੯੫੧*

ਜੋ ਸਾਖੀ ਪ੍ਰਮਾਣ ਦੇ ਨਾਲ, ਸਮਝਾਉਂਦੀ ਹੈ। ਜਿਵੇਂ ਅਜਾਮਲ ਨੇ ਇਕ ਵਾਰੀ ਹੀ ਨਰਾਇਣ ਕਿਹਾ-

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥ ਅੰਗ - ੧੧੯੨*

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥*
*ਅੰਗ- ੬੩੨*

ਇਸੇ ਤਰ੍ਹਾਂ ਗਨਕਾ ਨੂੰ ਮਹਾਂਪੁਰਸ਼ਾਂ ਨੇ ਜੁਗਤ ਦਸੀ -

*ਗਨਿਕਾ ਪਾਪਣ ਹੋਇਕੇ ਪਾਪਾਂ ਦਾ ਗਲ ਹਾਰ ਪਰੋਤਾ।*
*ਭਾਈ ਗੁਰਦਾਸ ਜੀ*

ਮਾਨੋ ਪਾਪਾਂ ਦੀ ਹੀ ਮੂਰਤੀ ਸੀ। ਐਨੇ ਪਾਪ ਕੀਤੇ ਕਿ ਜਿਵੇਂ ਗਲਾਂ ਦੇ ਵਿਚ ਹਾਰ ਪਾਏ ਹੋਣ। ਗਿਣਤੀ ਤੋਂ ਬਾਹਰ ਪਾਪ ਕੀਤੇ -

*ਮਹਾਂ ਪੁਰਖੁ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।*
*ਭਾਈ ਗੁਰਦਾਸ ਜੀ*

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪*

ਕੋਈ ਪੂਰਬਲਾ ਕਰਮ ਜਾਗਿਆ, ਕਿੱਡੀ ਕ੍ਰਿਪਾ ਹੋ ਗਈ। ਇਹ ਚੰਗੇ ਭਾਗਾਂ ਦੀ ਨਿਸ਼ਾਨੀ ਹੈ ਕਿ ਸਾਨੂੰ ਇਸ ਕਲਜੁਗ ਦੇ ਭਿਆਨਕ ਸਮੇਂ ਵਿਚ, ਸ੍ਰੀ ਅਨੰਦਪੁਰ ਸਾਹਿਬ ਜੀ ਦੇ ਇਲਾਕੇ ਵਿਚ, ਜਿਥੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਢੇ 29 ਸਾਲ ਇਸ ਪਵਿੱਤਰ ਨਗਰੀ ਦੇ ਵਿਚ ਗੁਜ਼ਰਾਨ ਕੀਤੇ। ਸਾਰੇ ਆਲੇ-ਦੁਆਲੇ ਵਿਚ ਸਤਿਗੁਰਾਂ ਦੇ ਘੋੜੇ ਦੀ ਛਾਪ ਪਈ ਹੈ। ਜਗ੍ਹਾਂ-ਜਗ੍ਹਾਂ ਦੇ ਉਤੇ ਸਤਿਗੁਰਾਂ ਦੇ ਚਰਨ ਪਏ ਹਨ। ਬਹੁਤ ਹੀ ਸੁਹਾਵਣਾ ਰਮਣੀਕ ਅਸਥਾਨ ਹੈ। ਆਓ ਪੂਰਾ-ਪੂਰਾ ਸਤਿਸੰਗ ਦਾ ਲਾਹਾ ਲਈਏ। ਸਤਿਸੰਗ ਦੇ ਵਿਚ ਲਾਹਾ ਕਿਵੇਂ ਮਿਲਦਾ ਹੈ। ਜਦੋਂ ਅਸੀਂ ਪੂਰੀ ਇਕਾਗਰਤਾ ਦੇ ਨਾਲ ਬੈਠ ਕੇ -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ - ੨੯੫*

ਜਦੋਂ ਪੂਰੀ ਇਕਾਗਰਤਾ ਦੇ ਨਾਲ ਸਤਿਸੰਗ ਕਰਾਂਗੇ ਤਾਂ ਥੋੜ੍ਹਾ ਜਿਹਾ ਸਮਾਂ ਹੀ ਕਿੰਨਾ ਲਾਹੇਵੰਦ ਬਣ ਜਾਦਾ ਹੈ। ਇਹਦਾ ਕਿੰਨਾ ਹੀ ਫਲ ਮਿਲ ਜਾਂਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਚਿੱਤ ਦੀ ਇਕਾਗਰਤਾ ਦੀ ਲੋੜ ਹੈ, ਸਾਵਧਾਨਤਾ ਦੀ ਲੋੜ ਹੈ। ਥੋੜ੍ਹਾ ਜਿਹਾ ਸਮਾਂ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨਾ ਆਇਓ।*

ਥੋੜ੍ਹਾ ਜਿਹਾ ਹੀ ਸਮਾਂ, ਸਾਢੇ 24 ਮਿੰਟ ਦੀ ਘੜੀ ਹੁੰਦੀ ਹੈ, ਅੱਧੀ ਤੋਂ ਵੀ ਅੱਧੀ ਘੜੀ, ਇਸ ਦਾ ਵੀ ਲਾਭ ਹੀ ਲਾਭ ਹੈ -***'ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥'***

ਦੂਜੇ ਪਾਸੇ ਘਾਟਾ ਹੀ ਘਾਟਾ ਹੈ। ਉਹ ਹੈ ਕੁਸੰਗ। ਕੁਸੰਗ ਤਾਂ ਹਰ ਥਾਂ 'ਤੇ ਮਿਲ ਜਾਂਦਾ ਹੈ। ਜਿਵੇਂ ਨਿਵਾਣ ਵਲ ਜਾਂਦਾ ਹੈ, ਪਰ ਸਤਿਸੰਗ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

*ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥*
*ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥*

*ਅੰਗ - ੧੩੬੯*

ਸਾਧੂਆਂ ਦੀ ਸੰਗਤ ਕੀਤੀ ਹੋਈ ਅੰਤ ਸਮੇਂ ਕਿੱਡੀ ਕ੍ਰਿਪਾ ਕਰਦੀ ਹੈ। 'ਅੰਤ ਮਤੇ ਸੋਈ ਗਤੇ।' ਕਿਉਂਕਿ -

*.....ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ - ੯੪*

ਸੰਗਤ ਕਰਦੇ-ਕਰਦੇ ਰੰਗਤ ਲਗਦੀ ਹੈ। ਸੰਗਤ ਦਾ ਹੀ ਅਸਰ ਪੈਂਦਾ ਹੈ। ਕਿਉਂਕਿ ਸੰਗਤ ਵਿਚ ਜਿੰਨੇ ਕਦਮ ਕੋਈ ਚੱਲ ਕੇ ਆਉਂਦਾ ਹੈ ਓਨੇ ਅਸ੍ਵਮੇਧ ਯੱਗ ਦਾ ਫਲ ਮਿਲਦਾ ਹੈ -

*ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ।*
*ਸਤਿਗੁਰ ਕੋਟਿ ਪੈਡਾ ਆਗੈ ਹੋਇ ਲੇਤ ਹੈ।*

*ਭਾਈ ਗੁਰਦਾਸ ਜੀ*

ਗੁਰੂ ਦਰਬਾਰ ਵਲ ਚਲ ਕੇ ਜਾਓ, ਗੁਰੂ ਪਾਤਸ਼ਾਹ ਅੱਗੋਂ ਲੈਣ ਵਾਸਤੇ ਜਾਂਦੇ ਨੇ। ਕਿੰਨੀਆਂ ਖੁਸ਼ੀਆਂ ਬਖਸ਼ਿਸ਼ ਹੁੰਦੀਆਂ ਨੇ ਇਸ ਦਰ 'ਤੇ। ਕੋਈ ਗਿਣਤੀ ਹੈ? ਨਹੀਂ -

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥ ਅੰਗ - ੪੪*

ਨਿਮਖ ਕਿੰਨਾ ਕੁ ਸਮਾਂ ਹੈ। ਅੱਖ ਦੇ ਝਮਕਣ ਜਿੰਨਾਂ ਸਮਾਂ ਵੀ ਝਲਕਾਰਾ ਵਜ ਗਿਆ। ਕਿੰਨੀ ਸ਼ਾਂਤੀ ਮਿਲ ਜਾਂਦੀ ਹੈ-

*ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥ ਅੰਗ - ੭੦੯*

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥*

*ਅੰਗ - ੧੩੬੫*

ਇਹ ਕਿੰਨੀ ਸੁਗੰਧੀ ਭਰ ਦਿੰਦਾ ਹੈ ਪਰ ਸਾਰਿਆਂ ਤੋਂ ਜਿਹੜਾ ਸੀਤਲ ਹੈ, ਸ਼ਾਂਤੀ ਬਖਸ਼ਿਸ਼ ਕਰਨ ਵਾਲਾ ਹੈ ਉਹ ਹੈ ਨਾਮ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ - ੮੧*

ਕਿੱਡੀ ਇਸ ਦੀ ਕੀਮਤ ਹੈ ਕੋਈ ਦਸ ਨਹੀਂ ਸਕਿਆ। ਇਹਦੀ ਮਹਿਮਾ ਕਹੀ ਨਹੀਂ ਜਾ ਸਕਦੀ-

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥ ਅੰਗ- ੨੬੫*

ਸਤਿਸੰਗ ਵੱਡਿਆਂ ਭਾਗਾਂ ਵਾਲਿਆਂ ਨੂੰ ਮਿਲਦੀ ਹੈ।

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

'ਵਾਹਿਗੁਰੂ' ਬਹੁਤ ਤਾਕਤਵਰ ਮੰਤਰ ਹੈ। ਕਲਜੁਗ ਦੇ ਸਮੇਂ ਦੇ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਲੈ ਕੇ ਆਏ। ਹੁਣ ਜਿੰਨੀ ਵੀ ਬਾਣੀ ਹੈ ਸਾਰੀ ਬਾਣੀ ਨਾਮ ਨਾਲ ਜੋੜਦੀ ਹੈ। ਜਿੰਨੇ ਵੀ ਸਾਰੇ -

*ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ਅੰਗ- ੭੬੧*

ਜਿੰਨੇ ਵੀ ਧਰਮ ਗ੍ਰੰਥ ਹਨ - ਵੇਦ, ਪੁਰਾਣ, ਬਾਈਬਲ, ਕੁਰਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਇਹ ਸਾਰੇ ਹੀ ਨਾਮ ਨਾਲ ਜੋੜਦੇ ਹਨ। ਨਾਮ ਕਿਤੇ ਬਾਹਰ ਨਹੀਂ ਇਹ ਸਭ ਦੇ ਅੰਦਰ ਹੈ। ਗੁਰੂ, ਪੀਰ, ਅਚਾਰੀਆ ਮੰਤਰ ਦਿੰਦੇ ਨੇ। ਮੰਤਰ ਦੀ ਕਮਾਈ ਕਰਕੇ ਨਾਮ ਤਕ ਰਸਵਾਈ ਹੁੰਦੀ ਹੈ। ਇਹ ਸ਼ੁਰੂ ਤੋਂ ਹੀ ਚੱਲਿਆ ਆਉਂਦਾ ਹੈ। ਗੁਰੂ ਸਦਾ ਹੀ ਬਾਣੀ ਹੈ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ- ੯੮੨*

ਇਸ ਕਰਕੇ ਇਹ ਜੁਗੋ ਜੁਗ ਅਟੱਲ ਹੈ। ਸਤਿਜੁਗ ਦਾ ਸਮਾਂ ਸੀ ਉਸ ਸਮੇਂ ਵੀ ਗੁਰੂ ਬਾਣੀ ਸੰਗਤ ਵਿਚ ਗਾਈ ਜਾਂਦੀ।

*ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।*
*ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।*

*ਭਾਈ ਗੁਰਦਾਸ ਜੀ*

ਸਤਿਜੁਗ ਦਾ ਸਮਾਂ ਸੀ। ਅਯੁੱਧਿਆ ਨਗਰੀ। ਉਥੋਂ ਦਾ ਰਾਜਾ ਹਰੀਚੰਦ ਉਸ ਦੇ ਘਰ ਬਹੁਤ ਹੀ ਸੁੰਦਰ ਤਾਰਾ ਲੋਚਨ ਰਾਣੀ ਸੀ। ਜੋ ਸਤਿਸੰਗ ਨੂੰ ਪਿਆਰ ਕਰਦੀ ਸੀ। ਸੋ ਉਸੇ ਨਗਰੀ ਵਿਚ ਇਕਾਂਤ ਜਗ੍ਹਾਂ ਦੇ ਉਤੇ ਸਤਿਸੰਗ ਹੁੰਦਾ ਸੀ ਰਾਤ ਨੂੰ। ਜਦੋਂ ਟਿਕੀ ਹੋਈ ਰਾਤ ਹੁੰਦੀ, ਉਸ ਸਮੇਂ ਸਾਰੇ ਇਕੱਠੇ ਹੁੰਦੇ। ਦੁਨੀਆਂ ਸੁੱਤੀ ਪਈ ਹੁੰਦੀ। ਕਿਉਂਕਿ ਰਾਤ ਨੂੰ ਇਨਸਾਨ ਸੁੱਤਾ ਰਹਿੰਦਾ ਹੈ -

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ - ੧੫੬*

ਸਾਰੀ ਰਾਤ ਸੌਂ ਕੇ ਲੰਘ ਜਾਂਦੀ ਹੈ। ਸਾਰਾ ਦਿਨ ਧੰਦੇ-ਧੰਦਾਰਾਂ ਦੇ ਵਿਚ ਲੰਘ ਜਾਂਦਾ ਹੈ। ਰਾਤ ਵਿਸ਼ੇ-ਵਿਕਾਰਾਂ ਦੇ ਵਿਚ ਬਤੀਤ ਹੋ ਜਾਂਦੀ ਹੈ।

ਹਰੀ ਚੰਦ ਰਾਜਾ ਐਸਾ ਸੀ ਇਹਨੂੰ ਅਜੇ ਸਤਿਸੰਗ ਦੀ ਲਾਗ ਨਹੀਂ ਸੀ ਲੱਗੀ। ਕੋਈ ਜਾਗ

ਨਹੀਂ ਸੀ ਲੱਗੀ। ਇਹ ਰਾਜ ਦੇ ਕੰਮਾਂ ਵਿਚ ਮਸਤ ਸੀ। ਰਾਜ ਦੇ ਵਿਚ ਮਦਹੋਸ਼ ਸੀ -

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*

*ਅੰਗ - ੧੨੮੮*

ਇਹ ਨਸ਼ੇ ਨੇ ਰਾਜ ਮਧ, ਜਵਾਨੀ ਮਧ, ਜਾਤ ਦਾ ਹੈ, ਜੋਬਨ ਦਾ ਨਸ਼ਾ ਹੈ। ਇਹ ਸਾਰੇ ਠੱਗ ਨੇ ਇਹ ਸਾਰੇ ਜੀਵ ਨੂੰ ਠੱਗਦੇ ਜਾਂਦੇ ਨੇ। ਸੋ ਇਸ ਨੂੰ ਰਾਜ ਦਾ ਐਨਾ ਨਸ਼ਾ ਸੀ ਕਿ ਸਤਿਸੰਗ ਦਾ ਤਾਂ ਕੁਝ ਪਤਾ ਹੀ ਨਹੀਂ ਸੀ। ਪਰ ਰਾਣੀ ਸਿਆਣੀ ਸੀ ਜੋ ਸਤਿਸੰਗ ਦੇ ਵਿਚ ਜਾਂਦੀ ਸੀ। ਇਸ ਤੋਂ ਜਾਂਦੀ ਵੀ ਚੋਰੀ ਸੀ। ਕਿਉਂਕਿ ਸਾਕਤ ਤੋਂ ਤਾਂ ਦੂਰੀ ਹੀ ਠੀਕ ਹੈ -

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥*

*ਅੰਗ - ੧੩੭੧*

ਹੁਣ ਰਾਜੇ ਨੂੰ ਇਸ ਗੱਲ ਦਾ ਪਤਾ ਨਹੀਂ ਸੀ। ਰਾਣੀ ਸਤਿਸੰਗ 'ਚ ਜਾ ਕੇ ਗੁਰਬਾਣੀ ਗਾਉਂਦੀ। ਰਲ ਮਿਲ ਕੇ ਜਦੋਂ ਬਾਣੀ ਗਾਈ ਜਾਂਦੀ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

*ਅੰਗ - ੫੪੬*

ਕ੍ਰੋੜਾਂ ਯੱਗਾਂ ਦਾ ਫਲ ਮਿਲਦਾ ਹੈ -

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ ॥* *ਅੰਗ - ੯੨੦*

ਇਹ ਬਾਣੀ ਸੱਚੀ ਬਾਣੀ ਹੈ, ਜੋ ਨਾਮ ਨਾਲ ਜੋੜਦੀ ਹੈ। ਕੱਚੀ ਬਾਣੀ ਵੀ ਹੈ ਜਿਹੜੀ ਨਾਮ ਨਾਲੋਂ ਤੋੜਦੀ ਹੈ। ਕੱਚੀ ਬਾਣੀ ਜੋ ਗੰਦੇ ਗੀਤ, ਗਾਉਣ ਵਾਲੇ ਕੱਚੇ, ਸੁਣਨ ਵਾਲੇ ਵੀ ਕੱਚੇ -

*ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥*
*ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥*

*ਅੰਗ - ੯੨੦*

ਇਸ ਨਾਲ ਵਾਸ਼ਨਾਵਾਂ ਜਾਗਦੀਆਂ ਹਨ। ਗੁਰਬਾਣੀ ਗਾਉਣ ਤੇ ਪੜ੍ਹਨ ਨਾਲ ਵਾਸ਼ਨਾਵਾਂ ਸ਼ਾਂਤ ਹੋ ਜਾਂਦੀਆਂ ਨੇ। ਮਨੋ ਨਾਸ਼, ਵਾਸ਼ਨਾ ਖ੍ਯੈ, ਤੱਤ ਗਿਆਨ ਹੋ ਜਾਂਦਾ ਹੈ।

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ - ੩*

ਸਾਰੇ ਪਾਪਾਂ ਦਾ ਨਾਸ਼ ਇਹ ਬਾਣੀ ਕਰਦੀ ਹੈ-

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥*
*ਅਨਦ ਕਰਹਿ ਨਰ ਨਾਰੀ ॥*
*ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥*
*ਸੰਤਹੁ ਸੁਖੁ ਹੋਆ ਸਭ ਥਾਈ ॥*
*ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥*
*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥* *ਅੰਗ - ੬੨੮*

ਜਿਹੜੀ ਗੁਰੂ ਦੇ ਰਾਹੀਂ ਆਈ ਉਹ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਭਗਤਾਂ ਦੀ ਬਾਣੀ, ਭੱਟਾਂ ਦੀ ਬਾਣੀ, ਸਿੱਖਾਂ ਦੀ ਬਾਣੀ, ਛੇ ਗੁਰੂ ਸਾਹਿਬਾਨ ਦੀ ਬਾਣੀ ਹੈ।

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* *ਅੰਗ - ੭੯੭*

ਹਰੀਚੰਦ ਦੀ ਰਾਣੀ ਕੋਲ ਭਾਵੇਂ ਸਾਰੇ ਸੁਖ ਸਨ। ਦੁਨਿਆਵੀ ਸੁਖਾਂ ਦੀ ਕੋਈ ਘਾਟ ਨਹੀਂ ਸੀ। ਘਾਟ ਕੀ ਸੀ? ਸਤਿਸੰਗ ਦੀ। ਉਹ ਰਾਣੀ ਇਸ ਗੱਲ ਦੀ ਘਾਟ ਮਹਿਸੂਸ ਕਰਦੀ। ਆਪਣੀ ਗੋਲੀ ਨੂੰ ਉਸ ਨੇ ਪੁੱਛਿਆ ਕਿ ਇਥੇ ਕਿਤੇ ਸਤਿਸੰਗ ਹੁੰਦੈ? ਤਾਂ ਉਸ ਨੇ ਦਸਿਆ ਕਿ ਇਥੇ ਹੀ ਅਯੁੱਧਿਆ ਨਗਰੀ ਵਿਚ, ਰਾਤ ਦੇ ਟਿਕਾਅ ਵਿਚ, ਇਕ ਇਕਾਂਤ ਅਸਥਾਨ 'ਤੇ, ਉਥੇ ਸਾਰੇ ਸਤਿਸੰਗੀ ਜਨ ਇਕੱਠੇ ਹੋ ਕੇ ਗੁਰਬਾਣੀ ਗਾਉਂਦੇ ਹਨ। ਜਦੋਂ ਦੁਨੀਆਂ ਗ਼ਫ਼ਲਤ ਦੀ ਨੀਂਦ ਵਿਚ ਸੁੱਤੀ ਪਈ ਹੁੰਦੀ ਹੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*

*ਅੰਗ - ੯੨੦*

ਤਿੰਨੋ ਗੁਣਾਂ ਦੇ ਵਿਚ ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹਨਾਂ ਦੇ ਵਿਚ ਸਾਰਾ ਸੰਸਾਰ ਸੁੱਤਾ ਪਿਆ ਹੈ। ਸੁੱਤਾ ਵੀ ਕਿੰਨਾ ਹੈ? ਇਕ ਤਾਂ ਸੌਣਾ ਹੈ ਸਰੀਰ ਦੀ ਨੀਂਦ। ਇਹ ਨੀਂਦ ਪੂਰੀ ਹੋ ਗਈ ਜਾਗ ਜਾਂਦਾ ਹੈ। ਸਰੀਰ recharge ਹੋ ਜਾਂਦਾ ਹੈ। ਜਿਵੇਂ ਪ੍ਰਸ਼ਾਦੇ ਪਾਣੀ ਦੀ ਲੋੜ ਹੈ -

*ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥ ਅੰਗ - ੧੩੮੩*

ਇਸੇ ਤਰ੍ਹਾਂ ਦਿਮਾਗ ਨੂੰ ਸ਼ਾਂਤ ਕਰਨ ਵਾਸਤੇ, ਸੈੱਲਾਂ ਨੂੰ recharge ਕਰਨ ਵਾਸਤੇ ਨੀਂਦ ਬਹੁਤ ਜ਼ਰੂਰੀ ਹੈ। ਚਲੋ, ਇਹ ਤਾਂ ਸਰੀਰਕ ਲੋੜ ਹੈ। ਪਰ ਇਕ ਐਸੀ ਨੀਂਦ ਹੈ ਤਿੰਨਾਂ ਗੁਣਾਂ ਦੀ, ਉਸ ਵਿਚ ਸੰਸਾਰ ਸੁੱਤਾ ਪਿਆ ਹੈ। ਜਿਹੜੇ ਤਿੰਨਾਂ ਗੁਣਾਂ ਤੋਂ ਉਪਰ ਹੁੰਦੇ ਨੇ -

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥*

*ਸਾਧ ਕੀ ਉਪਮਾ ਰਹੀ ਭਰਪੂਰਿ ॥*
*ਸਾਧ ਕੀ ਸੋਭਾ ਕਾ ਨਾਹੀ ਅੰਤ ॥*
*ਸਾਧ ਕੀ ਸੋਭਾ ਸਦਾ ਬੇਅੰਤ ॥*
*ਸਾਧ ਕੀ ਸੋਭਾ ਊਚ ਤੇ ਊਚੀ ॥*
*ਸਾਧ ਕੀ ਸੋਭਾ ਮੂਚ ਤੇ ਮੂਚੀ ॥*
*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨*

ਸਾਧੂ ਸੰਗਤ ਮਿਲਣੀ ਬਹੁਤ ਔਖੀ ਹੈ। ਸੋ ਰਾਣੀ ਜਾਂਦੀ ਹੈ ਗੋਲੀ ਦੇ ਨਾਲ ਭੇਸ ਬਦਲਾ ਕੇ ਸਤਿਸੰਗ ਦੇ ਵਿਚ। ਰਾਤ ਦੇ ਸਮੇਂ ਸਤਿਸੰਗ ਦੇ ਵਿਚ ਪਹੁੰਚਦੀ ਹੈ। ਸਾਰੇ ਪਾਸੇ ਸ਼ਾਂਤੀ ਵਰਤੀ ਹੋਈ ਹੈ, ਕਿਉਂਕਿ ਉਥੇ ਹੋਰ ਦੂਜੀ ਗੱਲ ਤਾਂ ਚਲਦੀ ਹੀ ਨਹੀਂ।

*ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।*
*ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।*
*ਭਾਈ ਗੁਰਦਾਸ ਜੀ*

ਰਾਣੀ ਸੋਝੀ ਵਾਲੀ ਸੀ। ਬਚਪਨ ਤੋਂ ਹੀ ਸੰਸਕਾਰ ਮਾਤਾ ਤੋਂ ਐਸੇ ਮਿਲੇ ਸਨ -

*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ਅੰਗ - ੪੮੮*

ਦੋ ਮਾਵਾਂ ਹਨ। ਇਕ ਮਾਂ ਤਾਂ ਜੋ ਸਰੀਰ ਨੂੰ ਜਨਮ ਦਿੰਦੀ ਹੈ। ਇਕ ਸਤਿਸੰਗ ਰੂਪ ਮਾਂ ਹੈ, ਜੋ ਸ਼ੁਭ ਸੰਸਕਾਰਾਂ ਨੂੰ ਜਨਮ ਦਿੰਦੀ ਹੈ। ਇਸ ਕਰਕੇ ਸਿਆਣੀਆਂ ਮਾਤਾਵਾਂ ਬਚਪਨ ਤੋਂ ਹੀ ਬੱਚਿਆਂ ਨੂੰ ਇਸ ਦਰ 'ਤੇ ਲਿਆਉਂਦੀਆਂ ਹਨ। ਸਤਿਸੰਗ ਨਾਲ ਜੋੜਦੀਆਂ ਹਨ। ਉਹਨਾਂ ਨੂੰ ਧੰਨਤਾ ਦੇ ਯੋਗ ਕਿਹਾ ਹੈ -

*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ਅੰਗ- ੪੮੮*

ਹੁਣ ਜਿਹੜੀ ਮਾਤਾ ਬੱਚੇ ਨੂੰ ਐਸੇ ਸੰਸਕਾਰ ਨਾ ਦੇ ਸਕੀ। ਸੂਰਮਾ ਭਗਤ ਦਾਨਾ ਨਹੀਂ ਬਣਾ ਸਕੀ। ਉਸ ਨੂੰ ਧਿਰਕਾਰ ਪੈਂਦੀ ਹੈ ਕਿਉਂਕਿ ਉਹਨੇ ਐਸਾ ਕੰਮ ਨਹੀਂ ਕੀਤਾ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥ ਅੰਗ - ੩੨੮*

ਪਿਤਾ ਨੂੰ ਤਾਂ ਕਿਹਾ ਹੈ ਕਿ ਉਹ ਤਾਂ ਮਰ ਹੀ ਜਾਂਦਾ। ਐਸੀ ਮਾਤਾ ਨਾਲੋਂ ਤਾਂ ਉਹ ਵਿਧਵਾ ਹੋ ਜਾਂਦੀ, ਕਿਉਂਕਿ ਮਾਤਾ ਨੇ ਸ਼ੁਭ ਸੰਸਕਾਰ ਨਹੀਂ ਦਿਤੇ। ਜੇ ਮਾਤਾ ਦੇ ਗਰਭ ਦੇ ਵਿਚ ਬੱਚਾ ਹੈ, ਉਸ ਸਮੇਂ ਮਾਤਾ ਬਾਣੀ ਪੜ੍ਹਦੀ ਹੈ, ਨਾਮ ਜਪਦੀ ਹੈ, ਬੱਚੇ ਦੇ ਉਤੇ ਜ਼ਰੂਰ ਅਸਰ ਹੁੰਦਾ ਹੈ। ਅੱਜਕਲ੍ਹ ਕਿਉਂ ਉਲਟਾ ਹੋ ਰਿਹਾ ਹੈ ਕਿਉਂਕਿ ਮਾਤਾਵਾਂ ਜਿਹੜਾ ਵਿਹਲਾ ਸਮਾਂ ਹੈ, ਟੈਲੀਵੀਜ਼ਨ ਦੇਖ ਲਿਆ, ਮੋਬਾਈਲ ਆ ਗਏ, ਉਸ ਤੇ whatsapp ਆ ਗਈ, facebook ਆ ਗਈ, ਕਿੰਨਾ ਕੁਝ advance ਟੈਕਨੋਲੋਜੀ ਨਾਲ ਕੁਸੰਗ ਮਿਲ ਰਿਹਾ ਹੈ। ਉਸ ਪਾਸੇ ਵਲ ਨੂੰ ਇਸ ਦੀਆਂ vibration ਜਾ ਰਹੀਆਂ ਨੇ। ਉਹਨਾਂ ਦਾ ਅਸਰ ਇਸ 'ਤੇ ਅਸਰ ਪੈ ਰਿਹਾ ਹੈ। ਇਸ ਕਰਕੇ ਕੁਸੰਗ ਹੋ ਰਿਹਾ ਹੈ। ਕੁਸੰਗ ਦੇ ਨਾਲ ਹੀ ਆਤਮਾ ਦੀ ਜੋ ਅਵਾਜ਼ ਹੈ ਉਹ ਸੁਣਾਈ ਨਹੀਂ ਦਿੰਦੀ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ - ੩੧੩*

ਹੁਣ ਹਰੀਚੰਦ ਨੂੰ ਤਾਂ ਕੁਝ ਪਤਾ ਹੀ ਨਹੀਂ ਸੀ। ਰਾਣੀ ਸਿਆਣੀ ਸੀ ਉਸ ਨੂੰ ਪਤਾ ਸੀ। ਹੋਇਆ ਕੀ? ਜਦੋਂ ਅੱਧੀ ਰਾਤ ਬੀਤ ਗਈ -

*ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ॥*
*ਭਾਈ ਗੁਰਦਾਸ ਜੀ*

ਬ੍ਰਹਮ ਮਹੂਰਤ ਦਾ ਸਮਾਂ ਹੈ। ਰਾਜਾ ਦੇਖਦਾ ਹੈ ਕਿ ਰਾਣੀ ਹੈ ਨਹੀਂ, ਹੈਰਾਨ ਹੋ ਗਿਆ ਕਿ ਅੱਧੀ ਰਾਤ ਹੈ, ਰਾਣੀ ਨੌਜਵਾਨ ਹੈ। ਕਿਥੇ ਚਲੀ ਗਈ? ਕਿਉਂਕਿ ਮਾਇਆਧਾਰੀ ਜੋ ਇਨਸਾਨ ਹੈ ਉਸ ਨੂੰ ਇਸ ਗੱਲ ਦੀ ਤਾਂ ਸੋਝੀ ਹੀ ਨਹੀਂ ਕਿ ਬ੍ਰਹਮ ਮਹੂਰਤ ਦੇ ਵਿਚ ਕੀ ਹੁੰਦਾ ਹੈ। ਉਸ ਸਮੇਂ ਜਦੋਂ ਤਾਰੇ ਚਮਕਦੇ ਨੇ -

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ ਅੰਗ- ੪੫੯*

ਉਸ ਸਮੇਂ ਕੌਣ ਜਾਗਦਾ ਹੈ ਹੁਣ ਪਹਿਲੇ ਪਹਿਰੇ ਹਰ ਕੋਈ ਜਾਗਦਾ ਹੈ। ਦੂਜੇ ਪਹਿਰੇ ਰੋਗੀ। ਤੀਜੇ ਪਹਿਰੇ ਤਸਕਰ ਜਾਗੇ। ਚੌਥੇ ਪਹਿਰੇ ਜੋਗੀ -

*ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥*
*ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥*
*ਅੰਗ - ੧੪੬*

ਹੁਣ ਉਹ ਉਠ ਕੇ ਇਸ਼ਨਾਨ ਕਰਦੇ ਨੇ। ਇਸ਼ਨਾਨ ਕਰਕੇ ਨਾਮ ਬਾਣੀ ਨਾਲ ਜੁੜਦੇ ਹਨ। ਇਹ ਜਿਹੜੇ ਮਾਇਆ ਧਾਰੀ ਨੇ ਉਹਨਾਂ ਨੂੰ ਇਸ ਗੱਲ ਦੀ ਅਵਾਜ਼ ਹੀ ਨਹੀਂ ਸੁਣਾਈ ਦਿੰਦੀ। ਉਹ ਤਾਂ ਸੁੱਤੇ ਹੀ ਪਏ ਨੇ, ਸੁੱਤਿਆਂ ਦੀ ਹੀ ਸਾਰੀ ਉਮਰ ਲੰਘ ਜਾਂਦੀ ਹੈ।

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ - ੯੨੦*

ਰਜੋ ਗੁਣ, ਤਮੋ ਗੁਣ, ਸਤੋ ਗੁਣ ਸਭ ਤੇਰੀ ਮਾਇਆ ਹੈ। ਇਹਨਾਂ ਦੇ ਵਿਚ ਹੀ ਸਾਰਾ ਸੰਸਾਰ ਸੁੱਤਾ ਪਿਆ ਹੈ। ਸੁੱਤਿਆਂ ਦਾ ਸਮਾਂ ਲੰਘ ਜਾਂਦਾ ਹੈ-

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ - ੮੦੮*

ਰਾਤ ਦਾ ਸੁਪਨਾ ਜਦੋਂ ਜਾਗੇ ਪਤਾ ਲਗ ਗਿਆ

ਕਿ ਇਹ ਤਾਂ ਸੁਪਨਾ ਹੈ ਪਰ ਇਹ ਸੰਸਾਰ ਵੀ ਇਕ ਸੁਪਨਾ ਹੈ -

*ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥*

*ਅੰਗ - ੪੯੨*

ਇਹ ਬੜਾ ਲੰਬਾ ਸੁਪਨਾ ਹੈ। ਜਦੋਂ ਤਕ ਗਿਆਨ ਦਾ ਸੁਰਮਾ ਅੱਖਾਂ ਵਿਚ ਨਹੀਂ ਪੈਂਦਾ -

ਉਸ ਸਮੇਂ ਤਕ ਪਤਾ ਨਹੀਂ ਲਗਦਾ ਤੇ ਸੁਪਨਾ ਸੱਚਾ ਲਗਦਾ ਹੈ-

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ - ੬੫੮*

ਹੁਣ ਸੁਪਨੇ ਦੇ ਵਿਚ ਸੌਂ ਗਿਆ, ਭਿਖਾਰੀ ਬਣ ਗਿਆ। ਕਿੰਨਾ ਦੁਖ ਪਾਇਆ। ਇਸੇ ਤਰ੍ਹਾਂ ਦੇ ਨਾਲ ਇਨਸਾਨ ਸੰਸੇ ਕਾਰਨ ਦੁਖੀ ਹੈ। ਸੋ ਰਾਜੇ ਨੂੰ ਸ਼ੰਕਾ ਹੋ ਗਿਆ -

*ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।*
*ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ।*

*ਭਾਈ ਗੁਰਦਾਸ ਜੀ*

ਅੱਧੀ ਰਾਤ ਬੀਤੀ ਹੋਈ ਹੈ। ਰਾਣੀ ਕਿੱਥੇ ਗਈ? ਪਤਾ ਕਰੀਏ। ਉਸ ਸਮੇਂ ਤਾਂ ਸੌਂ ਗਿਆ। ਫੇਰ ਦੂਜੀ ਰਾਤ ਨੂੰ ਉਠਿਆ।

*ਹੋਰਤੁ ਰਾਤੀ ਉਠਿਕੈ ਚਲਿਆ ਪਿਛੈ ਤਰਲ ਜੁਆਣੀ।*

*ਭਾਈ ਗੁਰਦਾਸ ਜੀ*

ਰਾਣੀ ਦਾ ਪਿੱਛਾ ਕਰਦਾ ਹੈ ਕਿ ਕਿੱਧਰ ਜਾਂਦੀ ਹੈ -

*ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।*

*ਭਾਈ ਗੁਰਦਾਸ ਜੀ*

ਰਾਣੀ ਪਹੁੰਚ ਗਈ ਸਤਿਸੰਗ ਦੇ ਵਿਚ। ਖੁਸ਼ ਨਹੀਂ ਹੋਇਆ। ਇਸ ਗੱਲ ਦੇ ਉਤੇ ਤਾਂ ਤਸੱਲੀ ਹੋ ਗਈ ਕਿ ਚਲੋ ਚੰਗੇ ਪਾਸੇ ਹੀ ਆਈ ਹੈ। ਕਿਧਰੇ ਮਾੜੇ ਪਾਸੇ ਤਾਂ ਜਾਂਦੀ ਨਹੀਂ। ਪਰ ਦੂਜੇ ਪਾਸੇ ਇਹ ਵੀ ਹੋ ਗਿਆ ਕਿ ਇਹ ਮੈਨੂੰ ਪੁੱਛੇ ਤੋਂ ਬਗੈਰ ਕਿਉਂ ਇਸ ਪਾਸੇ ਵਲ ਆਈ ਹੈ। ਕਿਉਂਕਿ ਆਮ ਇਨਸਾਨ ਤਾਂ ਆਲਸ ਕਰਦਾ ਹੈ -

*ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥*
*ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥*

*ਅੰਗ - ੫੧੮*

ਆਲਸੀ ਇਨਸਾਨ ਕੀ ਕਰਦਾ ਹੈ, ਉਹ ਸਤਿਸੰਗ 'ਚ ਤਾਂ ਪਹੁੰਚਦਾ ਹੀ ਨਹੀਂ। ਆਲਸ ਕਰਦਾ ਹੈ ਜੇ ਕੁਸੰਗ ਮਿਲਦਾ ਹੈ ਫੇਰ ਉਸ ਪਾਸੇ ਵਲ ਨੂੰ ਦੌੜਿਆ ਜਾਂਦਾ ਹੈ। ਉਹਨੂੰ ਫੇਰ ਗੁਰਬਾਣੀ ਵੀ ਉਲਾਂਭੇ ਦਿੰਦੀ ਹੈ। ਕਿਉਂ ਉਲਾਂਭੇ ਦਿੰਦੀ ਹੈ ਕਿਉਂਕਿ - 'ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ' ਇਕ ਨਹੀਂ ਉਲਾਂਭਾ, ਕਿੰਨੇ ਉਲਾਂਭੇ ਆਉਂਦੇ ਨੇ -

*ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥*
*ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥*

*ਅੰਗ - ੭੯੦*

ਦਿਨ 'ਚ ਤਾਂ ਸੌ ਉਲਾਂਭੇ ਹੀ ਆਉਂਦੇ ਨੇ ਰਾਤ ਨੂੰ ਹਜ਼ਾਰ ਉਲਾਂਭੇ ਬਾਣੀ ਇਸ ਤਰ੍ਹਾਂ ਦੇ ਨਾਲ ਦਿੰਦੀ ਹੈ। ਕਿਨ੍ਹਾਂ ਨੂੰ?

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ - ੧੫੬*

ਹੀਰੇ ਜੈਸਾ ਅਮੋਲਕ ਜਨਮ ਕੌਡੀਆਂ ਦੇ ਭਾਅ ਜਾ ਰਿਹਾ ਹੈ। ਵਿਸ਼ੇ-ਵਿਕਾਰਾਂ, ਧੰਦੇ-ਧੰਦਾਰਾਂ ਦੇ ਵਿਚ ਪੈ ਕੇ ਅਸਲ ਤੱਤ ਵਸਤੂ, ਉਸ ਨਾਮ ਨੂੰ ਭੁੱਲਿਆ ਬੈਠਾ ਹੈ। ਕਿੰਨੇ ਪਰਪੰਚ ਕਰ-ਕਰ ਕੇ ਦੁਨੀਆਂ ਨੂੰ ਧੋਖੇ ਦਿੰਦੇ ਹੈ। ਦੁਨੀਆਂ ਨੂੰ ਤਾਂ ਜਿਹੜਾ ਧੋਖਾ ਦਿੰਦਾ ਹੈ ਦਿੰਦਾ ਹੀ ਹੈ ਪਰ ਆਪਣੇ ਆਪ ਨੂੰ ਵੀ ਧੋਖਾ ਦੇ ਰਿਹਾ ਹੈ -

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥* *ਅੰਗ - ੬੫੬*

*ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥*
*ਕਹੁ ਨਾਨਕ ਬਿਨੁ ਹਰਿ ਭਜਨ*
*ਬਿਰਥਾ ਜਨਮੁ ਸਿਰਾਨ ॥* *ਅੰਗ - ੧੪੨੭*

ਮਾਇਆ ਦੇ ਪੁਜਾਰੀਆਂ ਨੂੰ ਕੀ ਬਣਨਾ ਪਊ-

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥* *ਅੰਗ - ੫੨੬*

ਸਾਰੇ ਸੁਖ ਹੁੰਦੇ ਹੋਏ, ਪਰ ਉਹਨਾਂ ਵਿਚੋਂ ਉਹ ਅਨੰਦ ਨਹੀਂ ਮਿਲਿਆ ਜੋ ਸਾਧਸੰਗਤ ਵਿਚ ਜਾ ਕੇ ਗੁਰਬਾਣੀ ਗਾਉਣ 'ਚ ਮਿਲਿਆ। ਹੋਇਆ ਕੀ? ਇਸ ਤੋਂ ਅਗਲੀ ਵਿਚਾਰ ਅਗਲੀ ਵਾਰ ਹੋਵੇਗੀ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫ਼ਤਹਿ।*

# ਇਲਾਹੀ ਨੂਰ ਨਾਲ ਸਰਸ਼ਾਰ, ਪਿਆਰ ਦੇ ਸਾਗਰ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

*ਭਾਈ (ਡਾ.) ਸੁਖਵਿੰਦਰ ਸਿੰਘ*

ਧਾਰਮਿਕ ਜਗਤ ਵਿਚ ਅਧਿਆਤਮਕਤਾ ਪ੍ਰਮੁੱਖ ਹੈ। ਅਧਿਆਤਮਕਤਾ/ਰੂਹਾਨੀਅਤ ਦਾ ਸਬੰਧ ਸੁਰਤਿ ਨਾਲ ਹੈ। ਸੁਰਤਿ ਦੀ ਖੁਰਾਕ, ਸੁਰਤਿ ਦੀ ਉਡਾਰੀ ਸ਼ਬਦ ਹੈ। ਸਾਰੀ ਸ੍ਰਿਸ਼ਟੀ ਦੀ ਹੋਂਦ ਸ਼ਬਦ ਤੋਂ ਹੈ। ***'ਏਕ ਕਵਾਵੈ ਤੇ ਸਭਿ ਹੋਆ ॥ ' (ਅੰਗ-੧੦੦੩) 'ਪ੍ਰਥਮੇ ਓਅੰਕਾਰ ਤਿਨ ਕਹਾ, ਸੋ ਧੁਨਿ ਪੂਰ ਜਗਤ ਮੋ ਰਹਾ।*** ਭਾਈ ਸਾਹਿਬ ਭਾਈ ਗੁਰਦਾਸ ਜੀ ਵਾਰ ੨੬ ਦੀ ਪਉੜੀ ਦੂਜੀ ਵਿਚ ਫੁਰਮਾਨ ਕਰਦੇ ਹਨ -

*ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ।*
*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਬਹੁਤਾਤ ਧਰਮਾਂ/ਮਜ਼੍ਹਬਾਂ ਵਿਚ ਇਸ ਸਿਧਾਂਤ ਨੂੰ ਮੰਨਿਆ ਗਿਆ ਹੈ ਕਿ ਸਾਰਾ ਪਸਾਰਾ ਇਕ ਸ਼ਬਦ ਦਾ ਹੈ। ਹੁਣ ਇਸ ਪਸਾਰੇ ਦੀ ਸਮੁੱਚਤਾ ਵਿਚ ਮਨੁੱਖ ੮੪ ਲੱਖ ਜੂਨੀਆਂ ਦਾ ਸਰਦਾਰ ਹੈ -

*ਅਵਰ ਜੋਨਿ ਤੇਰੀ ਪਨਿਹਾਰੀ ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ ਅੰਗ - ੩੭੪*

ਬਾਕੀ ਤਮਾਮ ਜੀਵਾਂ ਨਾਲੋਂ ਸਭ ਤੋਂ ਵੱਧ ਜਾਗ੍ਰਿਤੀ ਮਨੁੱਖ ਕੋਲ ਹੈ ਤਾਹੀਉਂ ਇਸ ਨੂੰ ਸਭਨਾਂ ਦੀ ਸਰਦਾਰੀ ਕਰਨ ਦਾ ਅਧਿਕਾਰ ਮਿਲਿਆ ਹੈ। ਪ੍ਰਮੇਸ਼ਰ ਵਲੋਂ ਮਿਲੀ ਵੱਧ ਜਾਗ੍ਰਿਤੀ ਨਾਲ ਇਸ ਨੇ ਕਰਮ ਕਰਨੇ ਤੇ ਭੋਗਣੇ ਵੀ ਹਨ ਅਤੇ ਪਿਛਲੇ ਕੀਤੇ ਸੰਚਿਤ ਕਰਮਾਂ ਨੂੰ ਪ੍ਰਾਲਬਧ ਵਿਚ ਭੋਗਦੇ ਹੋਏ ਕਿਰਿਆਮਾਨ ਕਰਮਾਂ ਨੂੰ, ਗੁਰੂ ਦੇ ਗਿਆਨ ਵਿਚੋਂ ਮਿਲੇ ਪ੍ਰਕਾਸ਼ ਦੇ ਅਨੁਸਾਰੀ ਵੀ ਕਰਨਾ ਹੈ।

ਸਮਰੱਥ ਗੁਰੂ ਵਿਚੋਂ ਮਿਲੇ ਪ੍ਰਕਾਸ਼ ਦੀ ਕਿਰਨ ਰਾਹੀਂ ਇਸ ਨੇ ਰੂਹਾਨੀਅਤ ਦਾ ਪੈਂਡਾ ਸੁਰਤਿ ਨਾਲ ਤੈਅ ਕਰਨਾ ਹੈ। ਸਰੀਰ ਇਸ ਵਿਚ ਕੇਵਲ ਸਾਧਨ ਮਾਤਰ ਹੈ। ਸਰੀਰ ਉਤੇ, ਇਸ ਦੇ ਧਾਰਮਿਕ ਚਿੰਨ੍ਹ ਖੇਤ ਦੀ ਵਾੜ ਮਾਤਰ ਹਨ। ਵਾੜ ਫਲ ਵਾਲੇ ਖੇਤ ਦੀ ਰਾਖੀ ਦੀ ਪ੍ਰਤੀਕ ਹੈ। ਜਿਥੇ ਵਾੜ ਹੈ ਇਹ ਸਪੱਸ਼ਟ ਹੈ ਕਿ ਉਥੇ ਫਲ ਅਵੱਸ਼ ਹੋਵੇਗਾ। ਪਰ ਜੇਕਰ ਅਜਿਹਾ ਨਹੀਂ ਤਾਂ ਵਾੜ ਜਾਂ ਭੇਖ ਕੇਵਲ ਵਿਖਾਵੇ ਮਾਤਰ ਸਿੱਧ ਹੋਣਗੇ। ਇਹ ਕੇਵਲ ਹੋਰਨਾਂ ਨੂੰ ਭਰਮ ਪਾਉਣ ਦਾ ਸਾਧਨ ਹੀ ਸਿੱਧ ਹੋਣਗੇ। ਭਾਵ -

*ਭੇਖ ਦਿਖਾਇਓ ਜਗਤ ਕਉ ਲੋਗਨ ਕਉ ਬਸ ਕੀਨ।*

ਅਧਿਆਤਮਕ ਜਗਤ ਅਤੇ ਧਾਰਮਿਕ ਪਾਖੰਡ ਸਮੁੰਦਰ ਦੇ ਦੋ ਕਿਨਾਰਿਆਂ ਵਾਂਗੂੰ ਹੋਵੇਗਾ ਜਿਨ੍ਹਾਂ ਦਾ ਕਦਾਚਿਤ ਮਿਲਾਪ ਸੰਭਵ ਨਹੀਂ। ਸੁਰਤਿ ਤੇ ਸ਼ਬਦ ਦਾ ਸਬੰਧ ਅਨਿੱਖੜਵਾਂ ਹੈ। ਇਕ ਦੂਜੇ ਦੇ ਪੂਰਕ ਹਨ। ਸੁਰਤਿ ਜਨਮਾਂ-ਜਨਮਾਂ ਦੀ ਸੁੱਤੀ ਹੋਈ ਹੈ - ਜਿਸ ਬਾਰੇ ਸੱਚੇ ਪਾਤਸ਼ਾਹ ਦੀ ਬਾਣੀ ਤਾਗੀਦ ਕਰਦੀ ਹੈ ਕਿ -

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਅੰਗ - ੭੨੬*

ਜਦੋਂ ਪੂਰਬਲੇ ਕਰਮ ਜਾਗਦੇ ਹਨ ਤਾਂ ਸੁਰਤਿ ਨੂੰ ਜਾਗਣ ਲਈ ਲੋੜੀਂਦੀ ਆਤਮਿਕ ਖੁਰਾਕ ਮਿਲ ਜਾਂਦੀ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ*
*ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪*

ਇਹ ਕੋਈ ਇਕ ਜਨਮ ਦੀ ਖੇਡ ਜਾਂ ਵਰਤਾਰਾ ਨਹੀਂ। ਜਨਮਾਂ-ਜਨਮਾਂ ਦੀ ਸੁਤੀ ਸੁਰਤਿ ਨੂੰ ਜਗਾਉਣ ਲਈ ਕੇਵਲ ਸਮਰੱਥ ਗੁਰੂ ਵਲੋਂ ਦਿਤਾ ਗਿਆ ਸ਼ਬਦ ਸਹਾਈ ਹੋ ਸਕਦਾ ਹੈ -

*ਸੁਰਤਿ ਸਬਦੁ ਰਿਦ ਅੰਤਰਿ ਜਾਗੀ*
*ਅਮਿਉ ਝੋਲਿ ਝੋਲਿ ਪੀਜਾ ਹੇ ॥ ਅੰਗ - ੧੦੭੪*

ਐਸੇ ਜਾਗੀ ਸੁਰਤਿ ਵਾਲੇ ਵਿਰਲੇ ਪੁਰਸ਼ ਹੁੰਦੇ ਹਨ ਜਿਨ੍ਹਾਂ ਨੂੰ ਸਤਿ ਪੁਰਸ਼, ਮਹਾਂਪੁਰਸ਼, ਸੰਤ, ਸਾਧੂ, ਗੁਰਮੁਖ, ਗੁਰਸਿੱਖ, ਬ੍ਰਹਮ ਗਿਆਨੀ ਆਦਿਕ ਸ਼ਬਦਾਂ ਨਾਲ ਨਿਵਾਜਿਆ ਜਾਂਦਾ ਹੈ।

ਐਸੇ ਹਨ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲੇ। ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਨੂੰ ਗੁਰੂ ਮੰਨਦੇ ਹੋਏ, ਸੁਰਤਿ ਨੂੰ ਚੇਲਾ ਬਣਾ ਕੇ ਅਧਿਆਤਮਿਕ ਸਫਰ 'ਤੇ ਚੱਲ ਕੇ ਰੂਹਾਨੀਅਤ ਦੀਆਂ ਮੰਜ਼ਿਲਾਂ ਨੂੰ

ਪ੍ਰਾਪਤ ਕੀਤਾ। 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਦੇ ਸਿਧਾਂਤ ਦੀ ਰੂਪਮਾਨਤਾ ਉਨ੍ਹਾਂ ਦੇ ਜੀਵਨ ਵਿਚੋਂ ਪ੍ਰਤੱਖ ਨਜ਼ਰ ਆਉਂਦੀ ਹੈ।

ਉਨ੍ਹਾਂ ਦਾ ਜੀਵਨ ਤਪਦੇ ਮਾਰੂਥਲਾਂ ਵਿਚ ਵਗਦੇ ਠੰਢੇ ਮਿੱਠੇ ਝਰਨਿਆਂ ਵਾਗੂੰ ਗੁਰੂ ਦੇ ਸ਼ਬਦ ਨਾਲ ਠੰਢਕ ਦੇ ਕੇ ਸਰਸ਼ਾਰ ਕਰਦਾ ਨਜ਼ਰ ਆਉਂਦਾ ਹੈ। ਉਨ੍ਹਾਂ ਬਾਰੇ ਪੜ੍ਹਨਾ ਜਾਂ ਸੁਣਨਾ ਤਾਂ ਸੰਭਵ ਹੋ ਸਕਦਾ ਹੈ ਪਰ ਉਨ੍ਹਾਂ ਦੇ ਇਸ ਇਲਾਹੀ ਨੂਰ ਨਾਲ ਸਰਸ਼ਾਰ ਜੀਵਨ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਨਾ-ਮੁਮਕਿਨ ਹੈ। ਮੱਛੀ ਸਮੁੰਦਰ ਦਾ ਅੰਤ ਨਹੀਂ ਪਾ ਸਕਦੀ ਕੇਵਲ ਵਿਚ ਰਹਿ ਕੇ ਕਲੋਲਾਂ ਹੀ ਕਰ ਸਕਦੀ ਹੈ -

*ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥*
*ਅੰਗ- ੨੫*

ਪਵਿੱਤਰ ਬਾਣੀ ਦਾ ਫੁਰਮਾਨ ਹੈ ਕਿ -

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥ ਅੰਗ - ੨੭੨*

ਭਾਵ -

*ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥*
*ਅੰਗ - ੨੭੩*

ਪਰ ਸਤਿਗੁਰਾਂ ਦੀ ਬਾਣੀ ਦੀ ਓਟ ਲੈ ਕੇ ਬਾਣੀ ਦੀ ਰੋਸ਼ਨੀ ਵਿਚ ਉਨ੍ਹਾਂ ਦੇ ਜੀਵਨ ਨੂੰ ਕੇਵਲ ਬੁੱਧੀ ਮੰਡਲ ਵਿਚੋਂ ਬਿਆਨ ਕਰਨ ਦਾ ਯਤਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲੇ ਪ੍ਰਕਾਸ਼ ਦੀ ਰੋਸ਼ਨੀ ਵਿਚ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਦੀਆਂ ਘਾਲ ਕਮਾਈਆਂ ਨੂੰ ਬਿਆਨ ਕਰਨ ਦੀ ਅਰਦਾਸ ਕਰਦੇ ਹੋਏ, ਕਲਮ ਰਾਹੀਂ ਕੁਝ ਕੁ ਅੱਖਰਾਂ ਵਿਚ, ਸਤਿਗੁਰਾਂ ਦੀ ਬਖਸ਼ਿਸ਼ ਦੀ ਓਟ ਲੈ ਕੇ ਆਰੰਭ ਕਰਦੇ ਹਾਂ।

**ਸੰਤ ਕੌਣ? -** ਇਸ ਅਬੁੱਝ ਬੁਝਾਰਤ ਬਾਣੀ ਦੀ ਓਟ ਨਾਲ ਹੀ ਵੀਚਾਰੀ ਜਾ ਸਕਦੀ ਹੈ। ਗੁਰਬਾਣੀ ਦੀ ਰੋਸ਼ਨੀ ਵਿਚ ਸੰਤ ਪਦ ਭੇਖ ਦਾ ਨਾਮ ਨਹੀਂ ਇਹ ਕੇਵਲ ਸੁਰਤਿ ਨਾਲ ਸਬੰਧਿਤ ਹੈ। ਇਸ ਸ਼ਬਦ ਦਾ ਸਬੰਧ ਮਜ਼੍ਹਬਾਂ ਨਾਲ ਨਾ ਹੋ ਕੇ ਧਰਮ ਨਾਲ ਸਬੰਧਿਤ ਇਕ ਉਚਤਾਈ ਵਾਲੀ ਅਧਿਆਤਮਕ ਅਵਸਥਾ ਹੈ। ਉਥੋਂ ਦੀ ਮਹਿਮਾ ਵਰਨਣ ਤੋਂ ਪਰ੍ਹੇ ਹੈ -

*ਸੰਤ ਰਹਤ ਸੁਨਹੁ ਮੇਰੇ ਭਾਈ ॥*
*ਉਆ ਕੀ ਮਹਿਮਾ ਕਥਨੁ ਨ ਜਾਈ ॥ ਅੰਗ - ੨੯੨*

ਉਥੇ ਵਰਤਾਰਾ ਕੇਵਲ ਨਾਮ ਦਾ ਹੈ -

*ਵਰਤਣਿ ਜਾ ਕੈ ਕੇਵਲ ਨਾਮ ॥ ਅੰਗ - ੩੯੨*

ਉਸ ਵਰਤਾਰੇ ਵਿਚ ਸਿਫ਼ਿਤ ਸਲਾਹ ਨੂੰ ਹੀ ਪ੍ਰਮੁੱਖਤਾ ਹੈ। ਸਦੀਵੀ ਅਨੰਦ ਦਾ ਵਾਤਾਵਰਣ ਹੈ -

*ਅਨਦ ਰੂਪ ਕੀਰਤਨੁ ਬਿਸ੍ਰਾਮ ॥ ਅੰਗ - ੩੯੨*

ਉਸ ਮੰਡਲ ਵਿਚ ਸਾਰੇ ਇਕ ਬਰਾਬਰ ਹਨ। ਵੈਰੀ ਤੇ ਮਿੱਤਰ ਦੀਆਂ ਵਲਗਣਾਂ ਖਤਮ ਹਨ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ - ੧੨੯੯*

ਇਸੇ ਅਵਸਥਾ ਨੂੰ ਪ੍ਰਾਪਤ ਪਿਆਰੇ ਮਹਾਂਪੁਰਸ਼ਾਂ ਦੀ ਆਤਮਿਕ ਉਚਤਾ ਦਾ ਪ੍ਰਗਟਾਵਾ ਉਦੋਂ ਹੋ ਜਾਂਦਾ ਹੈ ਜਦੋਂ ਉਹ 'ਆਤਮ ਮਾਰਗ' ਮੈਗਜ਼ੀਨ ਦਾ ਮਾਟੋ, ਮੁਖ ਟਾਇਟਲ ਪੰਨੇ 'ਤੇ ਦਰਸਾ ਦਿੰਦੇ ਹਨ ਕਿ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ - ੮੪੬*

ਭਾਵ ਉਨ੍ਹਾਂ ਵਾਸਤੇ -

*ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥*
*ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥ ਅੰਗ - ੩੯੨*

ਉਹ ਆਪਣੇ ਪ੍ਰਭੂ ਪਿਆਰੇ ਤੋਂ ਬਿਨਾਂ ਕਿਸੇ ਹੋਰ ਦਾ ਵਾਸਾ ਨਹੀਂ ਸਮਝਦੇ ਹਰ ਥਾਂ, ਹਰ ਜੀਵ ਵਿਚ ਉਸ ਦੀ ਹੋਂਦ ਮਹਿਸੂਸ ਕਰਦੇ ਹਨ।

*ਸੰਤਨ ਅਵਰ ਨ ਕਾਹੂ ਜਾਨੀ ॥*
*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥*
*ਰਹਾਉ ॥ ਅੰਗ - ੭੧੧*

ਉਹ ਦੂਜੇ ਜੀਵਾਂ ਦੇ ਕ੍ਰੋੜਾਂ ਪਾਪ ਕੱਟਣ ਦੀ ਸਮਰੱਥਾ ਰਖਦੇ ਹਨ -

*ਕੋਟਿ ਕੋਟਿ ਅਘ ਕਾਟਨਹਾਰਾ ॥*
*ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥ ਅੰਗ - ੩੯੨*

ਭਾਵ -

*ਸਾਧੂ ਕੀ ਜਉ ਲੇਹਿ ਓਟ ॥*
*ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥ ਅੰਗ - ੧੧੯੬*

ਬਚਨਾਂ ਦੇ ਸੂਰੇ ਹੁੰਦੇ ਹਨ -

*ਸੂਰਬੀਰ ਬਚਨ ਕੇ ਬਲੀ ॥*
*ਕਉਲਾ ਬਪੁਰੀ ਸੰਤੀ ਛਲੀ ॥ ੩ ॥*
*ਤਾ ਕਾ ਸੰਗੁ ਬਾਛਹਿ ਸੁਰਦੇਵ ॥*
*ਅਮੋਘ ਦਰਸੁ ਸਫਲ ਜਾ ਕੀ ਸੇਵ ॥*
*ਕਰ ਜੋੜਿ ਨਾਨਕੁ ਕਰੇ ਅਰਦਾਸਿ ॥*

*ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥ ਅੰਗ - ੩੯੨*

ਅਰਦਾਸ ਹੈ, ਸੱਚੇ ਪਾਤਸ਼ਾਹ ਆਪਣੇ ਪਿਆਰਿਆਂ ਦੀ ਚਰਨ ਧੂੜ ਬਖਸ਼ਣ ਤਾਂ ਜੋ ਸਾਡਾ ਵੀ ਪਾਰ ਉਤਾਰਾ ਹੋ ਸਕੇ ਕਿਉਂਕਿ ਉਨ੍ਹਾਂ ਨੇ ਆਪਣੀ ਯਾਤਰਾ ਸਫਲ ਕਰ ਲਈ ਹੈ। ਸਾਡੀ ਲੋਚਾ ਹੈ ਕਿ ਉਨ੍ਹਾਂ ਦੀ ਸੋਭਤ ਵਿਚ ਜਾ ਕੇ ਸਾਡੀ ਵੀ ਯਾਤਰਾ ਸਫਲ ਹੋ ਜਾਵੇ -

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥ ੧ ॥ ਰਹਾਉ ॥*
*ਅੰਗ - ੬੮੭*

ਸੰਤ ਉਹ ਹੈ ਜੋ ਸਤਿ ਚਿਤ ਅਨੰਦ ਵਿਚ ਵਿਚਰਦਾ ਹੈ। ਬੇਗਮਪੁਰੇ ਦਾ ਵਾਸੀ ਬਣ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਤ ਸ਼ਬਦ ਦੀ ਵਰਤੋਂ ਅਨੇਕਾਂ ਵਾਰ ਕੀਤੀ ਗਈ ਹੈ। ਕਈ ਵਾਰ ਇਹ ਸ਼ਬਦ ਗੁਰੂ ਸਾਹਿਬ ਲਈ ਵੀ ਵਰਤਿਆ ਹੈ ਤੇ ਕਈ ਵਾਰ ਸਤਿਗੁਰੂ ਆਪਣੇ ਪਿਆਰਿਆਂ ਲਈ ਵਰਤਦੇ ਹਨ।

ਗੁਰੂ ਲਈ -

*ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਅੰਗ- ੯੭*

ਗੁਰੂ ਦੇ ਪਿਆਰਿਆਂ ਲਈ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - ੩੧੯*

ਸਬੁੱਧੀਜੀਵੀ ਵਿਦਵਾਨਾਂ ਅਨੁਸਾਰ ਸੰਤ ਸ਼ਬਦ ਤਿੰਨ ਸ਼ਬਦਾਂ ਦਾ ਸੁਮੇਲ ਹੈ। ਸ+ਨ+ਤ - ਸ ਤੋਂ ਭਾਵ ਹੈ ਸਿਮਰਨ ਅਤੇ ਸੇਵਾ, ਨ ਤੋਂ ਭਾਵ ਹੈ ਨਿਮਰਤਾ ਅਤੇ ਤ ਤੋਂ ਭਾਵ ਹੈ ਤਿਆਗ। ਇਨ੍ਹਾਂ ਤਿੰਨਾਂ ਦਾ ਸੁਮੇਲ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਵਿਚੋਂ ਪ੍ਰਤੱਖ ਝਲਕਾਰੇ ਮਾਰਦਾ ਨਜ਼ਰ ਆਉਂਦਾ ਹੈ।

**ਮਹਾਨ ਕੋਸ਼** ਅਨੁਸਾਰ ਸੰਤ ਸ਼ਬਦ ਸ਼ਾਂਤ ਤੋਂ ਬਣਿਆ ਹੈ ਭਾਵ ਜਿਸ ਨੇ ਆਪਣੇ ਮਨ ਤੇ ਇੰਦਰੀਆਂ ਨੂੰ ਟਿਕਾਇਆ ਹੋਵੇ। ਇਸ ਤੋਂ ਇਲਾਵਾ ਮਹਾਨ ਕੋਸ਼ ਵਿਚ 'ਸੰਤ' ਨੂੰ ਵਿਦਵਾਨ, ਉਤਮ, ਸ੍ਰੇਸ਼ਟ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਵੀ ਦਰਸਾਇਆ ਹੈ। **ਪੰਜਾਬੀ ਕੋਸ਼ ਵਿਚ** ਸੰਤ ਸ਼ਬਦ ਦੇ ਅਰਥ ਮਹਾਤਮਾ, ਸਾਧੂ, ਫਕੀਰ, ਭਗਤ, ਨੇਕ ਅਤੇ ਭਲਾ ਮਾਣਸ ਵੀ ਦਰਸਾਏ ਹਨ। **ਸਿੱਖ ਪੰਥ ਵਿਸ਼ਵ ਕੋਸ਼** ਵਿਚ ਸੰਤ, ਸੱਜਨ ਜਾਂ ਧਾਰਮਿਕ ਪੁਰਸ਼ ਦਰਸਾਏ ਹਨ।

**ਸ੍ਰੀ ਗੁਰੂ ਗ੍ਰੰਥ ਕੋਸ਼** ਅਨੁਸਾਰ ਸੰਤ ਉਹ ਹੈ ਜੋ ਸ਼ਾਂਤ ਹੈ ਭਾਵ ਜਿਸ ਨੇ ਵਿਸ਼ੇ ਜਿੱਤ ਲਏ ਹਨ ਤੇ ਬ੍ਰਹਮ ਦੇ ਧਿਆਨ ਵਿਚ ਜੁੜ ਕੇ ਲੀਨ ਰਹਿੰਦਾ ਹੈ। **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਰੋਸ਼ਨੀ ਵਿਚ, ਸੁਬੁੱਧੀਜੀਵੀਆਂ ਅਤੇ ਕੋਸ਼ਾਕਾਰਾਂ ਅਨੁਸਾਰ ਸੰਤ ਸ਼ਬਦ ਗੁਰਮੁਖ, ਸਨਮੁਖ, ਸਤਿਪੁਰਸ਼, ਜਨ, ਪ੍ਰਭੂ ਦੇ ਸਿਮਰਨ ਦੇ ਧਾਰਨੀ, ਨਿਮਰਤਾ ਦੇ ਪੁੰਜ, ਤਿਆਗ ਦੀ ਮੂਰਤ, ਸ਼ਾਂਤ, ਚਿਤ, ਸਦਾਚਿਤ ਅਨੰਦ ਅਵਸਥਾ ਦੇ ਧਾਰਨੀ, ਮਹਾਤਮਾ, ਸਾਧੂ, ਭਗਤ, ਫਕੀਰ, ਨੇਕ, ਭਲੇ ਮਾਣਸ ਜੀਵਨ ਅਵਸਥਾ ਦੇ ਧਾਰਨੀ, ਉਤਮ ਪੁਰਸ਼, ਸਚਿਆਰ ਪਦ ਨੂੰ ਪ੍ਰਾਪਤ, ਨਾਮ ਦੇ ਰੰਗ ਵਿਚ ਰੱਤੀਆਂ ਰੂਹਾਂ ਲਈ ਵਰਤਿਆ ਜਾਂਦਾ ਹੈ। ਜਿਵੇਂ ਪ੍ਰਮੇਸ਼ਰ ਦੀ ਬੇਅੰਤਤਾਈ ਨੂੰ ਬਿਆਨ ਕਰਨਾ ਮੁਸ਼ਕਿਲ ਹੈ ਇਸੇ ਤਰ੍ਹਾਂ ਉਸ ਦੇ ਪਿਆਰੇ ਜੋ ਉਸ ਵਿਚ ਅਭੇਦ ਹਨ ਉਨ੍ਹਾਂ ਦੇ ਜੀਵਨ ਨੂੰ ਕਲਮਬੰਦ ਕਰਨਾ ਨਾ ਮੁਮਕਿਨ ਹੈ।

ਭਾਵ -

*ਏਵਡੁ ਊਚਾ ਹੋਵੈ ਕੋਇ ॥*
*ਤਿਸੁ ਊਚੇ ਕਉ ਜਾਣੈ ਸੋਇ ॥ ਅੰਗ - ੫*

ਭਾਵ -

*ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਅੰਗ - ੯*

ਜੋ ਉਸ ਅਗੰਮ ਅਗੋਚਰ ਦੀਆਂ ਵਡਿਆਈਆਂ ਕਰਦੇ ਹਨ ਉਸ ਦੇ ਪਿਆਰੇ ਉਹ ਵੀ ਉਸੇ ਦਾ ਹੀ ਰੂਪ ਹੋ ਜਾਇਆ ਕਰਦੇ ਹਨ -

*ਜਿਨ ਹਰਿ ਜਪਿਆ ਸੇ ਹਰਿ ਹੋਏ*
*ਹਰਿ ਮਿਲਿਆ ਕੇਲ ਕੇਲਾਲੀ ॥ ਅੰਗ - ੬੬੭*

ਭਾਵ -

*ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰਿ ਕਿਛੁ ਨਾਹਿ।*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥*
*ਬਚਿਤ੍ਰ ਨਾਟਕ*
*ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥*
*ਅੰਗ - ੪੪੯*

ਭਾਵ - ਸਵਾਸ-ਸਵਾਸ ਨਾਮ ਜਪਣ ਵਾਲੀ ਰੂਹ/ ਆਤਮਾ ਸੰਤ ਹੈ।

ਸਮੂੰਹ ਸਬੁੱਧੀਜੀਵੀਆਂ ਅਨੁਸਾਰ, ਨਾਮ ਵਿਚ ਰੱਤੀ ਰੂਹ ਸੰਤ ਪਦ ਦੇ ਲਖਾਇਕ ਹੈ। ਜਿਸ ਪੁਰਸ਼ ਦਾ ਆਚਰਣ ਅਧਿਆਤਮਕ ਸਾਧਨਾ ਰਾਹੀਂ ਆਮ ਮਨੁੱਖ ਤੋਂ ਉੱਚਾ ਹੋ ਗਿਆ ਹੋਵੇ ਉਹ ਵੀ ਸੰਤ ਹੀ ਹੈ-

*ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥*
*ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥*
*ਅੰਗ - ੯੨੯*

ਸੰਤ ਅੱਠੇ ਪਹਿਰ ਪ੍ਰਮਾਤਮਾ ਵਿਚ ਲੀਨ ਰਹਿੰਦੇ ਹਨ। ਉਨ੍ਹਾਂ ਦੇ ਤਨ ਮਨ ਵਿਚ ਖਿੜਾਉ ਰਹਿੰਦਾ ਹੈ-

*ਨਾਨਕ ਭਗਤਾ ਸਦਾ ਵਿਗਾਸੁ ॥ ਅੰਗ - ੩*

ਸਾਰੇ ਪਾਸੇ ਪ੍ਰਮਾਤਮਾ ਦੀ ਜੋਤ ਦੇਖਦੇ ਹਨ -

*ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥*
*ਕਹੁ ਨਾਨਕ ਤਿਹ ਭਜੁ ਮਨਾ*
*ਭਉ ਨਿਧਿ ਉਤਰਹਿ ਪਾਰਿ ॥ ਅੰਗ - ੧੪੨੭*

ਪਵਿੱਤਰ ਬਾਣੀ ਸਾਨੂੰ ਸਾਰੇ ਭੁਲੇਖਿਆਂ, ਭਰਮਾਂ ਵਿਚੋਂ ਕੱਢਦੀ ਹੋਈ, ਰਾਹ ਦਸੇਰਾ ਬਣਾਂਦੀ ਹੈ ਕਿ ਸੰਤ ਕੌਣ ਹੈ? -

*ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ*
*ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥ ਅੰਗ - ੧੧੩੪*

'ਸੌ ਸਿਆਣੇ ਇਕੋ ਮੱਤ' ਅਨੁਸਾਰ ਸੰਤ ਪਦ ਦੇ ਲਖਾਇਕ ਉਹ ਸੁਪਰ ਆਤਮਾਵਾਂ ਨੇ ਜਿਨ੍ਹਾਂ ਨੇ ਆਪਣੇ ਮਨ ਨੂੰ ਨਾਮ ਦੇ ਰੰਗ ਵਿਚ ਰੰਗ ਲਿਆ ਹੈ। ਆਪਣੇ ਮੂਲ ਦੀ ਪਛਾਣ ਕਰ ਲਈ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ- ੪੪੧*

ਭਾਵ -

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ- ੮੫੫*

ਬਾਣੀ ਸਾਨੂੰ ਆਪਣੇ ਅੰਦੇਸਿਆਂ ਨੂੰ ਦੂਰ ਕਰਨ ਲਈ ਪ੍ਰੇਰਨਾ ਦਿੰਦੀ ਹੈ -

*ਮਿਟੇ ਅੰਦੇਸਿਆ ਹਾਂ ॥*
*ਸੰਤ ਉਪਦੇਸਿਆ ਮੇਰੇ ਮਨਾ ॥ ਅੰਗ - ੪੧੦*

ਪ੍ਰਮੇਸ਼ਰ ਦੀ ਕ੍ਰਿਪਾ ਤੋਂ ਬਿਨਾਂ ਐਸੇ ਸਤਿਪੁਰਸ਼ਾਂ ਦਾ ਮਿਲਾਪ ਸੰਭਵ ਨਹੀਂ।

*ਪ੍ਰਭ ਕੇ ਸੰਤ ਉਧਾਰਨ ਜੋਗ ॥*
*ਤਿਸੁ ਭੇਟੇ ਜਿਸੁ ਧੁਰਿ ਸੰਜੋਗ ॥ ਅੰਗ - ੩੮੭*

ਉਹ ਪ੍ਰਮੇਸ਼ਰ ਦੀ ਸਦੀਵੀ ਯਾਦ ਵਿਚ ਜੁੜੇ ਰਹਿੰਦੇ ਹਨ -

*ਜਨ ਕੇ ਸਾਸ ਸਾਸ ਹੈ ਜੇਤੇ*
*ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥ ਅੰਗ - ੧੧੭੯*

ਭਾਵ -

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥ ਅੰਗ - ੨੬੫*

*ਹਰਿ ਸੇਤੀ ਰੰਗਿ ਰਵਿ ਰਹੇ ਸਭ ਸਾਸ ਗਿਰਾਸਾ ॥*
*ਹਰਿ ਕਾ ਰੰਗੁ ਕਦੇ ਨ ਉਤਰੈ ਗੁਰਮੁਖਿ ਪਰਗਾਸਾ ॥*
*ਅੰਗ - ੧੨੪੭*

ਉਨ੍ਹਾਂ ਦੇ ਕੇਵਲ ਇਕ ਅਕਾਲ ਪੁਰਖ ਤੇ ਨਿਸਚਾ ਹੁੰਦਾ ਹੈ -

*ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥ ਅੰਗ - ੧੯੨*

ਭਾਵ -

*ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ ॥*
*ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ ॥*
*ਅੰਗ - ੩੮੧*

ਉਹ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਹਨ -

*ਹਉ ਬਲਿਹਾਰੀ ਸੰਤਨ ਤੇਰੇ*
*ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥ ਅੰਗ - ੧੦੮*

ਅਕਾਲ ਪੁਰਖ ਦੇ ਭਾਣੇ ਵਿਚ ਨਿਵਾਸ ਰਖਦੇ ਹਨ-

*ਭਾਣੇ ਵਿਚਿ ਕੋ ਵਿਰਲਾ ਆਇਆ ॥*
*ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥ ੧ ॥*
*ਗੁਰਮੁਖਿ ਤੇਰਾ ਭਾਣਾ ਭਾਵੈ ॥*
*ਸਹਜੇ ਹੀ ਸੁਖੁ ਸਚੁ ਕਮਾਵੈ ॥*
*ਭਾਣੇ ਨੋ ਲੋਚੈ ਬਹੁਤੇਰੀ*
*ਆਪਣਾ ਭਾਣਾ ਆਪਿ ਮਨਾਇਦਾ ॥ ਅੰਗ - ੧੦੬੩*

## ਅਕਾਲ ਪੁਰਖ ਦਾ ਨਾਮ ਜਪਾਉਣਾ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਆਪਣੇ ਆਪ ਨੂੰ ਨੀਵਾਂ ਸਮਝਣਾ - ਉਹ ਸਾਰਿਆਂ ਤੋਂ ਆਪਣੇ ਆਪ ਨੂੰ ਛੋਟਾ ਸਮਝਦੇ ਹਨ। ***'ਗੁਰਸਿਖਾਂ ਦਾ ਮਨ ਨੀਵਾਂ ਮਤ ਉਚੀ।'*** ਸੰਗਤ ਦੇ ਦਾਸ ਬਣ ਕੇ ਵਿਚਰਦੇ ਹਨ।

**ਤਿਆਗ ਦੀ ਮੂਰਤਿ, ਦਇਆ ਦੇ ਖਜ਼ਾਨੇ-** ਉਨ੍ਹਾਂ ਦੇ ਮਨੋਂ ਅਰਦਾਸ ਹੁੰਦੀ ਹੈ ਕਿ-

*ਤੁਧੁ ਆਗੈ ਅਰਦਾਸਿ ਹਮਾਰੀ*
*ਜੀਉ ਪਿੰਡੁ ਸਭੁ ਤੇਰਾ ॥ ਅੰਗ - ੩੮੩*

ਭਾਵ -

*ਸੁਖ ਸਹਜ ਦਇਆ ਕਾ ਪੋਤਾ ॥*
*ਹਰਿ ਭਗਤਾ ਹਵਾਲੈ ਹੋਤਾ ॥ ਅੰਗ - ੮੯੩*

**ਪਰਉਪਕਾਰੀ ਜੀਵਨ –** ਜੀਵਾਂ ਦੀ ਭਲਾਈ ਕਰਨ ਦਾ ਜਜ਼ਬਾ ਉਨ੍ਹਾਂ ਦੇ ਅੰਦਰ ਚਸ਼ਮੇ ਦੀ ਨਿਆਈ ਹੈ –

*ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ ਅੰਗ- ੨੬੩*

ਭਾਵ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਅੰਗ - ੭੪੯*

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ - ੨੭੩*

## ਸ਼ੀਲ ਸੁਭਾਅ ਦੇ ਧਾਰਨੀ –

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥*
*ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥*
*ਅੰਗ - ੭੮੪*

## ਰਿਧੀਆਂ-ਸਿੱਧੀਆਂ ਦੇ ਮਾਲਕ –

*ਹਰਿ ਹਾਰੁ ਕੰਠਿ ਜਿਨੀ ਪਹਿਰਿਆ*
*ਗੁਰ ਚਰਣੀ ਚਿਤੁ ਲਾਇ ॥*
*ਤਿਨਾ ਪਿਛੈ ਰਿਧਿ ਸਿਧਿ ਫਿਰੈ*
*ਓਨਾ ਤਿਲੁ ਨ ਤਮਾਇ ॥ ਅੰਗ - ੨੬*

**ਭਟਕਿਆਂ ਨੂੰ ਗੁਰੂ ਨਾਲ ਜੋੜਨਾ –** ਉਨ੍ਹਾਂ ਦੇ ਜੀਵਨ ਦਾ ਮੁਖ ਮੰਤਵ ਹੈ।

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ - ੧੩੭੩*

## ਅਕਾਲ ਪੁਰਖ ਵਿਚ ਅਭੇਦ –

*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ ॥*
*ਅੰਗ - ੭੯੩*

ਭਾਵ –

*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ- ੨੭੨*

**ਅਟੱਲ ਬਚਨਾਂ ਦੇ ਮਾਲਕ –** ਉਨ੍ਹਾਂ ਦੀ ਰਸਨਾ 'ਤੇ ਅਕਾਲ ਪੁਰਖ ਵਸਦਾ ਹੈ –

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਅੰਗ - ੨੬੩*

*ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥*
*ਬਚਨੁ ਗੁਰੂ ਜੋ ਪੂਰੇ ਕਹਿਓ ਮੈ ਛੀਕਿ ਗਾਂਠਰੀ ਬਾਧਾ*
*॥ ੧ ॥ ਰਹਾਉ ॥*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ ॥ ਅੰਗ- ੧੨੦੪*

**ਕਹਿਣੀ ਤੇ ਕਥਨੀ ਦੇ ਮਾਲਕ –** ਉਨ੍ਹਾਂ ਦਾ ਮਨ ਨਿਰਮਲ ਹੁੰਦਾ ਹੈ ਜੋ ਉਹ ਮੁਖ ਤੋਂ ਬੋਲਦੇ ਹਨ, ਵਿਹਾਰਿਕ ਰੂਪ ਵਿਚ ਵੀ ਪੂਰੇ ਉਤਰਦੇ ਹਨ –

*ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ॥*
*ਨਾਨਕ ਹਰਿ ਕਾ ਭਾਣਾ ਮੰਨੇ*
*ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥ ਅੰਗ- ੯੫੦*

## ਪਰਮਾਨੰਦ ਅਵਸਥਾ ਦੇ ਧਾਰਨ –

ਆਪ ਨਾਮ ਰਸ ਵਿਚ ਭਰਪੂਰ ਹੋਰਨਾਂ ਨੂੰ ਇਸ ਦੀ ਮਹੱਤਤਾ ਤੋਂ ਜਾਣੂੰ ਕਰਵਾਉਂਦੇ ਹਨ –

*ਬਿਸਮਨ ਬਿਸਮ ਭਏ ਬਿਸਮਾਦ ॥*
*ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥*
*ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥*
*ਗੁਰ ਕੈ ਬਚਨਿ ਪਦਾਰਥ ਲਹੇ ॥*
*ਓਇ ਦਾਤੇ ਦੁਖ ਕਾਟਨਹਾਰ ॥*
*ਜਾ ਕੈ ਸੰਗਿ ਤਰੈ ਸੰਸਾਰ ॥*
*ਜਨ ਕਾ ਸੇਵਕੁ ਸੋ ਵਡਭਾਗੀ ॥*
*ਜਨ ਕੈ ਸੰਗਿ ਏਕ ਲਿਵ ਲਾਗੀ ॥ ਅੰਗ - ੨੯੫*

**ਨਾਮ ਚਿਤ ਆਉਣਾ –** ਉਨ੍ਹਾਂ ਦੀ ਸੋਭਤ ਵਿਚ ਜਾ ਕੇ ਨਾਮ ਚਿੱਤ ਆ ਜਾਂਦਾ ਹੈ –

*ਜਨ ਕੈ ਸੰਗਿ ਚਿਤਿ ਆਵੈ ਨਾਉ ॥*
*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ - ੨੯੫*

*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥*
*ਅੰਗ - ੧੩੩*

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ - ੫੨੦*

## ਭੇਖ ਤੋਂ ਰਹਿਤ ਅਤੇ ਰਹਿਤ ਵਿਚ ਪਰਪੱਕ –

ਉਨ੍ਹਾਂ ਦਾ ਭੇਖ ਨਾਲ ਕੋਈ ਸਬੰਧ ਨਹੀਂ ਹੁੰਦਾ–

*ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥*
*ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥*
*ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥*
*ਅੰਗ - ੭੫੧*

*ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥*
*ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥*
*ਓਇ ਹਰਿ ਕੇ ਸੰਤ ਨ ਆਖੀਅਹਿ*
*ਬਾਨਾਰਸਿ ਕੇ ਠਗ ॥ ੧ ॥*
*ਐਸੇ ਸੰਤ ਨ ਮੋ ਕਉ ਭਾਵਹਿ ॥*

*ਡਾਲਾ ਸਿਉ ਪੇਡਾ ਗਟਕਾਵਹਿ ॥ ਅੰਗ- ੪੭੯*

ਭੇਖ ਅਤੇ ਸੰਤ ਦਾ ਸੁਮੇਲ ਨਹੀਂ। ਭੇਖੀ ਦੀ ਤੁਲਨਾ ਬਗਲੇ ਨਾਲ ਹੈ ਅਤੇ ਸੰਤ ਦੀ ਤੁਲਨਾ ਹੰਸ ਨਾਲ ਬਾਣੀ ਵਿਚ ਕੀਤੀ ਗਈ ਹੈ। ਬਗਲਾ ਤੇ ਹੰਸ ਦੇਖਣ ਨੂੰ ਇਕੋ ਜਿਹੇ ਭਾਸਦੇ ਹਨ ਪਰ ਅੰਦਰ ਬਿਰਤੀ ਦਾ ਜ਼ਮੀਨ ਅਸਮਾਨ ਜਿੰਨਾਂ ਫਰਕ ਹੈ। ਐਸੇ ਸਤਿਪੁਰਸ਼ ਵਿਰਲੇ ਹਨ -

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥*
*ਅੰਗ - ੧੪੧੧*

## ਰਾੜਾ ਸਾਹਿਬ ਸੰਪਰਦਾ ਦੇ ਅਨਮੋਲ ਹੀਰੇ

ਇਸ ਸੰਪਰਦਾ ਤੇ ਬਖਸ਼ਿਸ਼ਾਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀਆਂ ਹਨ। ਪੰਜਾਂ ਪਿਆਰਿਆਂ ਦੇ ਮੁਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਤੋਂ ਵਰੋਸਾਈ ਇਹ ਸੰਪਰਦਾ ਨੇ ਅਨੇਕ ਨਾਮ ਰਸੀਏ ਸਤਿਪੁਰਸ਼ ਇਸ ਮਾਨਵਤਾ ਦੇ ਕਲਿਆਣ ਲਈ ਦਿਤੇ ਹਨ।

ਜਿਨ੍ਹਾਂ ਵਿਚ ਪ੍ਰਮੁੱਖ ਤੌਰ ਤੇ ਬਾਬਾ ਸੋਭਾ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਾਲੇ, ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਾਲੇ, ਬਾਬਾ ਭਾਗ ਸਿੰਘ ਜੀ ਕੁਰੀ ਵਾਲੇ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਬਾਬਾ ਮਹਾਰਾਜ ਸਿੰਘ ਜੀ, ਬਾਬਾ ਰਾਮ ਸਿੰਘ ਜੀ, ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਅਤੇ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਪ੍ਰਮੁੱਖ ਹਨ। ਇਨ੍ਹਾਂ ਤੋਂ ਬਖਸ਼ਿਸ਼ ਪਿਆਰੇ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ 'ਤੇ ਹੋਈ।

**ਪ੍ਰਕਾਸ਼ਮਈ ਜੀਵਨ ਦੀਆਂ ਝਲਕਾਂ -** ਪਿਆਰੇ ਮਹਾਂਪੁਰਸ਼ਾਂ ਦਾ ਸਮੁੱਚਾ ਜੀਵਨ ਗੁਰਬਾਣੀ ਦੀ ਰੋਸ਼ਨੀ ਨਾਲ ਸਰਸ਼ਾਰ ਹੈ। ਆਪ ਜੀ ਨੇ ਪਿਛਲੇ ਜਨਮਾਂ ਜਨਮਾਂਤਰਾਂ ਦੀਆਂ ਘਾਲਣਾ ਕਮਾਈਆਂ ਸਦਕਾ ਬਚਪਨ ਤੋਂ ਹੀ ਗੁਰਬਾਣੀ ਰੂਪੀ ਰੋਸ਼ਨੀ ਨਾਲ ਇਸ ਜੀਵਨ ਦੀ ਅਰੰਭਤਾ ਕੀਤੀ। ਭਾਵ -

*ਗੁਰਬਾਣੀ ਇਸੁ ਜਗ ਮਹਿ ਚਾਨਣੁ*
*ਕਰਮਿ ਵਸੈ ਮਨਿ ਆਏ ॥ ਅੰਗ - ੬੭*

ਆਪ ਜੀ ਦੇ ਸਰੀਰ ਦਾ ਆਗਮਨ ਜੇਠ ਦੇ ਮਹੀਨੇ ਵਿਚ 17 ਜੂਨ 1918 ਈਸਵੀ ਦਿਨ ਐਤਵਾਰ ਨੂੰ ਮੀਰੀ ਪੀਰੀ ਦੇ ਮਾਲਕ ਧੰਨ ਗੁਰੂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਨਗਰ ਧਮੋਟ (ਜ਼ਿਲਾ ਲੁਧਿਆਣਾ) ਵਿਖੇ ਮਾਤਾ ਇੰਦਰ ਕੌਰ ਜੀ ਦੀ ਕੁਖੋਂ ਅਤੇ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਦੇ ਗ੍ਰਿਹਿ ਵਿਖੇ ਹੋਇਆ। ਆਪ ਜੀ ਦਾ ਸਾਰਾ ਪਰਿਵਾਰ ਗੁਰੂ ਪਿਆਰ, ਨਾਮ ਰੰਗ ਵਿਚ ਰੰਗਿਆ ਹੋਇਆ ਸੀ। ਸਾਰਾ ਪਰਿਵਾਰ ਅੰਮ੍ਰਿਤਧਾਰੀ ਹੋਣ ਕਾਰਨ ਆਪ ਜੀ ਨੂੰ ਸਿੱਖੀ ਵਿਰਾਸਤ ਵਿਚੋਂ ਹੀ ਪ੍ਰਾਪਤ ਹੋਈ। ਆਪ ਜੀ ਦਾ ਪਰਿਵਾਰ ਸਿੱਖ ਪੰਥ ਵਿਚ ਸੇਵਾ, ਸਿਮਰਨ ਅਤੇ ਪਰਉਪਕਾਰੀ ਕਾਰਜਾਂ ਕਰਕੇ ਜਾਣਿਆ ਪਛਾਣਿਆ ਜਾਂਦਾ ਸੀ। ਆਪ ਜੀ ਦੇ ਪਿਤਾ ਜੀ ਨੂੰ 12 ਪਿੰਡਾਂ ਦੀਆਂ ਸੰਗਤਾਂ ਵਲੋਂ 70 ਸਿੰਘਾਂ ਦੀ ਚੋਣ ਉਪਰੰਤ ਪੰਜ ਸਿੰਘ ਚੁਣ ਕੇ ਜਥੇਦਾਰੀ ਦੀਆਂ ਬਖਸ਼ਿਸ਼ਾਂ ਨਾਲ ਨਿਵਾਜਿਆ ਗਿਆ। ਜਥੇਦਾਰ ਬਾਬਾ ਕਰਤਾਰ ਸਿੰਘ ਜੀ ਅਕਾਲੀ ਮੋਰਚਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਤਾਂਹੀ ਨਗਰ ਵਿਚ ਆਪ ਜੀ ਦੇ ਪਰਿਵਾਰ ਨੂੰ ਅਕਾਲੀ ਕਿਹਾ ਜਾਦਾ ਜੋ ਇਕ ਕੇਵਲ ਅਕਾਲ ਪੁਰਖ ਦਾ ਪੁਜਾਰੀ ਸੀ।

3 ਸਾਲ ਦੀ ਉਮਰ ਵਿਚ ਹੀ ਆਪ ਜੀ ਨੇ ਅੰਮ੍ਰਿਤ ਪਾਨ ਕਰ ਲਿਆ ਸੀ। ਉਪਰੰਤ ਗੁਰਮਤਿ ਜੀਵਨ ਜੁਗਤਿ ਦ੍ਰਿੜ੍ਹ ਕਰਦੇ-ਕਰਦੇ ਬਚਪਨ ਦੀਆਂ ਦਹਿਲੀਜ਼ਾਂ ਤੋਂ ਜਵਾਨੀ ਵਲ ਪੈਰ ਪੁੱਟੇ।

ਗੁਰਬਾਣੀ ਦੀ ਸੰਥਿਆ ਲੈ ਕੇ, ਗੁਰਦੁਆਰਾ ਸਾਹਿਬ ਨਿਤਨੇਮ, ਅਖੰਡਪਾਠ, ਸਹਿਜ ਪਾਠ ਕਰਨੇ। ਆਪ ਜੀ ਦੀ ਰਸਮਈ ਸੁਰੀਲੀ ਅਵਾਜ਼ ਸਭ ਨੂੰ ਮੋਹ ਲੈਂਦੀ। ਮੁੱਢਲੀ ਵਿਦਿਆ ਆਪ ਜੀ ਨੇ ਪ੍ਰਾਇਮਰੀ ਸਕੂਲ ਨਗਰ ਧਮੋਟ ਤੋਂ ਪ੍ਰਾਪਤ ਕੀਤੀ ਤੇ ਹਾਇਰ ਸੈਕੰਡਰੀ, ਭਾਵ ਮੈਟ੍ਰਿਕ ਪਾਇਲ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ। ਆਪ ਜੀ ਪੜ੍ਹਾਈ ਦੇ ਨਾਲ-ਨਾਲ ਪਿਤਾ ਜੀ ਨਾਲ ਖੇਤੀ ਬਾੜੀ ਦੇ ਕੰਮਾਂ ਵਿਚ ਵੀ ਹੱਥ ਵਟਾਉਂਦੇ।

1930 ਈ. ਦੇ ਕਰੀਬ ਆਪ ਜੀ ਦਾ ਵਿਆਹ ਛੋਟੀ ਉਮਰ 'ਚ ਹੀ ਮਾਤਾ ਉੱਦਮ ਕੌਰ ਜੀ (ਬਾਅਦ ਵਿਚ ਨਾਮ ਬੀਜੀ ਮਾਤਾ ਰਣਜੀਤ ਕੌਰ ਜੀ) ਨਾਲ ਹੋਇਆ ਦੋਹਾਂ ਦੇ ਵਿਆਹ (ਸੰਜੋਗ) ਸਬੰਧੀ ਜਨਮ ਤੋਂ ਲੱਗਭੱਗ 8 ਸਾਲ ਪਹਿਲਾਂ ਬੀਜੀ ਦੇ ਪਿਤਾ ਜੀ ਸੰਤ ਹੀਰਾ ਸਿੰਘ ਜੀ ਵਲੋਂ ਕੀਤੇ ਭਵਿੱਖਤ ਬਚਨ ਸੱਚ ਹੋਏ ਕਿ ਇਨ੍ਹਾਂ ਦੋਨਾਂ ਦਾ ਸੰਜੋਗ ਹੈ ਤੇ ਉਸੇ ਸਮੇਂ ਇਕ ਰੁਪਿਆ ਦੇ ਕੇ ਰਿਸ਼ਤਾ ਪੱਕਾ ਕਰ

ਦਿਤਾ। ਆਪ ਜੀ ਨੇ ਬਚਪਨ ਵਿਚ ਹੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ, ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ, ਸੰਤ ਹੀਰਾ ਸਿੰਘ ਜੀ ਦਾਉਦਪੁਰ, ਸੰਤ ਅਤਰ ਸਿੰਘ ਜੀ ਅਤਲੇ ਵਾਲਿਆਂ, ਸੰਤ ਤੇਜਾ ਸਿੰਘ ਜੀ ਡਬਲ ਐਮ.ਏ, ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ, ਸੰਤ ਈਸਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਸੋਭਤ ਦਾ ਲਾਹਾ ਲਿਆ।

ਬਚਪਨ ਵਿਚ ਆਪ ਜੀ ਆਪਣੇ ਭੈਣ ਜੀ ਜਸਵੰਤ ਕੌਰ ਜੀ ਨਾਲ ਰਲ ਕੇ (ਜੋ ਕਿ ਆਪ ਜੀ ਤੋਂ ਪੰਜ ਸਾਲ ਵੱਡੇ ਸਨ) ਕੀਰਤਨ ਕਰਿਆ ਕਰਦੇ। ਆਪ ਜੀ ਦਾ ਅਗੰਮੀ ਮਿਲਾਪ ਸੰਨ 22 ਜਨਵਰੀ 1936 ਈਸਵੀ, ਦਿਨ ਬੁੱਧਵਾਰ ਨੂੰ ਪਹਿਲੀ ਵਾਰ ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨਾਲ ਹੋਇਆ। ਦਰਸ਼ਨ ਕਰਦੇ ਸਾਰ ਮਨ ਨੂੰ ਸਕੂਨ ਪ੍ਰਾਪਤ ਹੋਇਆ। ਪਹਿਲੀ ਮਿਲਣੀ ਵਿਚ ਹੀ ਸਿਧਾਂਤ ਪ੍ਰਗਟ ਹੋਇਆ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥* *ਅੰਗ - ੯੯੯*

ਮਹਾਂਪੁਰਸ਼ਾਂ ਦੇ ਸਵਾਲ ਪੁੱਛਣ 'ਤੇ ਤੂੰ ਕੌਣ ਹੈਂ? ਕਿਥੋਂ ਆਇਆ ਹੈਂ? ਦਾ ਜਵਾਬ ਸੁਣ ਕੇ 45 ਮਿੰਟ ਸਮਾਧੀ ਸਥਿਤ ਨਾਮ ਰਸੀਏ ਮਹਾਂਪੁਰਸ਼ਾਂ ਨੇ ਅਗੰਮੀ ਬਚਨ ਫੁਰਮਾਏ ਕਿ ਅੱਜ ਸੁਹਾਗਣ ਨੂੰ ਸੁਹਾਗਣ ਦਾ ਮਿਲਾਪ ਹੋਇਆ ਹੈ। ਸਾਰੇ ਜੀਵਨ ਦਾ ਸਾਰ ਤੇ ਪਿਛਲੇ ਜਨਮਾਂ ਦੀਆਂ ਕਮਾਈਆਂ ਦਾ ਪ੍ਰਗਟਾਵਾ ਮਹਾਂਪੁਰਸ਼ਾਂ ਨੇ ਇਕ ਬਚਨ ਵਿਚ ਕਰ ਦਿਤਾ। ਇਹ ਇਕ ਗੁਹਜ ਰਮਜ਼ ਸੀ ਜਿਸ ਨੂੰ ਸਮਝਣਾ ਸਾਡੇ ਵਸ ਦੀ ਬਾਤ ਨਹੀਂ।

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥* *ਅੰਗ - ੮੯੪*

ਇਸ ਅਗੰਮੀ ਮਿਲਾਪ ਉਪਰੰਤ ਆਪ ਜੀ ਨੇ ਨਾਮ ਦੀ ਕਮਾਈ ਦ੍ਰਿੜ੍ਹਤਾ ਨਾਲ ਕਰਨੀ ਸ਼ੁਰੂ ਕੀਤੀ। ਆਪ ਜੀ ਨੇ ਜਵਾਹਰ ਕੇ (ਮਾਨਸਾ) ਦੀ ਝਿੜੀ ਵਿਚ ਪਹੁੰਚ ਕੇ 24 ਘੰਟਿਆਂ ਵਿਚੋਂ 20-20 ਘੰਟੇ ਨਾਮ ਜਪਣਾ ਸ਼ੁਰੂ ਕੀਤਾ। ਮਹਾਂਪੁਰਸ਼ ਰਾੜਾ ਸਾਹਿਬ ਵਾਲਿਆਂ ਦੀ ਆਤਮਿਕ ਖਿੱਚ ਸਦਕਾ ਉਥੋਂ ਵਾਪਸ ਆਏ। ਫਿਰ ਆਪ ਜੀ ਨੇ ਸਿੰਧ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਉਥੇ ਮਾਤਾ ਜੀ ਵੀ ਨਾਲ ਗਏ। ਬੀਬੀਆਂ ਨੂੰ ਗੁਰਮੁਖੀ ਸਿਖਾਈ ਤੇ ਨਸ਼ੇ ਛੁਡਾ ਕੇ ਗੁਰਮਤਿ ਦੇ ਧਾਰਨੀ ਬਣਾਇਆ।

1940 ਈ. ਵਿਚ ਆਪ ਜੀ ਨੇ ਮਹਾਂਪੁਰਸ਼ ਰਾੜਾ ਸਾਹਿਬ ਵਾਲਿਆਂ ਦੇ ਬਚਨਾਂ ਨੂੰ ਮੰਨਦਿਆਂ ਕੋਕਾ ਕੋਲਾ ਵਾਲਿਆਂ ਦੇ ਸਰਵਿਸ ਕੀਤੀ। ਉਥੇ ਆਪ ਜੀ ਨੇ ਪੂਰੀ ਲਗਨ, ਮਿਹਨਤ ਤੇ ਈਮਾਨਦਾਰੀ ਦਾ ਸਬੂਤ ਦਿਤਾ।

6 ਮਹੀਨੇ ਤੋਂ ਬਾਅਦ ਫੌਜ ਵਿਚ ਭਰਤੀ ਹੋਏ। ਜਿਥੇ ਆਪ ਜੀ ਨੇ ਈਮਾਨਦਾਰੀ ਦਾ ਸਬੂਤ ਦਿੰਦਿਆਂ ਉਥੇ ਘਪਲੇ ਕਰਨ ਵਾਲਿਆਂ ਨੂੰ ਵਰਜਿਆ ਤੇ ਹੋਣ ਵਾਲੇ ਘਪਲਿਆਂ ਤੋਂ ਉੱਚ ਅਫ਼ਸਰਾਂ ਨੂੰ ਪਹਿਲਾਂ ਹੀ ਸੁਚੇਤ ਕੀਤਾ।

ਫੌਜ ਤੋਂ ਬਾਅਦ ਸਿਵਲ ਸੈਕਟਰੀਏਟ ਚੰਡੀਗੜ੍ਹ ਸਰਵਿਸ ਕੀਤੀ। ਲੰਚ ਟਾਇਮ ਵਿਚ ਸਾਰੇ ਧਰਮਾਂ/ ਮਜ਼੍ਹਬਾਂ ਨਾਲ ਸਬੰਧਿਤ ਕਰਮਚਾਰੀਆਂ ਨੂੰ ਨਾਮ-ਬਾਣੀ ਦੇ ਰੰਗ ਵਿਚ ਰੰਗਿਆ।

ਇਸ ਸਮੇਂ ਦੌਰਾਨ ਆਪ ਜੀ ਨੇ ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਦੀਵਾਨ ਚੰਡੀਗੜ੍ਹ ਅਤੇ ਕਾਲਕਾ ਵਿਖੇ ਲਵਾਏ। ਗੁਰਮਤਿ ਦਾ ਪ੍ਰਚਾਰ ਜਾਰੀ ਰਿਹਾ।

ਉਪਰੰਤ ਆਪ ਜੀ ਨੇ ਸਰਵਿਸ ਤੋਂ ਛੁੱਟੀ ਲਈ। 1966 ਈ. ਨੂੰ ਆਪ ਜੀ ਨੇ ਮਹਾਂਪੁਰਸ਼ਾਂ ਰਾੜਾ ਸਾਹਿਬ ਵਾਲਿਆਂ ਦੇ ਬਚਨਾਂ ਸਦਕਾ ਯੂ.ਪੀ ਵਿਚ ਸਫਲ ਫਾਰਮਿੰਗ (ਕਿਸਾਨੀ) ਕੀਤੀ ਜਿਥੇ ਅਨੇਕਾਂ ਪ੍ਰਾਣੀਆਂ ਨੂੰ ਨਾਮ ਬਾਣੀ ਨਾਲ ਜੋੜਿਆ। ਨਸ਼ਿਆਂ ਅਤੇ ਮਾੜੀਆਂ ਕੁਰੀਤੀਆਂ ਤੋਂ ਨਿਜਾਤ ਦੁਆ ਕੇ ਗੁਰਮਤਿ ਦੇ ਧਾਰਨੀ ਬਣਾਇਆ।

1978 ਈ. ਨੂੰ ਆਪ ਜੀ ਨੇ ਯੂ.ਪੀ ਵਿਚੋਂ ਫਾਰਮ ਵੇਚ ਕੇ ਚੰਡੀਗੜ੍ਹ ਆਉਣਾ ਕੀਤਾ। 1978 ਤੋਂ 1986 ਤੱਕ ਚੰਡੀਗੜ੍ਹ, ਰੋਪੜ ਦੇ ਨੇੜਲੇ ਇਲਾਕਿਆਂ ਵਿਚ ਧਾਰਮਿਕ ਦੀਵਾਨ ਸਜਾ ਕੇ ਪ੍ਰਚਾਰ ਆਰੰਭ ਕੀਤਾ।

**ਗੁਰਮਤਿ ਦੇ ਪ੍ਰਚਾਰ ਤੇ ਪਰਉਪਕਾਰ ਹਿਤ ਰਤਵਾੜਾ ਸਾਹਿਬ ਦੀ ਸਥਾਪਨਾ -** 1986 ਈ. ਵਿਚ 28 ਜੁਲਾਈ ਨੂੰ ਰਤਵਾੜਾ ਸਾਹਿਬ ਅਸਥਾਨ ਹੋਂਦ ਵਿਚ ਆਇਆ। 1986 ਤੋਂ 2001 ਤੱਕ ਆਪ ਜੀ ਨੇ ਰਤਵਾੜਾ ਸਾਹਿਬ ਅਸਥਾਨ, ਸਕੂਲ, ਕਾਲਜ, 24 ਘੰਟੇ ਲੰਗਰ, ਫਰੀ ਰਿਹਾਇਸ਼,

1995 ਈ. ਵਿਚ 'ਆਤਮ ਮਾਰਗ' ਮੈਗਜ਼ੀਨ, ਧਾਰਮਿਕ ਦੀਵਾਨ, ਵੀਡੀਓ ਕੈਸਟਾਂ, ਅਨੇਕਾਂ ਵਸੀਲਿਆਂ ਨਾਲ ਗੁਰਮਤਿ ਦਾ ਪ੍ਰਚਾਰ ਤੇ ਪਰਉਪਕਾਰ ਕੀਤਾ। ਇਸੇ ਸਮੇਂ ਦੌਰਾਨ ਕੁਦਰਤੀ ਆਫ਼ਤਾਂ ਸਮੇਂ ਭਾਵੇਂ ਹੜ੍ਹ ਹੋਣ ਜਾਂ ਭੁਚਾਲ ਲੋੜਵੰਦਾਂ ਦੀ ਵਧ ਚੜ੍ਹ ਕੇ ਮਦਦ ਕੀਤੀ। ਇਸੇ ਸਮੇਂ ਦੌਰਾਨ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੀ ਸਥਾਪਨਾ ਕੀਤੀ। 29 ਜੁਲਾਈ 1986 ਨੂੰ ਆਪ ਜੀ ਦੇ ਬਚਨਾਂ 'ਤੇ ਪਹਿਰਾ ਦਿੰਦਿਆਂ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਵੀ ਯੂ.ਪੀ ਤੋਂ ਆਪਣੀ ਫਾਰਮਿੰਗ, ਘਰ, ਪਰਿਵਾਰ ਅਤੇ ਸਰਵਿਸ ਤਿਆਗ ਕੇ ਰਤਵਾੜਾ ਸਾਹਿਬ ਸੇਵਾ ਲਈ ਪਹੁੰਚ ਗਏ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਆਪ ਜੀ ਨੇ ਨਗਰ ਚਾਹੜਮਾਜਰਾ (ਨੇੜੇ ਰਤਵਾੜਾ ਸਾਹਿਬ) ਮੁਸਲਮਾਨ ਵੀਰਾਂ ਲਈ ਅੱਲਾ ਨੂੰ ਅਕੀਦਾ ਭੇਟ ਕਰਨ ਲਈ ਮਸਜਿਦ ਦਾ ਨਿਰਮਾਣ ਕਰਵਾਇਆ। ਆਪ ਜੀ ਨੇ ਗੁਰਮਤਿ ਦੇ ਪ੍ਰਚਾਰ ਤੇ ਪਰਉਪਕਾਰ ਦੇ ਕੇਂਦਰ ਰਤਵਾੜਾ ਸਾਹਿਬ ਤੋਂ ਅਨੇਕਾਂ ਕਾਰਜ ਕੀਤੇ ਜੋ ਕਿ ਲੋਕਾਈ ਲਈ ਅੱਜ ਵੀ ਵਰਦਾਨ ਸਿੱਧ ਹੋ ਰਹੇ ਹਨ।

ਅਖੀਰ ਆਪ ਜੀ 31 ਅਕਤੂਬਰ 2001 ਨੂੰ ਦਰਗਾਹ ਤੋਂ ਮਿਲੀ ਸੇਵਾ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਨੂੰ ਸੌਂਪਦਿਆਂ ਪੰਜ ਭੂਤਕ ਸਰੀਰ ਦਾ ਪ੍ਰਤਿਆਗ ਕਰਕੇ ਸਦਾ ਲਈ ਪ੍ਰਮੇਸ਼ਰ ਵਿਚ ਲੀਨ ਹੋ ਗਏ -

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਅੰਗ - ੮੪੬*

ਆਪ ਜੀ ਦੇ ਸਮੁੱਚੇ ਜੀਵਨ ਨੂੰ ਨਮਸ਼ਕਾਰ ਕਰਦਿਆਂ ਬਹੁਪੱਖੀ ਸਖਸ਼ੀਅਤ ਦੇ ਤੌਰ 'ਤੇ ਅਗੰਮੀ ਵਿਸ਼ੇਸ਼ਤਾਈਆਂ ਪ੍ਰਤੱਖ ਦਿਸ ਰਹੀਆਂ ਹਨ। ਜੇ ਆਪ ਜੀ ਦੀਆਂ ਪਿਛਲੇ ਜਨਮਾਂ ਦੀਆਂ ਘਾਲਣਾ ਕਮਾਈਆਂ, ਇਸ ਜਨਮ ਦੀ ਲਗਨ ਮਿਹਨਤ ਤੇ ਸਤਿਗੁਰਾਂ ਦੀਆਂ ਬਖਸ਼ਿਸ਼ਾਂ ਦੇਖੀਏ ਤਾਂ ਸੁਤੇ ਸਿਧ ਨਜ਼ਰ ਆਉਂਦਾ ਹੈ ਕਿ ਆਪ ਜੀ ਦਾ ਜੀਵਨ ਇਸ ਤਰ੍ਹਾਂ ਚਮਕਦਾ ਸਿਤਾਰਾ ਹੈ। ਜਿਵੇਂ ਕਿ -

**1. ਸਿਮਰਨ ਵਾਲੀ ਰੂਹ -** ਬਚਪਨ ਤੋਂ ਹੀ ਨਾਮ ਜਪਣ ਦੀ ਲਗਨ ਅਤੇ ਦ੍ਰਿੜ੍ਹਤਾ ਸੀ। ਸਰੀਰਕ ਛੋਟੀ ਉਮਰ ਵਿਚ ਹੀ ਘੰਟਿਆਂ ਬੱਧੀ ਨਾਮ ਦਾ ਅਭਿਆਸ ਕਰਦੇ ਸਨ।

**2. ਗੁਰਸਿੱਖੀ ਵਿਚ ਪਰਪੱਕ -** ਪੰਜਾਂ ਪਿਆਰਿਆਂ ਵਲੋਂ ਦਰਸਾਈ ਰਹਿਤ ਵਿਚ ਬਚਪਨ ਤੋਂ ਹੀ ਪਰਪੱਕਤਾ ਸੀ। ਛੋਟੀ ਉਮਰ ਵਿਚ ਕੇਸਾਂ ਵਿਚੋਂ ਕੰਘਾ ਗੁਆਚਣ ਕਾਰਨ, ਓਨੀ ਦੇਰ ਤਕ ਪ੍ਰਸ਼ਾਦਾ ਨਹੀਂ ਛਕਿਆ ਜਦੋਂ ਤੱਕ ਕੰਘਾ ਦੁਬਾਰਾ ਕੇਸਾਂ ਵਿਚ ਰੱਖ ਨਾ ਲਿਆ। ਮੁੱਢਲੀ ਸਕੂਲੀ ਵਿਦਿਆ ਦੌਰਾਨ ਜਗਤ ਜੂਠ (ਤੰਮਾਕੂ) ਸ਼ਬਦ ਕਾਪੀ 'ਤੇ ਵੀ ਨਾ ਲਿਖਿਆ। ਗੁਰਮਤਿ ਦੀ ਰਹਿਣੀ ਬਹਿਣੀ ਦੀ ਅੰਦਰੋਂ ਬਾਹਰੋਂ (ਤਨ, ਮਨ) ਕਰਕੇ ਐਨੀ ਪਰਪੱਕਤਾ ਸੀ ਕਿ ਜਗਤ ਜੂਠ (ਤਮਾਕੂ) ਸ਼ਬਦ ਬੋਲਣ ਨਾਲ ਰਸਨਾ ਅਪਵਿੱਤਰ ਹੋ ਜਾਂਦੀ ਹੈ। ਇਸ ਕਰਕੇ ਮਾਸਟਰ ਦੇ ਗੁੱਸੇ ਦਾ ਸ਼ਿਕਾਰ ਤਾਂ ਹੋ ਗਏ ਪਰ ਇਹ ਅੱਖਰ ਕਾਪੀ 'ਤੇ ਲਿਖਣਾ ਮੁਨਾਸਿਬ ਨਾ ਸਮਝਿਆ।

**3. ਸਿੱਖੀ ਲਈ ਦਰਦ -** ਛੋਟੀ ਉਮਰ ਤੋਂ ਹੀ ਨਾਮ-ਬਾਣੀ ਦਾ ਪ੍ਰਚਾਰ ਜਾਰੀ ਕਰ ਦਿਤਾ। ਸਿੰਧ (ਪਾਕਿਸਤਾਨ ਵਿਚ) ਫੌਜ ਦੀ ਸਰਵਿਸ, ਸੈਕਟਰੀਏਟ ਦੀ ਸਰਵਿਸ ਅਤੇ ਯੂ.ਪੀ ਵਿਚ ਫਾਰਮਿੰਗ ਦੌਰਾਨ ਗੁਰਮਤਿ ਦਾ ਪ੍ਰਚਾਰ ਜਾਰੀ ਰੱਖਿਆ। ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 500 ਸਾਲ ਸ਼ਤਾਬਦੀ 1969 ਈ. ਨੂੰ ਯੂ.ਪੀ ਵਿਚ ਪੰਜਾਂ ਸਿੰਘਾਂ ਰਾਹੀਂ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਅਰਦਾਸ ਕਰਕੇ ਗੁਰਮਤਿ ਦੇ ਪ੍ਰਚਾਰ ਦਾ ਬੀੜਾ ਚੁੱਕਿਆ ਕਿਉਂਕਿ ਉਥੇ ਪੰਜਾਬੀਆਂ ਦੀ ਹਾਲਤ ਬਹੁਤ ਹੀ ਨਾਜ਼ੁਕ ਸਥਿਤੀ ਵਿਚ ਸੀ। ਬਹੁਤਾਤ ਵਿਚ ਲੋਕ, ਸਿੱਖੀ ਤੋਂ ਦੂਰ ਹੋ ਕੇ ਮਾੜੀਆਂ ਅਲਾਮਤਾਂ ਵਿਚ ਪ੍ਰਵਿਰਤ ਸਨ। ਉਨ੍ਹਾਂ ਹਾਲਾਤਾਂ ਵਿਚ ਸਫਲ ਕਿਸਾਨੀ ਦੇ ਨਾਲ-ਨਾਲ ਸਿੱਖੀ ਦਾ ਦਰਦ ਮਹਿਸੂਸ ਕਰਦੇ ਹੋਏ, ਪ੍ਰਚਾਰ ਆਰੰਭ ਕੀਤਾ ਤੇ ਹਜ਼ਾਰਾਂ ਪ੍ਰਾਣੀਆਂ ਨੂੰ 'ਤਰਾਈ ਸਿੱਖ ਮਿਸ਼ਨ' ਬਣਾ ਕੇ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ।

**4. ਨਿਰਮਲ ਆਤਮਾ -** ਆਪ ਜੀ ਨਿਰਛਲ, ਚਲਾਕੀ ਰਹਿਤ, ਅੰਦਰੋਂ ਬਾਹਰੋਂ ਇਕ ਹੋ ਕੇ ਵਿਚਰਦੇ। ਆਪਣੇ ਮੁਖਾਰਬਿੰਦ ਤੋਂ ਕਹਿੰਦੇ ਕਿ ਮੈਨੂੰ ਦੁਨੀਆਦਾਰੀ ਵਾਲੀਆਂ ਚਲਾਕੀਆਂ ਨਹੀਂ ਆਉਂਦੀਆਂ।

*ਭੋਲੇ ਭਾਇ ਮਿਲੇ ਰਘੁਰਾਇਆ ॥ ਅੰਗ - ੩੨੪*

**5. ਕਿਰਤ ਕਰੋ, ਨਾਮ ਜਪੋ, ਵੰਡ ਛਕੋ 'ਤੇ ਪਹਿਰਾ ਦੇਣ ਵਾਲੇ -** ਬਚਪਨ ਤੋਂ ਹੀ ਸਿੱਖੀ ਦੇ ਇਨ੍ਹਾਂ ਤਿੰਨ ਸੁਨਹਿਰੀ ਅਸੂਲਾਂ 'ਤੇ ਪਹਿਰਾ ਦਿਤਾ।

**6. ਉੱਘੇ ਧਰਮ ਪ੍ਰਚਾਰਕ -** ਗੁਰਮਤਿ ਦਾ ਪ੍ਰਚਾਰ ਧਾਰਮਿਕ ਦੀਵਾਨਾਂ ਰਾਹੀਂ ਦੇਸ਼-ਵਿਦੇਸ਼ ਵਿਚ ਕੀਤਾ। ਰਤਵਾੜਾ ਸਾਹਿਬ ਵਿਖੇ ਵੱਡੇ ਗੁਰਮਤਿ ਸਮਾਗਮ ਕਰਵਾਉਂਦੇ ਜਿਨ੍ਹਾਂ ਵਿਚ ਸੰਤਾਂ, ਮਹਾਂਪੁਰਸ਼ਾਂ, ਕਥਾ ਵਾਚਕਾਂ ਅਤੇ ਸਬੁੱਧੀਜੀਵੀਆਂ ਨੂੰ ਗੁਰਮਤਿ ਦੇ ਸਿਧਾਂਤਾਂ ਦੇ ਖਾਸ ਵਿਸ਼ੇ ਦੇ ਕੇ ਵਿਚਾਰ ਪ੍ਰਗਟ ਕਰਨ ਲਈ ਕਹਿੰਦੇ।

**7. ਕਲਮ ਦੇ ਧਨੀ -** 'ਆਤਮ ਮਾਰਗ' ਰੂਹਾਨੀ ਮੈਗਜ਼ੀਨ ਦਾ ਸੰਪਾਦਨ 1995 ਦੀ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਕੀਤਾ। ਇਸ ਤੋਂ ਇਲਾਵਾ 100 ਦੇ ਲੱਗਭੱਗ ਪੁਸਤਕਾਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਛਪਵਾਈਆਂ।

**8. ਧਾਰਮਿਕ ਸਹਿਹੋਂਦ ਦੇ ਹਾਮੀ -** ਯੂ.ਪੀ ਦੇ ਤਰਾਈ ਇਲਾਕੇ ਵਿਚ ਤਰਾਈ ਸਿੱਖ ਮਿਸ਼ਨ ਬਣਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

**9. ਯੋਗ ਪ੍ਰਬੰਧਕ -** ਹਰ ਖੇਤਰ ਦੇ ਤਜਰਬੇ ਦੇ ਨਾਲ-ਨਾਲ ਗੁਰਮਤਿ ਸਮਾਗਮ ਦਾ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਕਰਨਾ। 300 ਦੇ ਕਰੀਬ ਪ੍ਰਬੰਧ ਦੇ ਕਾਰਜ ਜਿਨ੍ਹਾਂ ਨੂੰ ਸਮਾਗਮ ਤੋਂ ਪਹਿਲਾਂ ਹੀ ਮੀਟਿੰਗਾਂ ਕਰਕੇ ਸੇਵਾਦਾਰਾਂ ਵਿਚ ਵੰਡ ਦੇਣਾ। ਵੱਡੇ-ਵੱਡੇ ਤਜਰਬੇਕਾਰ ਪ੍ਰਬੰਧ ਦੇਖ ਕੇ ਹੈਰਾਨ ਰਹਿ ਜਾਂਦੇ।

**10. ਅਗਾਂਹ ਵਧੂ ਸੋਚ ਤੇ ਸਮੇਂ ਦੇ ਹਾਣੀ -** ਪਹਿਲਾਂ ਕੀਰਤਨ ਦੀਆਂ ਵੀਡੀਓ ਬਣਵਾਈਆਂ ਫਿਰ ਟੈਕਨੋਲੋਜੀ ਦਾ ਫਾਇਦਾ ਲੈ ਕੇ ਸੀ.ਡੀ ਦੇ ਰੂਪ ਵਿਚ ਇੰਟਰਨੈੱਟ ਦੀ ਮਦਦ ਨਾਲ ਪੂਰੇ ਸੰਸਾਰ ਭਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੈਸੇਜ ਫੈਲਾਇਆ।

**11. ਗੁਰਬਾਣੀ ਸਿਧਾਂਤਾਂ ਦੇ ਧਾਰਨੀ -** ਬਚਪਨ ਤੋਂ ਹੀ ਰਹਿਤ ਮਰਿਆਦਾ ਵਿਚ ਪਰਪੱਕ ਤੇ ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਜੀਵਨ ਢਾਲਿਆ।

**12. ਰਾਜਨੀਤਿਕ ਸੂਝ ਬੂਝ ਦੇ ਮਾਲਕ -** ਆਪ ਜੀ ਰਾਜਨੀਤੀ ਦਾ ਬਹੁਤ ਹੀ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਅਕਸਰ ਵਿਚਾਰ ਕਰਦੇ ਕਿ ਜੀਵਨ ਵਾਲੇ ਪੁਰਸ਼ਾਂ ਨੂੰ ਹੀ ਰਾਜਨੀਤੀ ਵਿਚ ਅੱਗੇ ਲਿਆਉਣਾ ਚਾਹੀਦਾ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਆਪ ਜੀ ਦੀ ਪ੍ਰੇਰਨਾ ਸਦਕਾ ਗਿਆਨੀ ਹਰਿੰਦਰ ਸਿੰਘ (ਪ੍ਰਧਾਨ ਆਲ ਇੰਡੀਆ ਸਿੰਘ ਸਭਾ) ਨੂੰ ਐਮ.ਐਲ.ਏ ਬਣਾ ਕੇ ਯੂ.ਪੀ ਵਿਧਾਨ ਸਭਾ 'ਚ ਭੇਜਿਆ ਤਾਂ ਜੋ ਸੱਚ ਦੀ ਅਵਾਜ਼ ਬੁਲੰਦ ਕਰ ਸਕਣ।

**13. ਨਿਰਪੱਖ ਸੂਝ ਦੇ ਮਾਲਿਕ -** ਜੀਵਨ ਦੇ ਹਰ ਪੜਾਅ 'ਤੇ ਆਪ ਜੀ ਦੀ ਸੂਝ-ਬੂਝ ਨਿਵੇਕਲੀ ਨਜ਼ਰ ਆਈ। ਆਪ ਦੂਰ-ਅੰਦੇਸੀ ਦ੍ਰਿਸ਼ਟੀ ਰਖਦੇ ਸੀ।

**14. ਸੱਚ ਦੇ ਧਾਰਨੀ -** ਆਪ ਜੀ ਨੇ ਤਮਾਮ ਜ਼ਿੰਦਗੀ ਵਿਚ ਸੱਚ 'ਤੇ ਪਹਿਰਾ ਦਿਤਾ। ਬਾਣੀ ਦੇ ਪਵਿੱਤਰ ਸਿਧਾਂਤ ਨੂੰ ਆਪ ਜੀ ਵਾਰ-ਵਾਰ ਦੁਹਰਾਉਂਦੇ ਕਿ - ***'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥' (ਅੰਗ-੬੨)***

**15. ਡਾ. ਭਾਈ ਵੀਰ ਸਿੰਘ ਦੇ ਪਾਠਕ -** ਆਪ ਜੀ ਜਿਥੇ ਗੁਰਮਤਿ ਦੇ ਸਿਧਾਂਤ 'ਤੇ ਹੋਰ ਇਤਿਹਾਸਕ ਗ੍ਰੰਥ ਵਾਚਦੇ ਉਥੇ ਨਾਲੋਂ ਨਾਲ ਡਾ. ਭਾਈ ਵੀਰ ਸਿੰਘ ਦੀਆਂ ਲਿਖਤਾਂ ਦੇ ਕਾਇਲ ਸਨ। ਦਾਸ ਨੂੰ ਇਹ ਪੁੱਛਣ 'ਤੇ ਕਿ ਕੀ ਪੜ੍ਹਨਾ ਚਾਹੀਦਾ? ਤਾਂ ਬਚਨ ਕੀਤਾ ਜੋ ਲਿਖਤ ਮਨ ਨੂੰ ਜੋੜ ਦੇਵੇ, ਰਸ ਨਾਲ ਭਰ ਦੇਵੇ, ਅੰਦਰ, ਪਿਆਰ ਵੈਰਾਗ ਪੈਦਾ ਕਰੇ। ਭਾਵ ਕਿ ਡਾ. ਭਾਈ ਵੀਰ ਸਿੰਘ ਦੀਆਂ ਲਿਖਤਾਂ ਪੜ੍ਹਨ ਦੀ ਤਾਗੀਦ ਕੀਤੀ।

**16. ਸਿੱਖ ਧਰਮ ਦੇ ਯੋਧਿਆਂ ਅਤੇ ਸ਼ਹੀਦਾਂ ਦਾ ਸਤਿਕਾਰ ਕਰਨ ਵਾਲੇ -** ਆਪ ਜੀ ਆਪ ਦੇ ਨਗਰ ਧਮੋਟ ਅਤੇ ਘਨੌਰ (ਪਟਿਆਲਾ) ਵਿਖੇ ਸਾਲਾਨਾ ਗੁਰਮਤਿ ਸਮਾਗਮ ਕਰਵਾਉਂਦੇ ਜਿਥੇ ਆਪ ਜੀ ਪੰਜ-ਪੰਜ ਦਿਨ ਸ਼ਹੀਦਾਂ ਦੀਆਂ ਘਾਲਨਾ ਕਮਾਈਆਂ ਦੀਆਂ ਵਿਚਾਰਾਂ ਹੀ ਕਰਦੇ। ਇਸ ਤੋਂ ਇਲਾਵਾ ਰਤਵਾੜਾ ਸਾਹਿਬ ਅਤੇ ਹੋਰ ਸਥਾਨਾਂ 'ਤੇ ਕੀਰਤਨ, ਦੀਵਾਨ ਸ਼ਹੀਦਾਂ ਦੀ ਯਾਦ ਵਿਚ ਕਰਦੇ।

**17. ਸਾਧੂ ਸੰਤ ਦੀ ਸੇਵਾ ਵਿਚ ਤੱਤਪਰ ਰਹਿਣ ਵਾਲੇ -** ਆਪ ਜੀ ਦਾ ਸਮੁੱਚਾ ਪਰਿਵਾਰ ਸਾਧੂ ਸੰਤਾਂ ਦੀ ਸੇਵਾ ਵਿਚ ਹਰ ਸਮੇਂ ਤਤਪਰ ਰਹਿੰਦਾ। ਸਾਧੂਆਂ ਦੀਆਂ ਮੰਡਲੀਆਂ ਅਕਸਰ ਆਪ

ਜੀ ਦੇ ਘਰ ਆਉਂਦੀਆਂ ਰਹਿੰਦੀਆਂ ਤੇ ਸੇਵਾ ਵਿਚ ਲੰਗਰ ਦੇ ਪ੍ਰਵਾਹ ਚਲਦੇ ਰਹਿੰਦੇ। ਇਹੀ ਵਿਰਾਸਤ ਆਪ ਜੀ ਨੇ ਸੰਭਾਲੀ ਰੱਖੀ। ਕੋਈ ਵੀ ਸਾਧੂ ਕੋਠੀ ਘਰ ਜਾਂ ਰਤਵਾੜਾ ਸਾਹਿਬ ਆਉਂਦਾ ਤਾਂ ਰੱਜ ਕੇ ਸੇਵਾ ਕਰਦੇ।

**18. ਸੰਗਤਾਂ ਦੇ ਦਿਲਾਂ ਵਿਚ ਵਿਚਰਨ ਵਾਲੇ** – ਆਪ ਜੀ ਦਾ ਸੰਗਤਾਂ ਨਾਲ ਅਥਾਹ ਪਿਆਰ ਸੀ। ਕਿਸੇ ਨੂੰ ਵੀ ਨਿਰਾਸ਼ ਨਾ ਮੋੜਦੇ। ਹਰ ਇਕ ਦਾ ਦੁਖ-ਸੁਖ ਸੁਣਦੇ ਤੇ ਉਸ ਦੇ ਦੁਖ ਦੀ ਨਵਿਰਤੀ ਲਈ ਬਾਣੀ ਦਾ ਸਹਾਰਾ ਲੈਣ ਦੀ ਪ੍ਰੇਰਨਾ ਦਿੰਦੇ। ਸੰਗਤਾਂ ਦੇ ਪਿਆਰ ਦੀ ਮਿਸਾਲ ਉਦੋਂ ਸਾਮ੍ਹਣੇ ਆਈ ਜਦੋਂ ਸਰੀਰ ਛੱਡਣ ਤੋਂ ਪਹਿਲਾਂ ਬਚਨ ਕੀਤਾ ਕਿ ਆਰ ਸੰਗਤ ਵਸਦੀ ਹੈ ਤੇ ਪਾਰ ਮੇਰਾ ਪਿਆਰਾ ਵਸਦਾ ਹੈ। ਪਿਆਰ ਦੋਨਾਂ ਪਾਸੇ ਅਥਾਹ ਹੈ। ਪਰ ਜਦੋਂ ਪਾਰ ਵਾਲੇ ਪਿਆਰੇ ਦਾ ਹੁਕਮ ਆ ਗਿਆ ਤਾਂ ਸੰਗਤਾਂ ਤੋਂ ਮਾਫੀ ਮੰਗ ਲਵਾਂਗੇ। ਇਸੇ ਤਰ੍ਹਾਂ ਹੋਇਆ 31 ਅਕਤੂਬਰ 2001 ਨੂੰ ਸਦਾ ਲਈ ਆਪਣੇ ਪਾਰ ਵਸਦੇ ਪਿਆਰੇ ਕੋਲ ਚਲੇ ਗਏ ਅਤੇ ਦੇਸ਼-ਵਿਦੇਸ਼ ਦੀਆਂ ਲੱਖਾਂ ਸੰਗਤਾਂ ਨੇ ਪਿਆਰ-ਵੈਰਾਗ ਵਿਚ ਆਪ ਜੀ ਨੂੰ ਅੰਤਿਮ ਵਿਦਾਇਗੀ ਦਿਤੀ।

**19. ਮਾਇਆ ਨੂੰ ਕੇਵਲ ਗੁਜ਼ਰਾਨ ਸਮਝਣ ਵਾਲੇ**- ਸਾਰੀ ਜ਼ਿੰਦਗੀ ਮਾਇਆ ਦਾ ਲਾਲਚ ਨਹੀਂ ਕੀਤਾ। ਸਗੋਂ ਵਾਰ-ਵਾਰ ਦ੍ਰਿੜ੍ਹ ਕਰਵਾਇਆ ਕਿ –

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥ ਨਸੀਹਤਨਾਮਾ*

**20. ਉੱਘੇ ਸਾਹਿਤਕਾਰ** – ਸੈਂਕੜੇ ਰੂਹਾਨੀ ਪੁਸਤਕਾਂ ਅਤੇ ਆਤਮ ਮਾਰਗ ਮੈਗਜ਼ੀਨ ਦਾ ਸੰਚਾਲਨ ਕੀਤਾ। ਸਾਹਿਤ ਵਿਚ ਵਿਸ਼ੇਸ਼ ਰੁਚੀ ਰਖਦੇ।

**21. ਸਰਬ ਧਰਮਾਂ ਨੂੰ ਸਤਿਕਾਰ ਦੇਣ ਵਾਲੇ**-ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ। ਮੁਸਲਮਾਨ ਵੀਰਾਂ ਲਈ ਅੱਲਾ-ਤਾਲਾਹ ਨੂੰ ਅਕੀਦਾ ਭੇਟ ਕਰਨ ਲਈ ਨਗਰ ਚਾਹੜ ਮਾਜਰਾ (ਨੇੜੇ ਰਤਵਾੜਾ ਸਾਹਿਬ) ਹੁਣ ਨਿਊ ਚੰਡੀਗੜ੍ਹ ਵਿਖੇ ਮਸਜਿਦ ਦਾ ਨਿਰਮਾਣ ਕਰਵਾ ਕੇ ਦਿਤਾ।

**22. ਵਿਦਿਆ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ** – ਰਤਵਾੜਾ ਸਾਹਿਬ ਵਿਖੇ ਸਕੂਲ ਕਾਲਜ, ਬਨੂੜ, ਰਾਜਪੁਰਾ ਵਿਖੇ ਸਕੂਲ ਖੁਲ੍ਹਵਾਏ ਤਾਂ ਜੋ ਪੇਂਡੂ ਖੇਤਰ ਦੇ ਬੱਚੇ ਪੜ੍ਹ ਕੇ ਸਮੇਂ ਦੇ ਹਾਣੀ ਬਣ ਸਕਣ।

**23. ਮੀਡੀਏ ਦੀ ਸੁਚੱਜੀ ਵਰਤੋਂ ਨਾਲ ਗੁਰਮਤਿ ਪ੍ਰਚਾਰ** – ਮੀਡੀਏ ਦੀ ਵਰਤੋਂ ਕਰਕੇ ਗੁਰਮਤਿ ਦਾ ਪ੍ਰਚਾਰ ਕਰਨ ਦਾ ਹੁਕਮ ਆਪ ਜੀ ਨੂੰ ਮਹਾਂਪੁਰਸ਼ਾਂ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਕੀਤਾ। ਉਨ੍ਹਾਂ ਦੇ ਬਚਨਾਂ 'ਤੇ ਪਹਿਰਾ ਦਿੰਦਿਆਂ ਧਾਰਮਿਕ ਦੀਵਾਨਾਂ ਦੀਆਂ ਵੀਡੀਓ ਫਿਲਮਾਂ ਬਣਾਈਆਂ। ਉਨ੍ਹਾਂ ਵਿਚ ਪੰਜਾਬੀ, ਹਿੰਦੀ, ਅੰਗਰੇਜ਼ੀ ਵਿਚ ਬਾਣੀ 'ਤੇ ਦ੍ਰਿਸ਼ ਡੱਬ ਕੀਤੇ। ਫਿਰ ਟੈਲੀਵੀਜ਼ਨ ਰਾਹੀਂ ਨਗਰਾਂ ਵਿਚ ਕੀਰਤਨ ਦੇ ਪ੍ਰਵਾਹ ਚਲਾਏ। ਬਾਅਦ ਵਿਚ ਸੀ.ਡੀਆਂ ਰਾਹੀਂ ਅਤੇ ਇੰਟਰਨੈੱਟ ਮੀਡੀਏ ਦੀ ਵਰਤੋਂ ਨਾਲ ਸੰਸਾਰ ਭਰ ਵਿਚ ਗੁਰਮਤਿ ਦੇ ਪ੍ਰਚਾਰ ਦਾ ਫੈਲਾਅ ਕੀਤਾ।

**24. ਵਿਦੇਸ਼ਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਨਾ** – ਆਪ ਜੀ ਅਮਰੀਕਾ, ਕੈਨੇਡਾ, ਇੰਗਲੈਂਡ ਵਿਚ ਗੁਰਮਤਿ ਪਰਚਾਰ ਫੇਰੀ ਤੇ 3-4 ਵਾਰ ਗਏ। ਵੱਡੇ-ਵੱਡੇ ਦੀਵਾਨ ਸਜਾ ਕੇ ਵਿਦੇਸ਼ ਦੀ ਧਰਤੀ 'ਤੇ ਗੁਰਮਤਿ ਦਾ ਪ੍ਰਚਾਰ ਕੀਤਾ।

ਆਪ ਜੀ ਬਹੁਪੱਖੀ ਸਖਸ਼ੀਅਤ ਇਲਾਹੀ ਨੂਰ ਨਾਲ ਸਰਸ਼ਾਰ ਤੇ ਪਿਆਰ ਦੇ ਸਾਗਰ ਹਨ। ਜਿਨ੍ਹਾਂ ਦੀ ਸੋਭਤ ਨਾਲ ਅੱਜ ਵੀ ਲੱਖਾਂ ਸੰਗਤਾਂ ਲਾਹੇ ਪ੍ਰਾਪਤ ਕਰ ਰਹੀਆਂ ਹਨ। ਦਾਸ ਦੀ ਅਰਦਾਸ ਹੈ ਕਿ –

*ਦੇਹੁ ਸਜਣ ਅਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ ॥ ਅੰਗ – ੧੨*

ਭਾਵ –

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ਅੰਗ – ੭੨੯*

ਅਰਦਾਸ ਹੈ ਕਿ ਨਿਭ ਜਾਵੇ –

*ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥*
*ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥*
*ਅੰਗ – ੧੦੦੦*

ਜਿਵੇਂ ਉਨ੍ਹਾਂ ਨੇ ਆਪਣੇ ਪਿਆਰੇ ਨਾਲ ਨਿਭਾਈ ਤੇ ਸਾਡਾ ਵੀ ਪਿਆਰੇ ਦੇ ਪਿਆਰ ਵਿਚ ਗੁਰੂ ਪਿਆਰੀਆਂ ਸੰਗਤਾਂ ਦੀ ਸੇਵਾ ਵਿਚ ਜੀਵਨ ਲੇਖੇ ਲਗ ਜਾਵੇ। ਇਹੀ ਅਰਦਾਸ ਹੈ, ਲੋਚਾ ਤੇ ਬੰਦਨਾ ਹੈ।

ਭੁਲਾਂ ਚੁਕਾਂ ਦੀ ਖਿਮਾ।

# ਸ਼ਹਾਦਤ ਸ੍ਰੀ ਗੁਰੂ ਅਰਜਨ ਦੇਵ ਜੀ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-48)*

ਇਸ ਵਿਚ ਗੁਰੂ ਮਹਾਰਾਜ ਦੀ ਸ਼ਹਾਦਤ ਬਾਰੇ ਦਰਜ ਵਾਰਤਾ ਦਾ ਪੰਜਾਬੀ ਰੂਪ ਇਸ ਪ੍ਰਕਾਰ ਹੈ -

"ਦਰਿਆ ਬਿਆਸ ਦੇ ਕੰਢੇ ਉਤੇ ਗੋਇੰਦਵਾਲ ਵਿਖੇ ਅਰਜਨ ਨਾਮ ਦਾ ਇਕ ਹਿੰਦੂ, ਪੀਰਾਂ ਅਤੇ ਸ਼ੇਖਾਂ ਦੇ ਲਿਬਾਸ ਵਿਚ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ ਹਿੰਦੂਆਂ, ਸਗੋਂ ਨਾਦਾਨ ਅਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਵਿਚ ਖਿਚ ਲਿਆਂਦਾ ਸੀ ਅਤੇ ਉਸ ਨੇ ਆਪਣੀ ਪੀਰੀ ਦੇ ਢੋਲ ਨੂੰ ਉੱਚੀ ਆਵਾਜ਼ ਵਿਚ ਵਜਾਇਆ ਹੋਇਆ ਸੀ। ਉਸ ਨੂੰ ਲੋਕ ਗੁਰੂ ਆਖਦੇ ਸਨ। ਹਰ ਪਾਸਿਉਂ ਮੂਰਖ ਅਤੇ ਮੂਰਖਾਂ ਦੇ ਪੁਜਾਰੀ ਉਸ ਵਲ ਧਾਹ ਕੇ ਆਉਂਦੇ ਸਨ ਅਤੇ ਉਸ ਉਤੇ ਪੂਰਾ ਈਮਾਨ ਲਿਆਉਂਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਹਨਾਂ ਨੇ ਇਸ ਝੂਠ ਦੀ ਦੁਕਾਨ ਨੂੰ ਗਰਮ ਰਖਿਆ ਸੀ। ਮੁਦਤਾਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ (ਦਰਅਸਲ ਸੱਚ) ਦੀ ਦੁਕਾਨ ਨੂੰ ਬੰਦ ਕਰ ਦਿਤਾ ਜਾਵੇ, ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਲੈ ਆਂਦਾ ਜਾਵੇ।

ਆਖਿਰ ਇਸ ਸਮੇਂ ਵਿਚ ਖੁਸਰੋ ਇਸ ਰਾਹ ਤੋਂ ਲੰਘਿਆ ਅਤੇ ਇਸ ਤੁਛ ਵਿਅਕਤੀ ਨੇ ਉਸ ਨੂੰ ਮਿਲਣ ਦਾ ਇਰਾਦਾ ਕੀਤਾ। ਖੁਸਰੋ ਦਾ ਉਤਾਰਾ ਉਥੇ ਹੋਇਆ ਜਿਥੇ ਕਿ ਉਸ (ਗੁਰੂ ਜੀ) ਦੀ (ਰਹਿਣ ਵਾਲੀ) ਥਾਂ ਸੀ। ਉਹ ਉਸ ਨੂੰ ਆ ਕੇ ਮਿਲਿਆ। ਉਸ ਨਾਲ ਕਈ ਤਰ੍ਹਾਂ ਦੀਆਂ ਗੱਲਾਂ ਕੀਤੀਆਂ, ਅਤੇ ਕਈ ਪ੍ਰਕਾਰ ਦੀਆਂ ਪਹਿਲਾਂ ਸੋਚੀਆਂ ਗੱਲਾਂ ਉਸ ਤੱਕ ਪਹੁੰਚਾਈਆਂ। ਫਿਰ ਉਸ ਨੇ ਆਪਣੀ ਉਂਗਲ ਨਾਲ ਉਸ ਦੇ ਮੱਥੇ ਉਤੇ ਕੇਸਰ ਦਾ ਟਿੱਕਾ ਲਾਇਆ, ਜਿਸ ਨੂੰ ਹਿੰਦੂਆਂ ਦੀ ਬੋਲੀ ਵਿਚ ਕਸ਼ਕ ਕਹਿੰਦੇ ਹਨ ਅਤੇ ਸ਼ਗਨ ਮੰਨਦੇ ਹਨ। ਜਦੋਂ ਇਹ ਗੱਲ ਸਾਡੀ ਜਾਹੋ ਜਲਾਲੀ ਵਾਲੀ ਸ਼ਾਹੀ ਹਜ਼ੂਰੀ ਤੱਕ ਪਹੁੰਚੀ, ਤਾਂ ਉਸ ਨੂੰ ਆਪਣੀ ਹਜ਼ੂਰੀ ਵਿਚ ਲਿਆਉਣ ਦਾ ਹੁਕਮ ਦਿਤਾ ਅਤੇ ਉਸ ਦੇ ਘਰ ਰਹਿਣ ਵਾਲੀਆਂ ਮਾਵਾਂ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰਕੇ ਅਤੇ ਉਸ ਦੀ ਜਾਇਦਾਦ ਨੂੰ ਜ਼ਬਤ ਕਰਕੇ ਹੁਕਮ ਦਿਤਾ ਕਿ ਉਸ ਨੂੰ ਇਸਲਾਮੀ ਕਾਨੂੰਨ ਅਨੁਸਾਰ ਮੌਤ ਦੀ ਸਜ਼ਾ ਦਿਤੀ ਜਾਵੇ।"

ਇਸ ਲਿਖਤ ਦੀ ਪਰਮਾਣੀਕਤਾ ਨਿਮਨ ਕਾਰਨਾਂ ਕਰਕੇ ਸ਼ੰਕੇ ਵਿਚ ਪੈਂਦੀ ਹੈ -

1. ਲਿਖਤ ਦੇ ਦੂਜੇ ਭਾਗ ਦੀ ਅਮਲ ਨਾ ਹੋਣੀ। ਗੁਰੂ ਘਰ ਦਾ ਕੋਈ ਮਾਲ ਅਸਬਾਬ ਜ਼ਬਤ ਨਹੀਂ ਹੋਇਆ, ਨਾ ਹੀ ਗੁਰੂ ਜੀ ਦੇ ਫਰਜ਼ੰਦ ਹਰਿ ਗੋਬਿੰਦ ਜੀ ਨੂੰ ਕੋਈ ਆਂਚ ਆਈ। ਸਗੋਂ ਬੜੇ ਸਨਮਾਨ ਨਾਲ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੇ ਉਨ੍ਹਾਂ ਦੀ ਗੁਰਗੱਦੀ ਨਸ਼ੀਨੀ ਦੀ ਰਸਮ ਅਦਾ ਕੀਤੀ ਅਤੇ ਮੀਰੀ ਪੀਰੀ ਦੀਆਂ ਕ੍ਰਿਪਾਨਾਂ ਪਹਿਨਾਈਆਂ। ਉਪਰ ਦਿਤੀ ਵਾਰਤਾ ਅਨੁਸਾਰ ਇਹ ਸਭ ਕੁਝ ਸੰਭਵ ਨਹੀਂ ਸੀ। ਕਿਸੇ ਇਤਿਹਾਸਕਾਰ ਨੇ ਗੁਰੂ ਘਰ ਦੀ ਜਾਇਦਾਦ ਜ਼ਬਤ ਹੋਣ ਜਾਂ ਬਾਲਕ (ਗੁਰੂ) ਹਰਿਗੋਬਿੰਦ ਦੇ ਹਿਰਾਸਤ ਵਿਚ ਲਏ ਜਾਣ ਦਾ ਜ਼ਿਕਰ ਨਹੀਂ ਕੀਤਾ।

2. ਮੁਰਤਜ਼ਾ ਖਾਨ ਉਸ ਸਮੇਂ ਗੁਜਰਾਤ ਦਾ ਗਵਰਨਰ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਮੇਂ ਪੰਜਾਬ ਦਾ ਗਵਰਨਰ ਕੁਲੀਜ ਖਾਂ ਸੀ। ਮੁਰਤਜ਼ਾ ਖਾਂ 1610 ਈ. ਵਿਚ ਪੰਜਾਬ ਦਾ ਗਵਰਨਰ ਬਣਿਆ ਸੀ।

3. ਇਹ ਹੁਕਮ 19 ਜੂਨ 1606 ਈ. ਦੀ ਲਿਖਤ ਹੈ ਜਦਕਿ ਗੁਰੂ ਜੀ ਨੂੰ ਸ਼ਹੀਦ ਹੋਇਆਂ 20 ਦਿਨ ਬੀਤ ਚੁਕੇ ਸਨ। ਤੁਜ਼ਕਿ-ਜਹਾਂਗੀਰੀ ਵਿਚ ਇਹ ਤੱਥ ਪ੍ਰਾਪਤ ਹੈ ਕਿ ਜਹਾਂਗੀਰ ਖੁਸਰੋ ਦਾ ਪਿਛਾ ਕਰਦਾ ਹੋਇਆ ਗੋਇੰਦਵਾਲ ਦੇ ਪੱਤਣ ਨੇੜੇ ਉਤਰਿਆ ਹੋਇਆ ਸੀ। ਉਸ ਨੂੰ ਜਿਸ ਵਿਅਕਤੀ ਬਾਰੇ ਵੀ ਪਤਾ ਲਗਦਾ ਕਿ ਉਸ ਨੇ ਖੁਸਰੋ ਦੀ ਸਹਾਇਤਾ ਕੀਤੀ ਹੈ, ਉਸ ਨੂੰ ਕਰੜੀ ਤੋਂ ਕਰੜੀ ਸਜ਼ਾ ਦਿੰਦਾ। ਖੁਸਰੋ ਦੀ ਬਗਾਵਤ ਨਾਲ ਹਮਦਰਦੀ ਰਖਦੇ ਸੈਂਕੜੇ ਦੋਸ਼ੀਆਂ ਨੂੰ ਹਾਥੀਆਂ ਦੇ ਪੈਰਾਂ ਹੇਠ ਕੁਚਲਿਆ ਗਿਆ, ਭਖੇ ਹੋਏ ਜ਼ੰਬੂਰਾਂ ਨਾਲ ਨੋਚਿਆ ਗਿਆ। ਜੇ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਉਸ ਦੇ ਮਨ ਵਿਚ ਮੁਦਤਾ ਤੋਂ ਸਾਂਭੀ ਘਿਰਣਾ ਹੁੰਦੀ ਜਿਵੇਂ ਕਿ

ਤੁਜ਼ਕ ਵਿਚ ਲਿਖਿਆ ਹੈ ਤਾਂ ਗੁਰੂ ਜੀ ਤੁਰੰਤ ਉਸ ਦੀ ਕਰੋਪੀ ਦਾ ਜ਼ਿਕਰ ਬਣਦੇ। ਪਰ ਗੁਰੂ ਜੀ ਦੀ ਗ੍ਰਿਫਤਾਰੀ ਇਸ ਤੋਂ 27 ਦਿਨ ਪਿਛੋਂ ਹੁੰਦੀ ਹੈ। ਇਸ ਲਈ ਸਾਜ਼ਿਸ਼ ਵਿਚ ਹੋਰ ਸ਼ਕਤੀਆਂ ਕੰਮ ਕਰ ਰਹੀਆਂ ਸਨ।

4. ਇਸ ਵਾਰਤਾ ਵਿਚ ਗੁਰੂ ਜੀ ਨੂੰ ਗੋਇੰਦਵਾਲ ਨਿਵਾਸੀ ਦਸਿਆ ਹੈ ਜਦਕਿ ਗੁਰੂ ਜੀ ਪਿਛਲੇ ਕਈ ਸਾਲਾਂ ਤੋਂ ਚੱਕ ਰਾਮਦਾਸ ਅੰਮ੍ਰਿਤਸਰ ਵਿਖੇ ਸੇਵਾ ਨਿਭਾਅ ਰਹੇ ਸਨ। ਇਸ ਸਮੇਂ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਮੁਕੰਮਲ ਹੋਈ ਅਤੇ ਇਸ ਦਾ ਪ੍ਰਕਾਸ਼ ਹਰਿ ਮੰਦਰ ਸਾਹਿਬ ਵਿਚ ਹੋਇਆ। ਗੁਰੂ ਜੀ ਦੀ ਅੰਮ੍ਰਿਤਸਰ ਵਿਚ ਹੋਈ ਸੇਵਾ ਦਾ ਜ਼ਿਕਰ ਦਬਸਤਾਨੇ-ਮੁਜ਼ਾਹਿਬ ਵਿਚ ਵੀ ਹੈ। ਗੋਇੰਦਵਾਲ ਦਾ ਜ਼ਿਕਰ ਇਸ ਵਾਰਤਾ ਨੂੰ ਹੋਰ ਵੀ ਸ਼ੱਕੀ ਬਣਾਉਂਦਾ ਹੈ। ਕੋਈ ਸੂਝਵਾਨ ਲਿਖਾਰੀ ਉਨ੍ਹਾਂ ਨੂੰ ਗੋਇੰਦਵਾਲ ਨਿਵਾਸੀ ਨਹੀਂ ਲਿਖ ਸਕਦਾ।

5. ਗੁਰੂ ਹਰਿਗੋਬਿੰਦ ਸਾਹਿਬ ਅਤੇ ਜਹਾਂਗੀਰ ਦੀ ਦੋਸਤੀ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਜਹਾਂਗੀਰ ਦੇ ਮਨ ਵਿਚ ਗੁਰੂ ਘਰ ਪ੍ਰਤੀ ਲੰਮੇ ਸਮੇਂ ਤੋਂ ਕੋਈ ਘ੍ਰਿਣਾ ਨਹੀਂ ਸੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਉਸ ਨੂੰ ਅੰਦਰੋਂ ਅਫਸੋਸ ਸੀ। ਜੇ ਉਸ ਦਾ ਮਕਸਦ ਗੁਰੂ-ਘਰ ਦੀ ਝੂਠ (ਅਸਲ ਵਿਚ ਸੱਚ ਦੀ) ਦੀ ਦੁਕਾਨ ਨੂੰ ਬੰਦ ਕਰਨਾ ਸੀ ਤਾਂ ਇਹ ਅਮਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵੀ ਜਾਰੀ ਰਹਿੰਦਾ। ਗੁਰੂ ਘਰ ਵਲੋਂ ਜਹਾਂਗੀਰ ਅਤੇ ਬੇਗਮ ਨੂਰ ਜਹਾਨ ਨੂੰ ਖਿਲਤਾਂ ਦੇਣੀਆਂ ਅਤੇ ਖਿਲਤਾਂ ਲੈਣੀਆਂ ਚਿਰ ਸਥਾਈ ਵਿਰੋਧ ਨੂੰ ਝੁਠਲਾਉਂਦਾ ਹੈ।

6. ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਵਿਖੇ ਗ੍ਰਿਫਤਾਰੀ ਵੀ ਕਿਸੇ ਗਲਤ ਫਹਿਮੀ ਦਾ ਨਤੀਜਾ ਸੀ। ਜੁਰਮਾਨਾ ਨਾ ਤਾਰਨ ਦੀ ਸ਼ਿਕਾਇਤ ਨੂੰ ਅਮਲ ਵਿਚ ਲਿਆਉਂਦਿਆਂ ਗੁਰੂ ਜੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਲੱਗਭੱਗ ਇਕ ਸਾਲ ਵਿਚ ਹੀ ਜਹਾਂਗੀਰ ਨੇ ਇਸ ਗਲਤੀ ਨੂੰ ਸੋਧ ਲਿਆ। ਉਪਰੰਤ ਗੁਰੂ ਜੀ ਦੀ ਜਹਾਂਗੀਰ ਨਾਲ ਦੋਸਤੀ ਦੇ ਕਈ ਪ੍ਰਮਾਣ ਮਿਲਦੇ ਹਨ। ਇਹ ਮਿਤਰਤਾ ਕੋਈ ਰਾਜਸੀ ਜਾਂ ਦੁਨਿਆਵੀ ਲਾਭ ਹਿਤ ਨਹੀਂ ਸੀ, ਸਗੋਂ ਜਹਾਂਗੀਰ ਨੇ ਸ੍ਰੀ ਗੁਰੂ ਨਾਨਕ ਘਰ ਦੀ ਰੂਹਾਨੀਅਤ ਦੀ ਪਛਾਣ ਵਜੋਂ ਗੁਰੂ ਜੀ ਦਾ ਮਨ ਤੋਂ ਸਤਿਕਾਰ ਕੀਤਾ। ਇਸ ਦਾ ਇਕ ਪ੍ਰਮਾਣ ਜਹਾਂਗੀਰ ਦਾ ਘਾਹੀ ਨੂੰ ਗੁਰੂ ਖੇਮੇ ਵਲ ਭੇਜਣਾ ਹੈ ਜਿਥੇ ਸੱਚੇ-ਪਾਤਸ਼ਾਹ ਬਿਰਾਜਮਾਨ ਸਨ ਅਤੇ ਭਵ-ਸਾਗਰ ਤੋਂ ਪਾਰ ਕਰਨ ਦੀ ਸਮਰੱਥਾ ਰਖਦੇ ਸਨ।

ਇਸ ਸਾਰੀ ਵਾਰਤਾ ਤੋਂ ਕੇਵਲ ਇਹ ਸਿੱਧ ਹੁੰਦਾ ਹੈ ਕਿ ਤੁਜ਼ਕਿ-ਜਹਾਂਗੀਰੀ ਵਾਲੀ ਵਾਰਤਾ ਬਾਅਦ ਵਿਚ ਕੁਝ ਅਸਰ-ਰਸੂਖ ਰਖਣ ਵਾਲੇ ਗੁਰੂ ਘਰ ਦੇ ਦੋਖੀਆਂ ਦੀ ਘਾੜਤ ਹੈ ਪਰ ਇਸ ਦਾ ਇਹ ਭਾਵ ਵੀ ਨਹੀਂ ਕਿ ਜਹਾਂਗੀਰ ਦਾ ਇਸ ਸ਼ਹੀਦੀ ਵਿਚ ਕੋਈ ਹੱਥ ਨਹੀਂ। ਗੁਰੂ ਮਹਾਰਾਜ ਦੇ ਵਧ ਰਹੇ ਪ੍ਰਤਾਪ ਅਤੇ ਸਿਖ ਲਹਿਰ ਦੀ ਸਰਵ-ਪ੍ਰਿਅਤਾ ਕਈਆਂ ਦੀ ਅੱਖ ਵਿਚ ਰੜਕਦੀ ਸੀ। ਇਸ ਵਿਚ ਵਿਸ਼ੇਸ਼ ਤੌਰ 'ਤੇ ਉਹ ਰਾਜਸੀ ਸ਼ਕਤੀਆਂ ਮੌਲਵੀ ਅਤੇ ਕਾਜ਼ੀ ਸ਼ਾਮਲ ਸਨ ਜੋ ਹਰ ਤਰ੍ਹਾਂ ਨਾਲ ਇਸਲਾਮ ਦਾ ਬੋਲ ਬਾਲਾ ਚਾਹੁੰਦੇ ਸਨ ਅਤੇ ਅਕਬਰ ਦੀ ਉਦਾਰਵਾਦੀ ਨੀਤੀ ਨੂੰ ਕਦਾਚਿਤ ਪਸੰਦ ਨਹੀਂ ਸਨ ਕਰਦੇ, ਨਾ ਹੀ ਉਹ ਖੁਸਰੋ ਨੂੰ ਚਾਹੁੰਦੇ ਸਨ ਜੋ ਆਪਣੇ ਦਾਦੇ ਵਾਂਗ ਨੇਕ ਅਤੇ ਧਰਮੀ ਬੰਦਾ ਸੀ। ਇਸ ਵਿਚ ਖਾਸ ਤੌਰ ਤੇ ਜਹਾਂਗੀਰ ਦੇ ਜਰਨੈਲ ਸ਼ੇਖ ਫਰੀਦ ਬੁਖਾਰੀ ਅਤੇ ਉਸ ਦੇ ਪੀਰ-ਮੁਰਸਦ ਸ਼ੇਖ ਅਹਿਮਦ ਸਰਹੰਦੀ ਦਾ ਨਾਮ ਵਿਸ਼ੇਸ਼ ਮਹੱਤਤਾ ਰਖਦਾ ਹੈ। ਇਹ ਦੋਵੇਂ ਕੱਟੜ ਪੰਥੀ ਨੀਤੀਆਂ ਦੇ ਧਾਰਨੀ ਸਨ ਅਤੇ ਇਨ੍ਹਾਂ ਦੇ ਜਹਾਂਗੀਰ ਨੂੰ ਰਾਜਸੀ ਸਤ੍ਹਾ ਹਥਿਆਣ ਵਿਚ ਅਤੇ ਖੁਸਰੋ ਦੀ ਬਗਾਵਤ ਕੁਚਲਣ ਵਿਚ ਬਹੁਤ ਸਹਾਇਤਾ ਕੀਤੀ। ਸੰਭਵ ਹੈ ਕਿ ਜਹਾਂਗੀਰ ਨੇ ਇਨ੍ਹਾਂ ਨੂੰ ਇਸਲਾਮ ਦੇ ਵਾਧੇ ਲਈ ਕਈ ਤਰ੍ਹਾਂ ਦੇ ਵਾਇਦੇ ਕੀਤੇ ਹੋਣ ਜਿਨ੍ਹਾਂ ਦੀ ਆੜ ਵਿਚ ਇਨ੍ਹਾਂ ਨੇ ਕਾਫੀ ਮਨਮਾਨੀਆਂ ਕੀਤੀਆਂ। ਸੰਭਵ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਲਾਇਆ ਇਲਜ਼ਾਮ ਵੀ ਇਨ੍ਹਾਂ ਦੀ ਹੀ ਸਾਜਿਸ਼ ਹੋਵੇ। ਜਰਨੈਲ ਫਰੀਦ ਬੁਖਾਰੀ ਨੇ ਖੁਸਰੋ ਦਾ ਪਿਛਾ ਕਰਦਿਆਂ ਦਰਿਆ ਚਨ੍ਹਾਬ ਪਾਰੋਂ ਖੁਸਰੋ ਨੂੰ ਕੈਦ ਕਰ ਲਿਆ ਅਤੇ ਜਹਾਂਗੀਰ ਦੇ ਦਰਬਾਰ ਵਿਚ ਪੇਸ਼ ਕੀਤਾ ਜਿਥੇ ਉਸ ਨੂੰ ਕਤਲ ਕਰ ਦਿਤਾ ਗਿਆ। ਇਹ ਉਹ ਸਮਾਂ ਸੀ ਜਦੋਂ ਬਗਾਵਤ ਨਾਲ ਦੂਰ ਦਾ ਸਬੰਧ ਰਖਦਾ ਕੋਈ ਵੀ ਵਿਅਕਤੀ ਮਾਫ ਨਹੀਂ ਕੀਤਾ ਜਾ ਸਕਦਾ ਸੀ। ਸੋ ਸ਼ੇਖ ਅਹਿਮਦ ਸਰਹੰਦੀ ਅਤੇ ਉਸ ਦੇ ਕੁਝ ਕਟੜਪੰਥੀ ਸਾਥੀਆਂ ਨੇ ਇਹ ਸਾਜਿਸ਼ ਘੜੀ ਕਿ ਗੁਰੂ ਜੀ ਨੇ ਖੁਸਰੋ ਨੂੰ ਪਨਾਹ ਦਿਤੀ, ਫੌਜਾਂ ਨੂੰ ਲੰਗਰ ਪਾਣੀ ਛਕਾਇਆ ਅਤੇ ਮੱਥੇ ਤੇ ਟਿਕਾ ਲਾ ਕੇ ਅਸ਼ੀਰਵਾਦ ਦਿਤੀ ਅਤੇ ਇਸ ਤਰ੍ਹਾਂ ਗੁਰੂ ਜੀ ਨੂੰ ਤਲਬ ਕਰਨ ਲਈ ਜਹਾਂਗੀਰ ਤੋਂ ਆਦੇਸ਼ ਲੈ ਲਏ। ਗੁਰੂ ਜੀ ਨੂੰ ਤਲਬ ਕਰਨ ਵਿਚ ਜਹਾਂਗੀਰ ਦੀ ਅੰਦਰਲੀ ਕਮਜ਼ੋਰੀ ਅਤੇ ਰਾਜਸੀ ਮਜ਼ਬੂਰੀ ਆਦਿ ਕਈ ਭਾਵਨਾਵਾਂ ਕੰਮ ਕਰਦੀਆਂ ਜਾਪਦੀਆਂ ਹਨ। ਗੁਰੂ ਜੀ ਤੇ ਕਈ ਇਲਜ਼ਾਮ ਲਾਏ ਗਏ ਜਿਨ੍ਹਾਂ ਵਿਚ ਖੁਸਰੋ ਦੀ ਸਹਾਇਤਾ ਕਰਨੀ ਅਤੇ ਇਸਲਾਮ ਵਿਰੁੱਧ

ਪ੍ਰਚਾਰ ਕਰਨਾ ਦੋ ਮੁੱਖ ਸਨ। 'ਝੂਠ ਦੀ ਦੁਕਾਨ' ਵਾਲੀ ਮਨੋ ਭਾਵਨਾ ਐਸੇ ਕੱਟੜਪੰਥੀਆਂ ਦੀ ਅੰਦਰਲੀ ਭਾਵਨਾ ਸੀ। ਇਸ ਸ਼ੜਯੰਤਰ ਵਿਚ ਚੰਦੂ ਅਹਿਲਕਾਰ ਦਾ ਵੀ ਵਿਸ਼ੇਸ਼ ਹੱਥ ਸੀ ਜਿਸ ਨੇ ਗੁਰੂ ਜੀ ਨੂੰ ਤਸੀਹੇ ਦੇਣ ਵਿਚ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਅਤੇ ਜਿਨ੍ਹਾਂ ਨੂੰ ਪ੍ਰਵਾਨ ਕਰਨ ਵਿਚ ਕੱਟੜਪੰਥੀਆਂ ਦਾ ਵਿਸ਼ੇਸ਼ ਲਾਭ ਸੀ ਕਿਉਂਕਿ ਇਸ ਤਰ੍ਹਾਂ ਉਨ੍ਹਾਂ ਦੀ ਮੁਰਾਦ ਵੀ ਪੂਰੀ ਹੋ ਜਾਣੀ ਸੀ ਅਤੇ ਇਸ ਘ੍ਰਿਣਿਤ ਕਾਰੇ ਦਾ ਇਲਜ਼ਾਮ ਵੀ ਇਕ ਹਿੰਦੂ ਦੇ ਸਿਰ ਮੜ੍ਹਿਆ ਜਾਣਾ ਸੀ। ਜਹਾਂਗੀਰ ਨੂੰ ਦੋਸ਼-ਮੁਕਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਦੇ ਆਦੇਸ਼ਾਂ ਤੋਂ ਬਿਨਾਂ ਗੁਰੂ ਜੀ ਨੂੰ ਤਲਬ ਨਹੀਂ ਕੀਤਾ ਜਾ ਸਕਦਾ ਸੀ। ਗੁਰੂ ਜੀ ਨੂੰ ਇਹ ਕਨਸੋਅ ਸੀ ਕਿ ਕੱਟੜ-ਪੰਥੀਆਂ ਨੂੰ ਸਿਖ ਲਹਿਰ ਰੜਕ ਰਹੀ ਹੈ, ਝੂਠ ਦੇ ਅਲੰਬਰਦਾਰ ਸੱਚ ਦੀ ਰੌਸ਼ਨੀ ਬਰਦਾਸ਼ਤ ਨਹੀਂ ਕਰਦੇ। ਗੁਰੂ ਜੀ ਨੇ ਕਾਲ ਪੈਣ ਸਮੇਂ ਲਾਹੌਰ ਨਿਵਾਸੀਆਂ ਦੀ ਜੋ ਸੇਵਾ ਕੀਤੀ ਸੀ, ਉਸ ਕਾਰਨ ਉਹ ਜਨਤਾ ਵਿਚ ਹਰਮਨ ਪਿਆਰੇ ਹੋ ਚੁਕੇ ਸਨ। ਅਕਬਰ ਦੇ ਗੁਰੂ ਘਰ ਨਾਲ ਨਿਕਟਵਰਤੀ ਅਤੇ ਸਨੇਹ ਭਰੇ ਸਬੰਧ ਰਹੇ ਸਨ ਪਰ ਅੱਜ ਉਸ ਦੀ ਗੱਦੀ ਦੇ ਵਾਰਸ ਨੇ ਕਾਜ਼ੀਆਂ ਅਤੇ ਮੌਲਵੀਆਂ ਦੀ ਚਾਲ ਦਾ ਸ਼ਿਕਾਰ ਹੋ ਕੇ ਗੁਰੂ ਜੀ ਨੂੰ ਤਲਬ ਕੀਤਾ ਅਤੇ ਗੁਰੂ ਜੀ ਨੂੰ ਉਨ੍ਹਾਂ ਦੇ ਰਹਿਮ ਤੇ ਇਨਸਾਫ ਤੇ ਛੱਡ ਕੇ ਆਪ ਲਾਹੌਰ ਤੋਂ ਸਿੰਧ ਵਲ ਚਲਾ ਗਿਆ। ਇਸਲਾਮ ਵਿਰੁੱਧ ਪ੍ਰਚਾਰ ਦੇ ਦੋਸ਼ ਦਾ ਉਤਰ ਦੇਂਦਿਆਂ ਗੁਰੂ ਜੀ ਨੇ ਪੂਰੀ ਸ਼ਹਿਨਸ਼ੀਲਤਾ ਦਾ ਪ੍ਰਮਾਣ ਦਿਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਕਈ ਤੁਕਾਂ ਪੜ੍ਹ ਕੇ ਸੁਣਾਈਆਂ ਜਿਨ੍ਹਾਂ ਵਿਚ ਇਕ ਵਾਹਿਗੁਰੂ ਦੀ ਇਬਾਦਤ ਅਤੇ ਸ਼ਰਨਾਗਤੀ ਅਤੇ ਸਰਬ ਮਨੁੱਖਤਾ ਦੇ ਪ੍ਰੇਮ ਦਾ ਸੁਨੇਹਾ ਸੀ।

ਖੁਸਰੋ ਦੀ ਸਹਾਇਤਾ ਸ਼ਰਾਸਰ ਝੂਠਾ ਮਨਘੜਤ ਇਲਜ਼ਾਮ ਸੀ। ਗੁਰੂ ਜੀ ਨੇ ਇਸ ਸਬੰਧ ਵਿਚ ਵੀ ਸਿਖ ਦ੍ਰਿਸ਼ਟੀਕੋਣ ਸਪੱਸ਼ਟ ਕੀਤਾ ਕਿ ਗੁਰੂ ਘਰ ਹਰ ਪ੍ਰਾਣੀ ਦਾ ਆਦਰ ਮਾਣ ਕਰਦਾ ਹੈ, ਗੁਰੂ ਦੇ ਲੰਗਰ ਵਿਚੋਂ ਹਰੇਕ ਮਨੁੱਖ ਪ੍ਰਸ਼ਾਦਾ ਛਕ ਸਕਦਾ ਹੈ - ਬਿਨਾਂ ਕਿਸੇ ਵੈਰ ਵਿਰੋਧ, ਵਿਤਕਰੇ ਤੋਂ।

ਗੁਰੂ ਜੀ ਨੂੰ ਦੋ ਲੱਖ ਰੁਪਿਆ ਦੰਡ ਭਰਨ ਦੇ ਆਦੇਸ਼ ਦਿਤੇ ਗਏ, ਜਿਸ ਨੂੰ ਗੁਰੂ ਜੀ ਨੇ ਪ੍ਰਵਾਨ ਨਾ ਕੀਤਾ। ਇਸ ਸਥਿਤੀ ਵਿਚ ਹੀ ਚੰਦੂ ਨੇ ਬਦਲੇ ਦੀ ਭਾਵਨਾ ਅਧੀਨ ਅਹਿਮ ਰੋਲ ਅਦਾ ਕੀਤਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੀ ਹਿਰਾਸਤ ਵਿਚ ਲੈਣ ਵਿਚ ਕਾਮਯਾਬ ਹੋ ਗਿਆ। ਉਹ ਕੁਝ ਅਹਿਲਕਾਰਾਂ ਦੀ ਨਿਗਰਾਨੀ ਵਿਚ ਗੁਰੂ ਜੀ ਨੂੰ ਆਪਣੀ ਹਵੇਲੀ ਵਿਚ ਲੈ ਗਿਆ ਜਿਥੇ ਉਸ ਨੇ ਗੁਰੂ ਜੀ ਵਲੋਂ ਮੋੜਿਆ ਗਿਆ ਰਿਸ਼ਤਾ ਪ੍ਰਵਾਨ ਕਰਨ ਲਈ ਦਬਾਅ ਪਾਇਆ ਪਰ ਗੁਰੂ ਜੀ ਇਸ ਦਬਾਅ ਵਿਚ ਨਾ ਆਏ ਅਤੇ ਸੰਗਤ ਦੇ ਫੈਸਲੇ ਤੇ ਅਟੱਲ ਰਹੇ। ਚੰਦੂ ਨੇ ਕਈ ਡਰਾਵੇ ਅਤੇ ਧਮਕੀਆਂ ਦਿਤੀਆਂ ਪਰ ਗੁਰੂ ਜੀ ਅਡੋਲ ਤੇ ਸ਼ਾਂਤ ਚਿਤ ਰਹੇ। ਉਪਰੰਤ ਗਿਣੀ ਮਿਥੀ ਸਾਜਿਸ਼ ਅਨੁਸਾਰ ਗੁਰੂ ਜੀ ਨੂੰ ਸ਼ਾਹੀ ਕਿਲ੍ਹੇ ਵਿਚ ਲਿਆਂਦਾ ਗਿਆ ਜਿਥੇ ਕਾਜ਼ੀ ਤੋਂ ਇਹ ਫਤਵਾ ਲਵਾਇਆ ਕਿ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਜਾਵੇ। ਤਿੰਨ ਦਿਨ ਬਿਨਾਂ ਅੰਨ-ਜਲ ਦੇ ਗੁਰੂ ਜੀ ਦਾ ਸਰੀਰ ਕਈ ਪ੍ਰਕਾਰ ਦੇ ਤਸੀਹੇ ਝਲਦਾ ਰਿਹਾ ਅਤੇ ਆਪ ਆਤਮਿਕ ਬਲ ਕਾਰਨ ਅਡੋਲ ਚਿਤ ਰਹੇ। ਗੁਰੂ ਜੀ ਨੂੰ ਗਰਮ ਲੋਹ ਤੇ ਬਿਠਾਣਾ, ਗਰਮ ਰੇਤਾ ਸੀਸ ਤੇ ਪਾਉਣਾ, ਉਬਲਦੇ ਪਾਣੀ ਨਾਲ ਤਸੀਹੇ ਦੇਣੇ ਇਨ੍ਹਾਂ ਵਿਚ ਸੰਮਿਲਤ ਸਨ। ਉਪਰੰਤ ਆਪਣੇ ਵਹਿਸ਼ੀਆਨਾ ਅਮਲ ਨੂੰ ਲੁਕਾਉਣ ਲਈ ਗੁਰੂ ਜੀ ਨੂੰ ਇਸ਼ਨਾਨ ਦੇ ਬਹਾਨੇ ਰਾਵੀ ਕੰਢੇ ਲੈ ਗਏ ਜਿਥੇ ਗੁਰੂ ਜੀ ਨੇ ਇਸ਼ਨਾਨ ਕੀਤਾ ਅਤੇ ਮੁੜ ਵਾਪਸ ਨਹੀਂ ਆਏ। ਐਸੀ ਮਹਾਨ ਸ਼ਹਾਦਤ ਨੇ ਸਿੱਖ ਲਹਿਰ ਦੀਆਂ ਨੀਹਾਂ ਮਜ਼ਬੂਤ ਕਰ ਦਿਤੀਆਂ ਅਤੇ ਗੁਰੂ ਦੇ ਸਿੱਖਾਂ ਨੂ ਸ੍ਵੈਮਾਨ, ਇਜ਼ਤ, ਮਾਣ ਅਤੇ ਸੱਚ ਦੀ ਰਾਖੀ ਲਈ ਜੂਝਣ ਦੀ ਜਾਚ ਆ ਗਈ। ਸਤਿਗੁਰਾਂ ਨੇ ਆਪਣੇ ਸਰੀਰ ਤੇ ਅਨੇਕਾਂ ਕਸ਼ਟ ਝੱਲ ਕੇ ਆਪਣੇ ਸਿੱਖਾਂ ਨੂੰ ਸਰੀਰ ਤੋਂ ਉਚੇਰਾ ਉਠ ਕੇ ਆਤਮਿਕ ਜੀਵਨ ਜੀਉਣ ਦੀ ਸੇਧ ਦਿਤੀ ਅਤੇ ਆਤਮ-ਸ੍ਵੈਮਾਨ ਅਤੇ ਸ੍ਵੈ-ਰਖਿਆ ਲਈ ਤਿਆਰ ਕੀਤਾ ਜਿਸ ਦਾ ਪ੍ਰਮਾਣ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਸਤਰਾਂ, ਘੋੜਿਆਂ ਅਤੇ ਫੌਜਾਂ ਵਿਚ ਵੇਖਿਆ ਜਾ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ ਅਜਿਹਾ ਆਦਰਸ਼ ਸੰਸਾਰ ਨੂੰ ਦਿਤਾ ਜਿਸ ਨੇ ਡਾਵਾਂਡੋਲ ਹੋਏ ਮਨੁੱਖਾਂ ਨੂੰ ਜਾਤਾਂ-ਪਾਤਾਂ, ਵਰਣਾਂ, ਆਸ਼ਰਮਾਂ ਅਤੇ ਪਰਸਪਰ ਧਾਰਮਿਕ ਈਰਖਾ, ਵੈਰ ਵਿਰੋਧਾਂ 'ਚੋਂ ਕੱਢ ਕੇ ਪੂਰਨ ਮਨੁੱਖ ਦੀ ਸਿਰਜਨਾ ਕੀਤੀ ਜੋ ਨਾ ਹੀ ਕਿਸੇ ਨੂੰ ਡਰ ਦਿੰਦਾ ਸੀ, ਨਾ ਹੀ ਕਿਸੇ ਤੋਂ ਭੈ ਮੰਨਦਾ ਸੀ। ਉਹ ਸਾੜਿਆਂ, ਵੈਰ ਭਾਵਾਂ, ਸੰਪਰਦਾਇਕ ਕੱਟੜਤਾਵਾਂ ਤੋਂ ਬੇਲਾਗ ਹਰ ਰੋਜ਼ ਸੰਸਾਰ ਭਲੇ ਦੀ ਭਾਵਨਾ ਰਖਦਾ ਅਰਦਾਸ ਕਰਦਾ ਹੈ, 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।'

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

ਸਿਰੀਰਾਗੁ ਮਹਲਾ ੫ ਛੰਤ
ੴ ਸਤਿਗੁਰ ਪ੍ਰਸਾਦਿ ॥
ਮਨ ਪਿਆਰਿਆ ਜੀਉ ਮਿਤ੍ਰਾ
ਗੋਬਿੰਦ ਨਾਮੁ ਸਮਾਲੇ ॥

ਹੇ ਮੇਰੇ ਪਿਆਰੇ ਮਨਾ! ਚੇਤਨ ਦੀ ਅੰਸ਼ ਹੋਣ ਕਰਕੇ ਮਿਤ੍ਰਾ=ਸੱਜਣਾ ਜੀ! (ਜੀਉ ਸਤਿਕਾਰ ਦਾ ਵਾਚਕ ਹੈ) ਤੂੰ ਗੋਬਿੰਦ (ਗੋ+ਬਿੰਦ) ਗੋ=ਵੇਦਾਂ ਕਰਕੇ ਬਿੰਦ=ਜਾਣਨੇ ਯੋਗ ਪਰਮੇਸ਼ਰ ਦੇ ਨਾਲ ਨੂੰ ਸਮਾਲੇ=ਯਾਦ ਕਰ।

ਮਨ ਪਿਆਰਿਆ ਜੀ ਮਿਤ੍ਰਾ
ਹਰਿ ਨਿਬਹੈ ਤੇਰੈ ਨਾਲੇ ॥

ਹੇ ਮੇਰੇ ਪਿਆਰੇ ਮਿੱਤਰ, ਮਨਾਂ ਜੀ, ਵਾ: ਹੇ ਮਨ ਦੇ ਪਿਆਰਿਆਂ ਅਤੇ ਜੀਅ ਦੇ ਮਿੱਤਰਾ! ਤੂੰ ਸਦਾ ਜੀਵਨ ਨੂੰ ਪਾ ਕੇ ਜਿਊਂਦਾ ਹੋ ਜਾਵੇਂਗਾ, ਜੋ ਹਰਿ=ਹਰੀ ਪਰਮੇਸ਼ਰ ਦਾ ਨਾਮ ਹੈ, ਉਹ ਪਰਲੋਕ ਵਿਚ ਵੀ ਤੇਰੇ ਨਾਲੇ=ਸਾਥ ਨਿਬਹੈ=ਨਿਭੇਗਾ ਭਾਵ ਤੇਰੀ ਸਹਾਇਤਾ ਕਰੇਗਾ।

ਸੰਗਿ ਸਹਾਈ ਹਰਿ ਨਾਮੁ ਧਿਆਈ
ਬਿਰਥਾ ਕੋਇ ਨ ਜਾਏ ॥

ਉਸ ਹਰਿ=ਅਕਾਲ ਪੁਰਖ ਪਰਮੇਸ਼ਰ ਦਾ ਨਾਮ ਸਦਾ ਹੀ ਧਿਆਈ। ਧਿਆਉਣਾ=ਧਿਆਉਣਾ ਕਰੀਏ, ਜੋ ਲੋਕ ਪਰਲੋਕ ਵਿਚ ਸੰਗਿ=ਸਾਥੀ ਹੋ ਕੇ ਸਹਾਈ=ਸਹਾਇਤਾ ਕਰਨ ਵਾਲਾ ਹੈ। ਜਿਹੜਾ ਵੀ ਉਸ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕਰਦਾ ਹੈ, ਉਹ ਉਸ ਦੀ ਕਿਰਪਾ ਨਾਲ ਪੂਰਨ ਰੂਪ ਵਿਚ ਲਬਾ-ਲਬ ਭਰ ਜਾਂਦਾ ਹੈ। ਉਹ ਬਿਰਥਾ=ਖਾਲੀ ਨਹੀਂ ਜਾਂਦਾ ਅਥਵਾ ਹਉਮੈ ਦੀ ਬਿਰਥਾ=ਪੀੜ, ਜਮਾਂ ਦੀ ਪੀੜ, ਜੰਮਣ ਮਰਣ ਦੀ ਪੀੜ ਆਦਿ, ਜਾਏ=ਪੈਦਾ, ਨ=ਨਹੀਂ ਹੁੰਦੀ ਅਤੇ ਧਰਮ ਅਰਥ, ਕਾਮ, ਮੋਖ ਆਦਿ ਦੀ ਪ੍ਰਾਪਤੀ ਹੋ ਜਾਂਦੀ ਹੈ।

ਮਨ ਚਿੰਦੇ ਸੇਈ ਫਲ ਪਾਵਹਿ
ਚਰਣ ਕਮਲ ਚਿਤੁ ਲਾਏ ॥

ਤਿੰਨਾਂ ਲੋਕਾਂ ਵਿਚ ਧਰਮ, ਅਰਥ, ਕਾਮ, ਮੋਖ ਜੋ ਵੀ ਤੇਰਾ ਮਨ ਚਿੰਦੇ=ਇੱਛਾ ਕਰੇਗਾ, ਤੂੰ ਸੇਈ=ਉਸ ਫਲ ਦੀ ਪ੍ਰਾਪਤੀ ਕਰ ਲਵੇਂਗਾ। ਹੇ ਪਿਆਰਿਆ! ਤੂੰ ਉਸ ਅਕਾਲ ਪੁਰਖ ਦੇ ਚਰਨਾਂ ਦਾ ਪੂਜਨੀਕ ਬਣ ਜੋ ਹਰ ਸਮੇਂ ਸਾਰਿਆਂ ਦਾ ਆਸਰਾ ਰੂਪ ਪ੍ਰਕਾਸ਼ਵਾਨ, ਹੇਤ ਰੱਖਣ ਵਾਲਾ, ਅਧਿਸ਼ਠਾਨ ਸਰੂਪ ਹੈ, ਉਸ ਦੇ ਚਰਨਾਂ ਨੂੰ ਧਿਆ ਕੇ ਉਸ ਦੇ ਚਰਨਾਂ ਕਮਲਾਂ ਵਿਚ ਚਿੱਤ=ਹਿਰਦੇ ਦੀ ਬਿਰਤੀ ਨੂੰ ਲਾਏ-ਲਾਉਣਾ ਕਰ।

ਜਲਿ ਥਲਿ ਪੂਰਿ ਰਹਿਆ ਬਨਵਾਰੀ
ਘਟਿ ਘਟਿ ਨਦਰਿ ਨਿਹਾਲੇ ॥

ਉਹ ਸੰਸਾਰ ਰੂਪੀ (ਬਨ+ਵਾਰੀ) ਬਨ=ਵਣ (ਜੰਗਲ) ਦਾ ਵਾਰੀ=ਵਾਲੀ ਭਾਵ ਮਾਲਕ ਪਰਮੇਸ਼ਰ ਸਾਰੇ ਜਲਾਂ ਥਲਾਂ ਵਿਚ ਪੂਰਿ=ਪੂਰਨ ਹੋ ਰਿਹਾ ਹੈ।

ਜਲ ਦੀ ਨਿਆਈਂ ਜਿਨ੍ਹਾਂ ਦੇ ਅੰਦਰ ਪ੍ਰੇਮ ਦਾ ਪ੍ਰਵਾਹ ਪੈਂਦਾ ਹੈ, ਉਨ੍ਹਾਂ ਦੇ ਰਿਦੇ ਵਿਚ ਵੀ ਉਹ ਪੂਰਨ ਹੋ ਰਿਹਾ ਹੈ। ਥਲਾਂ ਦੀ ਨਿਆਈਂ ਖੁਸ਼ਕ ਸਕਾਮੀ ਭਾਵ ਜੋ ਕਾਮਨਾ ਪੂਰੀਆਂ ਕਰਨ ਹੀ ਜਾਣਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਵੀ ਉਹ ਸੰਸਾਰ ਦਾ ਬਾਨੀ ਪੂਰਨ ਰੂਪ ਵਿਚ ਹੋ ਰਿਹਾ ਹੈ ਵਾ: ਸ੍ਰਿਸ਼ਟੀ ਦੇ ਅੰਦਰ ਸਮੁੰਦਰਾਂ ਦੇ ਤਾਈਂ ਅਤੇ ਸਾਰੀਆਂ ਥਾਵਾਂ 'ਤੇ ਉਹ ਪਰਮੇਸ਼ਰ ਪੂਰਨ ਹੋ ਰਿਹਾ ਹੈ ਵਾ: ਜੇਕਰ ਪਰਮੇਸ਼ਰ ਕ੍ਰਿਪਾ ਦ੍ਰਿਸ਼ਟੀ ਕਰ ਦੇਵੇ ਤਾਂ ਦਿਬ ਦ੍ਰਿਸ਼ਟੀ, ਗਿਆਨ ਦੀ ਬਿਰਤੀ ਨਾਲ ਉਸ ਪਰਮੇਸ਼ਰ ਨੂੰ ਤੂੰ ਵੀ ਘਟਾਂ-ਘਟਾਂ ਵਿਚ ਨਿਹਾਲੇ=ਵੇਖਣਾ ਕਰੇਂਗਾ।

ਨਾਨਕੁ ਸਿਖ ਦੇਇ ਮਨ ਪ੍ਰੀਤਮ
ਸਾਧਸੰਗਿ ਭ੍ਰਮੁ ਜਾਲੇ ॥੧॥

ਸਤਿਗੁਰੂ ਪਾਤਸ਼ਾਹ ਹੀ ਫੁਰਮਾਨ ਕਰਦੇ ਹਨ ਕਿ ਮੇਰੇ ਪਿਆਰੇ ਮਨ! ਜੋ ਤੈਨੂੰ ਸਿਖ-ਸਿੱਖਿਆ ਦੇਇ=ਦੇਣਾ ਕੀਤੀ ਹੈ, ਉਸ ਨੂੰ ਧਾਰਨ ਕਰ ਅਤੇ ਸਤਿਸੰਗ ਦੇ ਨਾਲ ਮਿਲ ਕੇ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਭਰਮ ਜਾਲੇ=ਸਾੜਿਆ ਜਾਂਦਾ ਹੈ। ਜਿਥੇ ਦੋ ਸਿੱਖ ਮਿਲ ਜਾਣ ਅਤੇ ਉਨ੍ਹਾਂ ਵਿਚ ਸਤਿ ਦੀ ਵਿਚਾਰ ਹੋਣ ਲਗ ਜਾਵੇ ਤਾਂ ਉਹ ਸਤਿਸੰਗ ਹੈ। ਉਨ੍ਹਾਂ ਨਾਲ ਮਿਲ ਕੇ ਹਿਰਦੇ ਅੰਦਰ ਪਏ ਹੋਏ ਭਰਮ ਨਿਕਲ ਜਾਂਦੇ ਹਨ। ਭਰਮ ਦੀ ਵੀਚਾਰ 'ਭਰਮ' ਸ਼ਬਦ ਦਾ ਅਰਥ ਸਮਝਣ ਨਾਲ ਹੀ ਨਹੀਂ ਆ ਜਾਂਦੀ।

ਮਨ ਪਿਆਰਿਆ ਜੀ ਮਿਤ੍ਰਾ
ਹਰਿ ਬਿਨੁ ਝੂਠੁ ਪਸਾਰੇ ॥

ਹੇ ਮੇਰੇ ਪਿਆਰੇ ਮਿੱਤਰ ਮਨਾਂ ਭਾਵ ਜਗਿਆਸੂ ਉਤਮ ਅਧਿਕਾਰੀ ਜਨ ਜੀ! ਹਰਿ=ਹਰੀ ਪਰਮਾਤਮਾ ਤੋਂ ਬਿਨੁ=ਬਗ਼ੈਰ ਸਾਰਾ ਝੂਠੁ=ਕੂੜ ਦਾ ਹੀ ਪਸਾਰੇ=ਫੈਲਾਅ ਹੈ, ਜਿਸ ਵਿਚ ਜੀਵ ਦਾ ਮਨ ਪਰਚਿਆ ਹੋਇਆ ਹੈ।

ਮਨ ਪਿਆਰਿਆ ਜੀਉ ਮਿਤ੍ਰਾ
ਬਿਖੁ ਸਾਗਰੁ ਸੰਸਾਰੇ ॥

ਹੇ ਮੇਰੇ ਮਨ ਦੇ ਪਿਆਰੇ ਮਿੱਤਰ ਜੀ! ਇਹ ਸਾਰਾ ਸੰਸਾਰ ਬਿਖੁ=ਜ਼ਹਿਰ ਦਾ ਸਾਗਰੁ=ਸਮੁੰਦਰ ਹੈ, ਇਸ ਵਿਚ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਮਾਇਆ ਦੀ ਇੱਛਾ ਇਹ ਜ਼ਹਿਰ ਹੈ।

ਚਰਣ ਕਮਲ ਕਰਿ ਬੋਹਿਥੁ ਕਰਤੇ
ਸਹਸਾ ਦੂਖੁ ਨ ਬਿਆਪੈ ॥

ਹੇ ਮੇਰੇ ਮਨਾਂ! ਕਰਤੇ=ਕਰਤਾ ਪੁਰਖ ਦੇ ਚਰਨਾਂ ਕਮਲਾਂ ਦਾ ਧਿਆਨ ਕਰਨ ਰੂਪੀ ਬੋਹਿਥ=ਜਹਾਜ਼ ਬਣਾ ਲੈਣਾ ਕਰ। ਤਾਂ ਪ੍ਰਮਾਣਗਤ, ਪ੍ਰਮੇਯਗਤ, ਵਿਪਰਜੇ ਆਦਿਕ ਸਹਸਾ=ਸੰਸੇ ਅਤੇ ਜੰਮਣ ਮਰਣ ਦਾ ਦੂਖ=ਕਲੇਸ਼ ਨ=ਨਹੀਂ ਬਿਆਪੈ=ਲੱਗੇਗਾ।

ਗੁਰੁ ਪੂਰਾ ਭੇਟੈ ਵਡਭਾਗੀ
ਆਠ ਪਹਰ ਪ੍ਰਭੁ ਜਾਪੈ ॥

ਜਿਨ੍ਹਾਂ ਵਡਭਾਗੀ=ਵੱਡਿਆਂ ਭਾਗਾਂ ਵਾਲਿਆਂ ਨੂੰ ਪੂਰਨ ਗੁਰੁ=ਸਤਿਗੁਰੂ ਜੀ ਮਿਲ ਗਏ ਹਨ, ਉਨ੍ਹਾਂ ਦੀ ਵਡਿਆਈ ਦੀ ਇੱਛਾ ਭੱਜ ਗਈ ਹੈ। ਉਹ ਅੱਠੇ ਪਹਰ ਪ੍ਰਭੂ=ਵਾਹਿਗੁਰੂ ਨੂੰ ਜਾਪੈ=ਜਪਦੇ ਹਨ। ਜਿਸ ਨਾਲ ਉਨ੍ਹਾ ਦੇ ਹਿਰਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

ਆਦਿ ਜੁਗਾਦੀ ਸੇਵਕ ਸੁਆਮੀ
ਭਗਤਾ ਨਾਮੁ ਅਧਾਰੇ ॥

ਜਿਹੜੇ ਆਦਿ=ਮੁੱਢ ਤੋਂ ਹੀ, ਜੁਗਾਦੀ=ਚੌਹਾਂ ਜੁਗਾਂ ਦੇ ਆਦਿ ਤੋਂ ਹੀ ਸੁਆਮੀ=ਅਕਾਲ ਪੁਰਖ ਪਰਮੇਸ਼ਰ ਦੇ ਸੇਵਕ=ਦਾਸ ਬਣੇ ਹਨ ਵਾ: ਆਦਿ ਜੁਗਾਦੀ=ਹਮੇਸ਼ਾ-ਹਮੇਸ਼ਾਂ ਪਰਮੇਸ਼ਰ ਦੇ ਸੇਵਕ=ਦਾਸ ਹਨ, ਉਨ੍ਹਾਂ ਭਗਤਾ=ਸੇਵਕ ਜਨਾਂ ਨੂੰ ਪ੍ਰਮੇਸਰ ਦੇ ਨਾਮ ਦਾ ਹੀ ਅਧਾਰੇ=ਆਸਰਾ ਹੈ।

ਨਾਨਕੁ ਸਿਖ ਦੇਇ ਮਨ ਪ੍ਰੀਤਮ
ਬਿਨੁ ਹਰਿ ਝੂਠ ਪਸਾਰੇ ॥੨॥

ਹੇ ਮੇਰੇ ਪ੍ਰੀਤਮ=ਪਿਆਰੇ ਮੇਰੇ ਮਿੱਤਰ ਮਨ! ਤੈਨੂੰ ਪੂਰੇ ਸਤਿਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖ=ਸਿੱਖਿਆ, ਦੇਇ=ਦੇਣਾ ਕੀਤੀ ਹੈ ਕਿ ਬਿਨੁ ਹਰਿ=ਪਰਮੇਸ਼ਰ ਦੇ ਨਾਮ ਤੋਂ ਬਿਨੁ=ਬਗੈਰ ਹੋਰ ਸਭ ਝੂਠ=ਕੂੜ ਦਾ ਹੀ ਪਸਾਰਾ ਹੈ।

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਲਦੇ ਖੇਪ ਸਵਲੀ ॥

ਹੇ ਮੇਰੇ ਮਨ ਦੇ ਪਿਆਰੇ ਮਿਤ੍ਰਾ=ਸੱਜਣਾ ਜੀਉ! ਹਰਿ=ਵਾਹਿਗੁਰੂ ਦੇ ਨਾਮ ਦੀ ਖੇਪ=ਪੂੰਜੀ ਸਵਲੀ=ਸਸਤੀ ਹੈ ਵਾ: ਸਵਲੀ=ਸਹਿਤ ਲਾਭ ਦੇ ਹੈ ਵਾ: ਹਰਿ=ਹਰੀ ਪਰਮੇਸ਼ਰ ਦੇ ਨਾਮ ਦੀ ਸਵਲੀ=ਸਸਤੀ ਖੇਪ=ਪੂੰਜੀ ਆਪਣੇ ਅੰਤਸ਼ਕਰਣ ਰੂਪ ਗੱਡੇ ਵਿਚ ਲਦੇ=ਲੱਦਣਾ ਕਰ ਵਾ: ਬ੍ਰਹਮ ਗਿਆਨ ਰੂਪੀ (ਸ+ਵਲੀ) ਵਲੀ=ਬਲ ਦੇ ਸਹਿਤ ਹੋ ਜਾਣਾ ਕਰ ਵਾ: ਹਰੀ ਨਾਮ ਦੀ ਪੂੰਜੀ ਹੋਰਨਾਂ ਸਾਧਨਾ ਨਾਲੋਂ ਸਵਲੀ=ਸਸਤੀ ਭਾਵ ਸੁਖੈਨ ਹੈ।

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਦਰੁ ਨਿਹਚਲੁ ਮਲੀ ॥

ਹੇ ਮੇਰੇ ਮਨ ਦੇ ਪਿਅਰੇ ਮਿਤ੍ਰਾ=ਸੱਜਣਾ ਜੀਓ=ਜੀ ਇਸ ਪ੍ਰਕਾਰ ਜੋ ਹਰਿ=ਹਰੀ ਪਰਮੇਸ਼ਰ ਦਾ ਦਰੁ=ਦਰਵਾਜ਼ਾ ਸਤਿਸੰਗਤ ਹੈ, ਉਸ ਨੂੰ ਨਿਹਚਲੁ=ਅਚੱਲ ਹੋ ਕੇ ਮਲੀ=ਮੱਲਣਾ ਕਰ ਵਾ: ਪਹਿਲਵਾਨ ਹੋ ਕੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰਾਂ ਨੂੰ ਢਾਹ ਲਈਏ ਤਾਂ ਹਰੀ ਦਾ ਜੋ ਦਰੁ=ਗਿਆਨ ਹੈ ਉਸ ਨੂੰ ਨਿਹਚਲੁ=ਅਚੱਲ ਹੋ ਕੇ ਮਲੀ=ਮੱਲੀਦਾ ਹੈ।

ਹਰਿ ਦਰੁ ਸੇਵੇ ਅਲਖ ਅਭੇਵੇ
ਨਿਹਚਲੁ ਆਸਣੁ ਪਾਇਆ ॥

ਹਰਿ=ਹਰੀ ਪਰਮੇਸ਼ਰ ਦੇ ਸਤਿਸੰਗਤ ਰੂਪੀ ਦਰੁ=ਦਰਵਾਜ਼ੇ ਵਿਚ ਇਸਥਿਤ ਹੋ ਕੇ ਉਸ ਦਾ ਸੇਵੇ=ਸਿਮਰਨ ਕਰਕੇ ਅਲਖ=ਲਖਣ ਤੋਂ ਰਹਿਤ, ਅਭੇਵੇ=ਭੇਦ ਰਹਿਤ ਵਾਹਿਗੁਰੂ ਦੇ ਨਿਹਚਲੁ=ਅਚੱਲ ਸਰੂਪ ਰੂਪੀ ਆਸਣੁ=ਟਿਕਾਣੇ ਨੂੰ ਪਾਇਆ=ਪ੍ਰਾਪਤ ਕਰ ਲਈਦਾ ਹੈ।

ਤਹ ਜਨਮ ਨ ਮਰਣੁ ਨ ਆਵਣ ਜਾਣਾ
ਸੰਸਾ ਦੂਖੁ ਮਿਟਾਇਆ ॥

ਉਹ ਐਸਾ ਅਚੱਲ ਆਸਣ ਹੈ ਤਹ=ਉਥੇ ਜਨਮ ਤੇ ਮਰਨ ਨਹੀਂ ਹੈ। ਵਾਸ਼ਨਾ ਕਰਕੇ ਲੋਕ ਪਰਲੋਕ ਵਿਚ ਆਵਣ=ਆਉਣਾ, ਜਾਣਾ ਨ=ਨਹੀਂ ਹੋਵੇਗਾ ਅਤੇ ਪ੍ਰਮਾਣ, ਪ੍ਰਮੇਯਗਤ ਰੂਪ, ਸੰਸਾ=ਸੰਦੇਹ ਅਤੇ ਜਨਮ ਮਰਨ ਦੇ ਦੁਖੁ=ਦੁਖ ਨੂੰ ਵੀ, ਮਿਟਾਇਆ=ਮਿਟਾ ਲਈਦਾ ਹੈ।

ਚਿਤ੍ਰ ਗੁਪਤ ਕਾ ਕਾਗਦੁ ਫਾਰਿਆ
ਜਮਦੂਤਾ ਕਛੂ ਨ ਚਲੀ ॥

ਚਿਤ੍ਰ ਗੁਪਤ=ਪੁਰਾਣਾਂ ਅਨੁਸਾਰ ਧਰਮ ਰਾਜੇ ਦੇ ਮੁਨਸ਼ੀ, ਜੋ ਸਾਰੇ ਜੀਵਾਂ ਦੇ ਕਰਮ ਗੁਪਤ ਰੀਤ ਨਾਲ ਲਿਖਦੇ ਹਨ ਵਾ: ਜੋ ਜੀਵਾਂ ਦੇ ਗੁਪਤ=ਲੁਕੇ ਹੋਏ ਕਰਮਾਂ ਨੂੰ ਚਿਤ੍ਰ=ਲਿਖਦਾ ਹੈ, (ਉਸ ਨੂੰ ਚਿਤ੍ਰ ਗੁਪਤ ਕਹਿੰਦੇ ਹਨ) ਭਗਤ ਜਨਾਂ ਦੇ ਪੁੰਨਾਂ ਅਤੇ ਪਾਪਾਂ ਦੇ ਲੇਖੇ ਕਾ=ਦਾ ਉਹ ਕਾਗਦੁ=ਕਾਗਜ਼ ਪਰਮੇਸ਼ਰ ਨੇ ਵਾਰਿਆ=ਪਾੜ ਦਿਤਾ ਹੈ ਅਤੇ ਜਮਦੂਤਾਂ ਦਾ ਵੀ ਕਛੂ=ਕੁਝ ਜ਼ੋਰ ਨ=ਨਹੀਂ ਚਲੀ=ਚਲਦਾ ਭਾਵ ਜਮਦੂਤ ਵੀ ਕੁਝ ਨਹੀਂ ਕਰ ਸਕਦੇ।

ਨਾਨਕੁ ਸਿਖ ਦੇਇ ਮਨ ਪ੍ਰੀਤਮ
ਹਰਿ ਲਦੇ ਖੇਪ ਸਵਲੀ ॥ ੩ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਮੇਰੇ ਪ੍ਰੀਤਮ=ਪਿਆਰੇ ਮਿੱਤਰ ਮਨਾਂ ਅਸੀਂ ਤੈਨੂੰ ਸਿਖ-ਸਿੱਖਿਆ ਦੇਇ=ਦਿੰਦੇ ਹਾਂ ਕਿ ਹਰਿ=ਹਰੀ ਪਰਮੇਸ਼ਰ ਦੀ ਨਾਮ ਰੂਪੀ, ਖੇਪ=ਪੂੰਜੀ ਜੋ ਲਾਹੇ ਦੇ ਸਹਿਤ ਸਵਲੀ=ਸਸਤੀ ਹੈ, ਉਸ ਨੂੰ ਆਤਮਾਨੰਦ ਦੀ ਪ੍ਰਾਪਤੀ ਕਰਕੇ ਹਿਰਦੇ ਰੂਪੀ ਗੱਡੇ ਵਿਚ ਲਦੇ=ਲੱਦਣਾ ਕਰ।

ਮਨ ਪਿਆਰਿਆ ਜੀਉ ਮਿਤ੍ਰਾ
ਕਰਿ ਸੰਤਾ ਸੰਗਿ ਨਿਵਾਸੋ ॥

ਹੇ ਮੇਰੇ ਮਨ ਦੇ ਪਿਆਰੇ ਮਿੱਤਰ, ਜਗਿਆਸੂ ਜਨ ਜੀ! ਚਿੱਤ ਦੀ ਬਿਰਤੀ ਨੂੰ, ਟਿਕਾ ਕੇ ਸੰਤਾ=ਸਾਧੂਆਂ ਦੀ ਸੰਗਤ ਦੇ ਸੰਗਿ=ਨਾਲ ਨਿਵਾਸੋ=ਵਾਸਾ ਕਰ।

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਨਾਮੁ ਜਪਤ ਪਰਗਾਸੋ ॥

ਹੇ ਮੇਰੇ ਪਿਆਰੇ ਮਨ ਦੇ ਮਿੱਤਰ ਜਗਿਆਸੂ, ਜਨ ਜੀਉ! ਜੇਕਰ ਸੰਗਤ ਵਿਚ ਰਹਿ ਕੇ ਸਾਧਨਾ ਨਹੀਂ ਕੀਤੀ, ਤਾਂ ਇਸ ਨਾਲ ਛੁਟਕਾਰਾ ਨਹੀਂ ਹੋਣਾ। ਸਾਧਸੰਗਤ ਵਿਚ ਪ੍ਰਮੇਸ਼ਰ ਦੇ ਨਾਮ ਦਾ ਜਪਤ=ਜਾਪ ਕਰ, ਜਿਸ ਨਾਲ ਤੇਰੇ ਹਿਰਦੇ ਅੰਦਰ ਪਰਮੇਸ਼ਰ ਦੇ ਗਿਆਨ ਦਾ ਪ੍ਰਰਗਾਸੋ=ਪ੍ਰਕਾਸ਼ ਹੋ ਜਾਵੇਗਾ।

ਸਿਮਰਿ ਸੁਆਮੀ ਸੁਖਹ ਗਾਮੀ
ਇਛ ਸਗਲੀ ਪੁੰਨੀਆ ॥

ਸੁਆਮੀ=ਅਕਾਲ ਪੁਰਖ, ਪਰਮੇਸ਼ਰ ਸਾਰੇ ਸੁਖਹ=ਸੁੱਖਾਂ ਦੀ ਗਾਮੀ=ਗੰਮਤਾ ਕਰਾਉਣ ਵਾਲਾ ਭਾਵ ਪ੍ਰਾਪਤੀ ਕਰਾਉਣ ਵਾਲਾ ਹੈ। ਉਸ ਨੂੰ ਸਿਮਰਿ=ਸਿਮਰਨਾ ਭਾਵ ਯਾਦ ਕਰ, ਜਿਸ ਨਾਲ ਸਗਲੀ=ਸਾਰੀਆਂ, ਇਛ=ਇੱਛਾਵਾਂ, ਭਾਵ ਜ਼ਰੂਰਤਾਂ ਪੁੰਨੀਆ=ਪੂਰੀਆਂ ਹੋ ਜਾਣਗੀਆਂ। ਜੀਵ ਦੀਆਂ ਚਾਰ ਪ੍ਰਕਾਰ ਦੀਆਂ ਇੱਛਾਵਾਂ ਮੰਨੀਆਂ ਹਨ=ਪਹਿਲੀ ਇੱਛਾ ਕੋਈ ਵੀ ਵਿਘਨ ਨਾ ਪਵੇ। ਦੂਸਰੀ ਇਹ ਕਿ ਮੇਰੀ ਦੁਨੀਆਂ ਵਿਚ ਵਡਿਆਈ ਹੋਵੇ। ਤੀਸਰੀ ਕਿ ਮੈਨੂੰ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਵੇ। ਚੌਥੀ ਭਗਤਾਂ ਦੀ ਸਦਾ ਹੀ ਪਰਮੇਸ਼ਰ ਦੇ ਨਾਮ ਜਪਣ ਦੀ ਹੁੰਦੀ ਹੈ। ਇਸ ਪ੍ਰਕਾਰ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਜਿਨ੍ਹਾਂ ਨੇ ਗੁਰਮੁਖ ਬਣ ਕੇ ਪਰਮੇਸ਼ਰ ਵਾਹਿਗੁਰੂ ਦੇ ਨਾਮ ਨੂੰ ਧਿਆਉਣਾ ਕੀਤਾ ਹੈ, ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਕੋਈ ਵੀ ਵਿਘਨ ਨਹੀਂ ਵਿਆਪਦਾ।

ਪੂਰਬੇ ਕਮਾਏ ਸ੍ਰੀ ਰੰਗ ਪਾਏ
ਹਰਿ ਮਿਲੇ ਚਿਰੀ ਵਿਛੁੰਨਿਆ ॥

ਜਿਨ੍ਹਾਂ ਨੇ ਪੂਰਬੇ=ਪੂਰਬਲੇ ਕਰਮਾਂ ਅਨੁਸਾਰ ਨਿਸ਼ਕਾਮ ਕਰਮਾਂ ਦੀ ਕਮਾਏ=ਕਮਾਈ ਕਰਕੇ ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਪਾਉਣਾ ਕੀਤੇ ਹਨ, ਉਨ੍ਹਾਂ ਨੇ ਸ੍ਰੀ=ਸ਼ੋਭਾ ਦੇ ਮਾਲਕ ਅਤੇ ਰੰਗ=ਪ੍ਰੇਮ ਸਰੂਪ ਪਰਮੇਸ਼ਰ ਦੇ ਅਨੰਦ ਨੂੰ, ਪਾਏ=ਪਾ ਲੈਣਾ ਕੀਤਾ ਹੈ, ਜੋ ਹਰਿ=ਹਰੀ ਪਰਮੇਸ਼ਰ ਚਿਰੀ=ਚਿਰਾਂ ਤੋਂ ਭਾਵ ਬੜੇ ਅਰਸੇ ਤੋਂ, ਵਿਛੁਨਿਆ=ਵਿਛੜਿਆ ਹੋਇਆ ਸੀ –

ਅੰਤਰਿ ਬਾਹਰਿ ਸਰਬਤਿ ਰਵਿਆ
ਮਨਿ ਉਪਜਿਆ ਬਿਸੁਆਸੋ ॥

ਜਿਸ ਪ੍ਰਕਾਰ ਪਾਰਸ ਨੂੰ ਅੱਠ ਧਾਤਾਂ ਲਾ ਦੇਈਏ ਤਾਂ ਉਹ ਲੋਹਾ, ਪਿੱਤਲ, ਤਾਂਬਾ, ਜਿਸਤ, ਕਲੀ, ਸਿੱਕਾ ਆਦਿ ਤੋਂ ਸਾਰੀਆਂ ਧਾਤਾਂ ਨੂੰ ਹੀ ਸੋਨਾ ਬਣਾ ਦਿੰਦਾ ਹੈ। ਇਸ ਪ੍ਰਕਾਰ ਪਾਰਸ ਰੂਪੀ ਨਾਮ ਦੇ ਨਾਲ ਜਦੋਂ ਬਿਰਤੀ ਛੂਹ ਜਾਂਦੀ ਹੈ ਫਿਰ ਅੰਤਰਿ=ਹਿਰਦੇ ਵਿਚ ਵੀ ਅਤੇ ਬਾਹਰਿ=ਹਿਰਦੇ ਤੋਂ ਬਾਹਰ ਸੰਸਾਰ ਵਿਚ ਵੀ ਸਰਬਤਿ=ਸਾਰੇ ਪਾਸੇ ਉਹ ਵਾਹਿਗੁਰੂ ਪਰਮੇਸ਼ਰ ਹੀ ਰਵਿਆ=ਵਿਆਪਕ ਪ੍ਰਤੀਤ ਹੁੰਦਾ ਹੈ। ਮਨ ਵਿਚ ਨਾਮ ਦੀ ਨਿਸਚੇ ਰੂਪ ਪਾਰਸ ਦੀ ਕਲਾ ਵਰਤ ਜਾਂਦੀ ਹੈ। ਉਸ ਅਕਾਲ ਪੁਰਖ ਨੇ ਐਸੀ ਕਿਰਪਾ ਬਖਸ਼ਿਸ਼ ਕੀਤੀ ਹੈ ਕਿ ਮਨ ਵਿਚ ਐਸਾ ਬਿਸੁਆਸੋ=ਭਰੋਸਾ ਉਪਜਿਆ=ਪੈਦਾ ਹੋ ਗਿਆ ਕਿ ਵਾਹਿਗੁਰੂ ਦੇ ਨਾਮ ਦੁਆਰਾ ਦਿਬ ਦ੍ਰਿਸ਼ਟੀ ਖੁਲ੍ਹ ਜਾਣ ਕਰਕੇ ਅਕਾਲ ਪੁਰਖ ਪਰਮੇਸ਼ਰ ਸਾਰੀਆਂ ਥਾਵਾਂ 'ਤੇ ਪ੍ਰਤੀਤ ਹੋਣ ਲੱਗ ਪਿਆ ਹੈ।

ਨਾਨਕੁ ਸਿਖ ਦੇਇ ਮਨ ਪ੍ਰੀਤਮ
ਕਰਿ ਸੰਤਾ ਸੰਗਿ ਨਿਵਾਸੋ ॥ ੪ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਮੇਰੇ ਪ੍ਰੀਤਮ=ਪਿਆਰੇ ਮਨ! ਤੂੰ ਦੇਇ=ਦਿਤੀ ਹੋਈ ਸਿਖ=ਸਿੱਖਿਆ ਨੂੰ ਧਾਰਨ ਕਰ। ਤੂੰ ਸੰਤਾਂ, ਭਗਤਾਂ,

ਮਹਾਂਪੁਰਸ਼ਾਂ ਦੀ ਸੰਗਿ=ਸੰਗਤ ਵਿਚ ਨਿਵਾਸੋ=ਨਿਵਾਸ ਕਰ, ਭਾਵ ਚਿੱਤ ਨੂੰ ਲਾਉਣਾ ਕਰ।

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਪ੍ਰੇਮ ਭਗਤਿ ਮਨੁ ਲੀਨਾ ॥

ਹੇ ਮੇਰੇ ਪਿਆਰੇ ਮਿੱਤਰ ਮਨਾ ਜੀਉ! ਉਹ ਗੁਰਮੁਖ ਸੰਤ ਭਗਤ ਧੰਨ ਹਨ, ਜਿਨ੍ਹਾਂ ਦਾ ਮਨ ਹਰਿ=ਹਰੀ ਪਰਮੇਸ਼ਰ ਦੀ ਪ੍ਰੇਮਾ=ਭਗਤੀ ਵਿਚ ਲੀਨਾ=ਲੀਨ ਹੋ ਗਿਆ ਹੈ।

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਜਲ ਮਿਲਿ ਜੀਵੇ ਮੀਨਾ ॥

ਹੇ ਮੇਰੇ ਪਿਆਰੇ ਮਿਤ੍ਰਾ=ਸੱਜਣ ਮਨਾ ਜੀਉ! ਜਿਸ ਪ੍ਰਕਾਰ ਮੀਨਾ=ਮੱਛੀਆਂ ਪਾਣੀ ਦੇ ਨਾਲ ਮਿਲ ਕੇ ਹੀ ਜਿਉਂਦੀਆਂ ਹਨ, ਉਸ ਪ੍ਰਕਾਰ ਹਰਿ=ਹਰੀ ਰੂਪ ਜਲ=ਪਾਣੀ ਨਾਲ ਮਿਲ ਕੇ ਹੀ ਗੁਰਮੁਖ ਭਗਤ ਗੁਰੂ ਦੇ ਪਿਆਰੇ ਜੀਵੇ=ਜਿਉਂਦੇ ਹਨ। ਗੁਰਮੁਖ ਪ੍ਰੇਮੀ ਜਨ ਮੱਛੀ ਦੀ ਨਿਆਈਂ ਹਨ। ਮੱਛੀ ਜਲ ਨਾਲ ਮਿਲ ਕੇ ਹੀ ਬਚਦੀ ਹੈ। ਜਿਵੇਂ ਇਕ ਵਾਰ ਮੱਛੀ ਨੇ ਕੱਛੂ ਨੂੰ ਪੁੱਛਣਾ ਕੀਤਾ ਕਿ ਪਾਣੀ ਕਿਸ ਨੂੰ ਕਹਿੰਦੇ ਹਨ, ਮੈਨੂੰ ਪਤਾ ਨਹੀਂ ਲੱਗ ਰਿਹਾ? ਕੱਛੂ ਨੇ ਕਿਹਾ ਕਿ ਮੈਂ ਤੈਨੂੰ ਪਾਣੀ ਦੇ ਦਰਸ਼ਨ ਕਰਵਾਵਾਂਗਾ। ਤਾਂ ਇਕ ਦਿਨ ਕੱਛੂ ਮੱਛੀ ਨੂੰ ਆਖਣ ਲੱਗਾ ਕਿ ਮੇਰੀ ਕੰਢ 'ਤੇ ਬੈਠ ਜਾਣਾ ਕਰ ਤੇ ਆ ਤੈਨੂੰ ਮੈਂ ਪਾਣੀ ਵਿਖਾ ਕੇ ਲਿਆਉਂਦਾ ਹਾਂ। ਮੱਛੀ ਉਸ ਕੱਛੂ ਦੇ ਖੋਪੜ 'ਤੇ ਬੈਠ ਗਈ। ਕੱਛੂ ਨੇ ਛਾਲ ਮਾਰ ਕੇ ਮੱਛੀ ਨੂੰ ਰੇਤੇ ਉਤੇ ਸੁੱਟ ਦਿਤਾ। ਜਿਸ ਵੇਲੇ ਸੁੱਟਣਾ ਕੀਤਾ ਤਾਂ ਮੱਛੀ ਤੜਫਣ ਲੱਗੀ ਅਤੇ ਪਾਣੀ ਨੂੰ ਲੱਭਣ ਲੱਗੀ। ਕੱਛੂ ਨੇ ਮੱਛੀ ਨੂੰ ਪੂੰਛ ਤੋਂ ਖਿੱਚ ਕੇ ਪਾਣੀ 'ਚ ਲਿਆਉਣਾ ਕੀਤਾ। ਮੱਛੀ ਪੁੱਛਣ ਲੱਗੀ ਕਿ ਮੈਂ ਤੈਨੂੰ ਪਾਣੀ ਬਾਰੇ ਪੁੱਛਦੀ ਸੀ, ਤੂੰ ਤਾਂ ਮੈਨੂੰ ਮਾਰ ਹੀ ਦਿਤਾ ਸੀ। ਤਾਂ ਕੱਛੂ ਆਖਣ ਲੱਗਾ ਕਿ ਕਮਲੀਏ! ਤੇਰਾ ਤਾਂ ਜੀਵਨ ਹੀ ਪਾਣੀ ਹੈ। ਪਾਣੀ ਤੋਂ ਬਿਨਾਂ ਤੂੰ ਜਿਊਂਦੀ ਨਹੀਂ ਰਹਿ ਸਕਦੀ। ਇਸ ਪ੍ਰਕਾਰ ਪਰਮੇਸ਼ਰ ਹੀ ਸਾਰਿਆਂ ਦਾ ਜੀਵਨ ਹੈ ਜਿਸ ਤੋਂ ਬਿਨਾਂ ਜੀਵ ਮੁਰਦੇ ਹੋ ਜਾਂਦੇ ਹਨ।

ਹਰਿ ਪੀ ਆਘਾਨੇ ਅੰਮ੍ਰਿਤ ਬਾਨੇ
ਸ੍ਰਬ ਸੁਖਾ ਮਨ ਵੁਠੇ ॥

ਉਸ ਹਰਿ=ਹਰੀ ਦੀ ਜੋ ਨਾਮ ਅੰਮ੍ਰਿਤ ਰੂਪ ਬਾਨੇ=ਬਾਣੀ ਹੈ, ਗੁਰਮੁਖ ਜਨ ਉਸ ਨੂੰ ਪੀ ਕਰਕੇ ਆਘਾਨੇ=ਰਜ ਗਏ ਹਨ ਅਥਵਾ ਗੁਰਮੁਖ ਜਨ ਹਰਿ=ਹਰੀ ਪਰਮੇਸ਼ਰ ਦੀ ਅੰਮ੍ਰਿਤ ਸਰੂਪ ਬਾਣੀ ਨੂੰ ਪੜ੍ਹ ਕੇ ਭਾਵ ਪੀ-ਪੀ ਕੇ ਤ੍ਰਿਪਤ ਹੋ ਗਏ ਹਨ ਵਾ: ਪਰਮੇਸ਼ਰ ਦਾ ਰੂਪ ਮਿਰਤੂ ਤੋਂ ਰਹਿਤ ਹੋ ਗਏ ਹਨ ਵਾ: ਅੰਮ੍ਰਿਤ ਰੂਪ ਬਾਣੀ ਨੂੰ ਪੀ ਕੇ ਅੰਮ੍ਰਿਤ ਰੂਪ ਹੀ ਬਣ ਗਏ ਹਨ। ਫਿਰ ਸਰਬ=ਸਾਰਿਆਂ ਦਾ ਮੂਲ ਸੁਖਾ=ਸੁਖ ਸਰੂਪ ਉਹ ਬ੍ਰਹਮ ਉਨਾਂ ਦੇ ਮਨ ਵਿਚ ਵੁਠੇ=ਵਸ ਗਿਆ ਹੈ। ਗੁਰੂ ਦੇ ਦਰ ਤੋਂ ਲੈ ਕੇ ਬ੍ਰਹਮਾ ਦੇ ਦਰ ਤੱਕ ਜੋ ਗਿਆਰਾਂ ਪ੍ਰਕਾਰ ਦੇ ਸੁਖ ਅਤੇ ਬੈਕੁੰਠ ਦੀਆਂ ਮੁਕਤੀਆਂ ਮੰਨੀਆਂ ਹਨ, ਉਨ੍ਹਾਂ ਦੇ ਸਾਰੇ ਸੁੱਖ ਮਨ ਵਿਚ ਆ ਕੇ ਵਸ ਗਏ ਭਾਵ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਗਈ ਹੈ।

ਸ੍ਰੀਧਰ ਪਾਏ ਮੰਗਲ
ਗਾਏ ਇਛ ਪੁੰਨੀ ਸਤਿਗੁਰ ਤੁਠੇ ॥

ਸ੍ਰੀ=ਮਾਇਆ ਨੂੰ ਧਾਰਨ ਕਰਨ ਵਾਲਾ ਵਾ: ਸ਼ੋਭਾ ਦੇ ਧਾਰਨ ਵਾਲਾ, ਜੋ ਸ਼੍ਰੋਮਣੀ ਪਰਮੇਸ਼ਰ ਹੈ, ਉਸ ਸਾਰਿਆਂ ਦੇ ਦਰ=ਆਸਰਾ ਰੂਪ ਨੂੰ ਗੁਰਮੁਖ ਜਨਾਂ ਨੇ ਪਾਏ=ਪਾ ਲਿਆ ਹੈ। ਐਸੇ ਗੁਰਮੁਖ ਜਨ ਅਕਾਲ ਪੁਰਖ ਦੇ ਮੰਗਲ=ਮੰਗਲਾਚਾਰ ਅਥਾਵਾ ਮੰਗਲਾਂ ਨੂੰ ਕੀਰਤਨ ਦੇ ਵਿਚ ਗਾਏ=ਗਾਉਂਦੇ ਹਨ। ਉਸ ਵਾਹਿਗੁਰੂ ਦੇ ਗੁਣ ਅਨੰਦ ਵਿਚ ਆ ਕੇ ਗਾਉਂਦੇ ਹਨ। ਫਿਰ ਸਤਿਗੁਰੂ ਨੇ ਤੁਠੇ=ਪ੍ਰਸੰਨ ਹੋ ਕੇ ਆਪਣੇ ਪਿਆਰਿਆਂ ਦੀਆਂ ਸਾਰੀਆਂ ਇੱਛ=ਇੱਛਾਵਾਂ ਜੀਵਨ ਮੁਕਤੀ, ਬਿਦੇਹ ਮੁਕਤੀ, ਬ੍ਰਹਮ ਗਿਆਨ ਆਦਿ ਦੀ ਬਖਸ਼ਿਸ਼ ਕਰਕੇ ਪੁੰਨੀ=ਪੂਰੀਆਂ ਕਰ ਦਿਤੀਆਂ ਹਨ=

ਲੜਿ ਲੀਨੇ ਲਾਏ ਨਉ ਨਿਧਿ ਪਾਏ
ਨਾਉ ਸਰਬਸੁ ਠਾਕੁਰਿ ਦੀਨਾ ॥
ਨਾਨਕ ਸਿਖ ਸੰਤ ਸਮਝਾਈ
ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥

ਸ੍ਰੀ ਗੁਰੂ ਅਰਜਨ ਸਾਹਿਬ ਜੀ ਫੁਰਮਾਉਂਦੇ ਹਨ ਕਿ ਸੰਤ ਸਰੂਪ ਗੁਰੂ ਰਾਮਦਾਸ ਸਾਹਿਬ ਜੀ ਨੇ ਇਹ ਸਿਖ=ਸਿੱਖਿਆ ਸਮਝਾਈ ਭਾਵ ਬਖਸ਼ਿਸ਼ ਕੀਤੀ ਹੈ। ਇਉਂ ਸਾਡਾ ਮਨ ਹਰਿ=ਹਰੀ ਪਰਮੇਸ਼ਰ ਦੇ ਪ੍ਰੇਮਾ ਭਗਤੀ ਵਿਚ ਲੀਨਾ=ਲੀਨ ਹੋ ਗਿਆ ਹੈ। ਹੇ ਗੁਰਸਿੱਖੋ! ਜਦੋਂ ਤੁਹਾਡਾ ਮਨ ਵੀ ਇਸ ਪ੍ਰਕਾਰ ਲੀਨ ਹੋ ਜਾਵੇਗਾ ਤਾਂ ਤੁਸੀਂ ਵੀ ਉਸ ਸੱਚੇ ਨੂੰ ਸਮਝ ਕੇ ਨਿਹਾਲ ਹੋ ਜਾਵੋਗੇ। ਜੰਮਣ ਮਰਣ ਤੋਂ ਰਹਿਤ ਹੋ ਜਾਵੋਗੇ। ਜੋ ਅੰਮ੍ਰਿਤ ਸਰੂਪ ਪ੍ਰੇਮ-ਭਗਤੀ ਦਾ ਉਪਦੇਸ਼ ਦਿਲ ਵਿਚ ਵਸਾਉਣਗੇ, ਗੁਰੂ ਸਾਹਿਬ ਜੀ ਕ੍ਰਿਪਾ ਕਰਕੇ ਉਨ੍ਹਾਂ ਨੂੰ ਆਪ ਆਪਣੇ ਹਿਰਦੇ ਵਿਚ ਵਸਾਉਣਗੇ।

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-56)*

ਇੰਨੇ ਨੂੰ ਉਹ ਲੜਕੀ ਕੁਝ ਵਿੱਥ ਤੇ ਜਾ ਕੇ ਇਕ ਪੱਥਰ ਤੇ ਬਹਿ ਗਈ ਤੇ ਗਾਂਵੀਂ -

*ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ*
*ਦਰਾ ਭੀਤਰਿ ਦਰੁ ਕਵਨੁ ਲਹੈ ॥*
*ਜਿਸੁ ਦਰ ਕਾਰਣਿ ਫਿਰਾ ਉਦਾਸੀ*
*ਸੋ ਦਰੁ ਕੋਈ ਆਇ ਕਹੈ ॥ ੧ ॥*
*ਕਿਨ ਬਿਧਿ ਸਾਗਰੁ ਤਰੀਐ ॥*
*ਜੀਵਤਿਆ ਨਹ ਮਰੀਐ ॥ ੧ ॥ ਰਹਾਉ ॥ ਅੰਗ - ੮੭੭*

ਸਾਂਈ ਲੋਕ ਜੀ ਇਹ ਮਿੱਠੀ ਰਸਭਿੰਨੀ ਸੱਦ ਸੁਣ ਕੇ ਫੇਰ ਉਠੇ, ਸਹਿਜੇ-ਸਹਿਜੇ ਉਸ ਕੁੜੀ ਕੋਲ ਗਏ, ਅਗੋਂ ਉਹ ਸ਼ਰਮੀਲੀ, ਪਰ ਨਿਰਭੈ ਕੁੜੀ ਉਠੀ, ਝੁਕੀ, ਸਿਰ ਨਿਵਾਇਆ ਤੇ ਬੋਲੀ - ''ਬਾਵਾ ਜੀ! ਕੱਪੜੇ ਧੋ ਲਿਆਵਾਂ?

ਸਾਂਈ ਲੋਕ - ਬੱਚਾ! ਜੀਉਂਦੀ ਰਹੇਂ, ਕਦੇ ਥੁੜ ਕੇ ਨਾ ਬਹੇਂ, ਸਾਂਈ ਭਾਗ ਲਾਵੀ, ਕੱਪੜੇ ਤਾਂ ਚੰਗੇ ਭਲੇ ਹਨ, ਇਹ ਦੱਸ ਜੋ ਟੱਪਾ ਕਿਸਦਾ ਗਾਂਵਿਆ ਹਈ?

ਮੁਟਿਆਰ - ਸਾਈਂ ਜੀ! ਇਹ ਟੱਪਾ ਨਹੀਂ ਇਹ ਗੁਰਾਂ ਦਾ ਸ਼ਬਦ ਹੈ।

ਸਾਂਈਂ ਲੋਕ - ਬੱਚਾ ਕਿਹੜੇ ਗੁਰਾਂ ਦਾ?

ਮੁਟਿਆਰ - ਮੇਰੇ ਆਪਣੇ-ਆਪਣੇ ਗੁਰਾਂ ਦਾ।

ਸਾਈਂ ਲੋਕ - ਤੇਰੇ ਆਪਣੇ ਗੁਰਾਂ ਦਾ? ਤੇਰੇ ਆਪਣੇ ਜਿਹੜੇ ਹਨ ਉਹ ਕਿਹੜੇ ਹਨ?

ਮੁਟਿਆਰ - ਸਤਿਗੁਰੂ, ਅਰਸ਼ਾਂ ਤੋਂ ਆਏ ਸਤਿਗੁਰ ਨਾਨਕ ਦੇਵ।

ਨਾਉਂ ਸੁਣਦਿਆਂ ਹੀ ਝਰਨਾਟ ਛਿੜੀ, ਸਰੀਰ ਸੁੰਨ ਜਿਹਾ ਹੋਯਾ, ਨੀਰ ਵਹਿ ਟੁਰਿਆ, ਕਿੰਨਾ ਚਿਰ ਚੁਪ ਰਹਿ ਕੇ ਫੇਰ ਬੋਲਿਆ - ''ਬੱਚੜਾ! ਤੂੰ ਗੁਰੂ ਨਾਨਕ ਡਿੱਠਾ ਹੈ?''

ਮੁਟਿਆਰ - ਹਾਂ ਸਾਂਈਂ ਜੀ, ਚਿਰ ਹੋਇਆ ਅਸੀਂ ਸਾਰਾ ਟੱਬਰ ਗੰਗਾ ਗਏ ਸਾਂ ਤਾਂ ਦਰਸ਼ਨ ਪਾਏ ਸੇ ਤੇ ਓਦੋਂ ਤੋਂ ਹੀ ਨਿੱਕੇ ਵੱਡੇ ਸਾਰੇ ਖੁਸ਼ੀ, ਸੁਖੀ ਰਹਿੰਦੇ ਹਾਂ।

ਸਾਂਈ ਲੋਕ - ਕਾਕੀ, ਕਰਦੇ ਕੀ ਹੋ?

ਮੁਟਿਆਰ - ਪਤਾ ਨਹੀਂ, ਗੁਰੂ-ਗੁਰੂ ਕਰਦੇ ਹਾਂ, ਐਉਂ ਲਗਦਾ ਹੈ ਜੀਕੂੰ ਗੁਰੂ ਕੋਲ ਵਸਦਾ ਹੈ ਤੇ ਸੁਆਦ ਛਿੜਿਆ ਰਹਿੰਦਾ ਹੈ?

ਸਾਂਈ ਲੋਕ (ਹਾਹੁਕਾ ਲੈ ਕੇ ਆਪਣੇ ਆਪ ਨਾਲ) - ਸੁਆਦ! ਸੁਆਦ ਖਬਰੇ ਕੀ ਹੁੰਦਾ ਹੈ? ਉਮਰਾ ਲੰਘੀ, ਸੰਸਾਰ ਬਦਲਿਆ, ਕਈ ਪੂਰ ਆਏ, ਗਏ, ਪਰ ਸੁਆਦ ਅਸਾਂ ਨਾ ਤੱਕਿਆ?

ਕੁੜੀਏ! ਕੋਈ ਸੁਆਦ ਦਾ ਭੋਰਾ ਅਸਾਂ ਨੂੰ ਵੀ ਪਾ?

ਮੁਟਿਆਰ - ਤੁਸੀਂ ਤਾਂ ਆਪ ਸਾਂਈਂ ਲੋਕ ਹੁੰਦੇ, ਸਾਰਾ ਦਿਨ ਸਾਂਈਂ-ਸਾਂਈਂ ਕਰਦੇ ਹੋ, ਸੁਆਦ ਤੁਸੀਂ ਅਸਾਂ ਨੂੰ ਦੇਵੋ ਕਿ?

ਸਾਂਈਂ ਲੋਕ (ਝਿਜਕੇ) - ਭਲਾ ਕਾਕੀ ਕੋਈ ਬਾਬੇ ਨਾਨਕ ਦੀ ਗੱਲ ਹੀ ਸੁਣਾ।

ਮੁਟਿਆਰ - ਤੁਸਾਂ ਨਹੀਂ ਡਿੱਠੇ।

ਸਾਂਈਂ ਲੋਕ - ਤੈਥੋਂ ਹੀ ਕਦੇ-ਕਦੇ ਨਾਉਂ ਸੁਣਿਆਂ ਹੈ, ਡਿੱਠੇ ਹੁੰਦੇ ਤਾਂ ਪੁੱਛਦਾ ਕਿਉਂ?

ਮੁਟਿਆਰ (ਭੋਲੇਪਨ ਵਿਚ) - ਭਲਾ ਜੀਉ! ਜੇ ਤੂੰ ਗੁਰ ਨਾਨਕ ਨਹੀਂ ਡਿੱਠਾ ਤਾਂ ਸਾਂਈਂ ਕਿਵੇਂ ਵੇਖ ਲਿਆ ਈ? ਮੈਂ ਜਾਤਾ, ਜੋ ਦਿਨ ਰਾਤ ਸਾਂਈਂ ਸਾਂਈਂ ਕਰਦਾ ਹੈ ਇਸ ਨੂੰ ਗੁਰੂ ਨੇ ਤਾਰਿਆਂ ਹੈ, ਬਨਾਂ ਵਿਚ ਕੱਲਾ ਬੈਠਾ ਰਹਿੰਦਾ ਹੈ, ਇਸ ਨੂੰ ਗੁਰੂ ਨਾਨਕ ਦੇ ਪ੍ਰੇਮ ਨੇ ਸੁਆਦ ਵਿਚ ਡੋਬ ਛੱਡਿਆ ਹੈ। ਮੈਂ ਤਾ ਇਸੇ ਪਿਆਰ ਕਰਕੇ, ਜੁ ਸਾਂਈਂ ਜੀਵੇਂ! ਤੂੰ ਗੁਰੂ ਨਾਨਕ ਦਾ ਹੈਂ, ਤੈਨੂੰ ਚੰਗਾ-ਚੰਗਾ ਜਾਣਦੀ ਹਾਂ।

ਸਾਂਈਂ ਲੋਕ (ਹੱਸ ਕੇ ਤੇ ਹਾਹੁਕਾ ਲੈ ਕੇ) ਖਬਰੇ ਕਾਕੀ 'ਗੁਰੂ ਨਾਨਕ' ਦਾ ਹੀ ਹੋਵਾਂ, ਤੁਸੀਂ ਹੋ ਚੁਕੇ ਹੋਵੋ ਤੇ ਮੈਂ ਅਜੇ ਹੋਣਾ ਹੋਵੇ। ਕਾਕੀ! ਕੋਈ ਗੁਰੂ ਦੀ ਗੱਲ ਤਾਂ ਸੁਣਾ?

ਕਾਕੀ - ਓਹ ਬੜੇ ਬੀਬੇ ਰਾਣੇ ਹਨ, ਲੋਕਾਂ ਨੂੰ ਆਪ ਪਿਆਰ ਕਰਦੇ ਹਨ, ਆਪੇ ਕੋਈ ਸੁਆਦ

ਪਾ ਦੇਂਦੇ ਹਨ, ਜੋ ਅੰਦਰੋਂ ਮਨੋਂ ਹੀ ਪਿਆ ਪਿਆਰ ਨਿਕਲਦਾ ਹੈ, ਦਰਸ਼ਨ ਕੀਤਿਆਂ ਹੀ ਕੁਛ ਐਉਂ ਹੋ ਜਾਂਦਾ ਹੈ ਜਿਕੂੰ ਸੁੱਤੇ ਜਾਗ ਪਏ ਹਾਂ।

ਸਾਂਈਂ ਲੋਕ - ਬੜੇ ਪਿਆਰੇ ਲੱਗਦੇ ਹਨ?

ਕਾਕੀ - ਡਾਢੇ।

ਸਾਂਈਂ ਲੋਕ - ਬੜੇ ਸੁਹਣੇ ਹਨ?

ਕਾਕੀ - ਚੜ੍ਹਦੇ ਸੂਰਜ ਦੀ ਟਿੱਕੀ ਨਾਲੋਂ ਸੋਹਣੇ ਹਨ, ਨਾਲੇ ਡਾਢੇ ਹੀ ਠੰਢੇ।

ਸਾਂਈਂ ਲੋਕ - ਭਲਾ ਮਰਨ ਪਿਛੋਂ ਕੀ ਹੁੰਦਾ ਹੈ।

ਕਾਕੀ - ਖਬਰੇ ਕੀ ਹੁੰਦਾ ਹੈ।

ਸਾਂਈਂ ਲੋਕ - ਤੁਹਾਨੂੰ ਮੌਤ ਦਾ ਡਰ ਹੈ?

ਕਾਕੀ - ਜਦ ਦੇ ਗੁਰੂ ਜੀ ਡਿੱਠੇ ਹਨ ਫੇਰ ਤਾਂ ਡਰ ਨਹੀਂ ਆਇਆ ਕਦੇ।

ਸਾਂਈਂ ਲੋਕ - ਕਿਉਂ?

ਕੁੜੀ - ਪਤਾ ਨਹੀਂ?

ਸਾਂਈਂ ਲੋਕ - ਤੁਸੀਂ ਸਾਧਨ ਕੀ ਕਰਦੇ ਹੋ?

ਕੁੜੀ - ਸਾਧਨ ਕੀ ਹੁੰਦਾ ਹੈ?

ਸਾਂਈਂ ਲੋਕ - ਕੋਈ ਤਪ, ਹਠ, ਜੋਗ।

ਕੁੜੀ - ਮੈਨੂੰ ਸਮਝ ਨਹੀਂ ਸਾਂਈਂ ਜੀ! ਮੈਂ ਤਾਂ ਜਿਸ ਦਿਨ ਦਾ ਸਤਿਗੁਰ ਡਿੱਠਾ ਹੈ ਇਕ ਚਾਉ ਵਿਚ ਰਹਿੰਦੀ ਹਾਂ, ਉਹ ਚਾਉ ਸਤਿਗੁਰ ਦੀ ਦਾਤ ਹੈ, ਹੋਰ ਖਬਰੇ ਕੀ ਹੁੰਦਾ ਹੈ। ਸਤਿਗੁਰ ਮਿੱਠਾ ਲਗਦਾ ਹੈ, ਕੋਲ ਵਸਦਾ ਦੀਹਦਾ ਹੈ, ਕਦੇ ਅੱਗੇ-ਅੱਗੇ ਟੁਰਦਾ ਹੈ, ਕਦੇ ਪਿੱਛੇ-ਪਿੱਛੇ ਆਉਂਦਾ ਹੈ, ਕਦੇ ਗਾਉਂਦਾ ਹੈ, ਕਦੇ ਸੁਣਦਾ ਹੈ। ਦੋ ਤਿੰਨ ਸ਼ਬਦ ਗੁਰੂ ਜੀ ਦੇ ਮੈਨੂੰ ਆਉਂਦੇ ਹਨ, ਉਹ ਆਖਦਾ ਹੈ, 'ਸੁਣਾ' ਮੈਂ ਸੁਣਾ ਛੱਡਦੀ ਹਾਂ। ਮੈਂ ਉਦਾਸ ਹੋਣ ਲੱਗਦੀ ਹਾਂ ਤਾਂ ਗੁਰੂ ਸ਼ਬਦ ਸੁਣਾਉਂਦਾ ਹੈ। ਫਕੀਰਾ! ਉਹ ਗੁਰੂ ਕੋਈ ਮੇਰੇ ਵਾਂਗੂੰ ਮਾਸ ਦਾ ਤਾਂ ਨਹੀਂ, ਲੈ ਉਹ ਤਾਂ ਕੰਧਾਂ ਵਿਚੋਂ ਲੰਘ ਆਉਂਦਾ ਹੈ, ਬੱਦਲਾਂ ਤੇ ਜਾ ਬੈਠਦਾ ਹੈ, ਸੂਰਜ ਟਿੱਕੀ ਤੇ ਜਾ ਲੇਟਦਾ ਹੈ, ਬਿਜਲੀ ਦੇ ਲਿਸ਼ਕਾਰੇ ਵਿਚ ਉਡਾਰੀ ਮਾਰਦਾ ਹੈ, ਨੀਂਦਰ ਵਿਚ ਆ ਦਿਸਦਾ ਹੈ, ਅੱਖਾਂ ਮੀਟੋ ਤਾਂ ਮਨ ਵਿਚ ਵੜਿਆ ਹੁੰਦਾ ਹੈ। ਖਬਰੇ ਉਹ ਕੀ ਹੈ? ਸਾਂਈਂ ਜੀ! ਉਹ ਖਬਰੇ ਉਹ ਹੋਵੇ ਜਿਸ ਨੂੰ ਲੋਕੀਂ 'ਓਹ' ਆਖਦੇ ਹਨ, ਪਤਾ ਨਹੀਂ, ਪਰ ਮੇਰੇ ਤੇਰੇ ਵਾਂਗੂੰ ਤਾਂ ਨਹੀਂ। ਹੁਣ ਦੇਖ ਖਾਂ, ਸਤਲੁਜ ਦੇ ਪਾਣੀਆਂ ਉੱਤੇ ਤੁਰਿਆ ਆਉਂਦਾ ਹੈ।

ਸਾਂਈਂ ਲੋਕ - ਹੱਲਾ! ਤਰਿਆ ਆਉਂਦਾ ਹੈ?

ਕੁੜੀ - ਨਾਂ ਅੜਿਆ, ਤਰਿਆ ਨਹੀਂ ਤੁਰਿਆ ਆਉਂਦਾ ਹੈ, ਹੁਣ ਵੇਖ ਖਾਂ ਹਵਾ ਵਿਚ ਉੱਚਾ-ਉੱਚਾ ਆ ਰਿਹਾ ਹੈ। ਪਰ ਖਬਰੇ ਕੀ ਹੈ? ਉਂਵ ਤਾਂ ਜਦ ਦਾ ਡਿੱਠਾ ਹੈ ਅੱਖਾਂ ਅੱਗੇ ਹੀ ਰਹਿੰਦਾ ਹੈ, ਪਰ ਅੱਜ ਕੁਝ ਹੋਰਵੇਂ ਰੰਗ ਦਾ ਹੈ। ਤੱਕੇਂ ਨਾ ਹੁਣ ਤਾਂ ਹਵਾ ਵਿਚੋਂ ਕੇਡੀ ਖੁਸ਼ਬੋ ਆ ਰਹੀ ਹੈ, ਬੱਦਲਾਂ ਵਿਚੋਂ ਕੋਈ ਚੰਨਣ ਦੀ ਫੁਹਾਰ ਪੈ ਹਰੀ ਹੈ, ਤੁਹਾਡੇ ਲੂੰ ਮਹਿਕ ਗਏ ਹਨ ਕਿ ਨਾ? ਮੇਰੇ ਤਾਂ ਅੰਦਰੋਂ ਆਪ ਮੁਹਾਰੀ ਖਸ਼ਬੋ ਉੱਠ ਰਹੀ ਹੈ। ਵੇਖ ਖਾਂ, ਸਤਿਗੁਰ ਨਾਨਕ ਜੀ ਔਹ ਸੁਨਹਿਰੀ ਬੱਦਲ ਤੇ ਹੀਰਿਆਂ ਦੇ ਤਖਤ ਉੱਤੇ ਆ ਬੈਠੇ ਨੇ, ਔਹ ਤੱਕੋ ਨਾ, ਮਰਦਾਨਾ ਸ਼ਬਦ ਗਾਉਂਦਾ ਏ, ਲੈ ਸਾਂਈਂ ਜੀ! ਹੁਣ ਨਾਂ ਬੋਲਣਾ, ਸ਼ਬਦ ਸੁਣ ਲੈਣ ਦਿਓ।

ਕੁੜੀ ਤਾਂ ਇਹ ਕਹਿ ਕੇ ਸੁਨਹਿਰੀ ਬੱਦਲ ਤੇ ਟਕ ਲਾ ਕੇ ਜੁੜ ਗਈ, ਅੱਖਾਂ ਝਮਕਣਾ ਭੁੱਲ ਗਈਆਂ, ਚਿਹਰਾ ਦਮਕ ਵਾਲਾ ਹੋ ਗਿਆ, ਅਰ ਉਹ ਸੁਣਨ ਲੱਗ ਪਈ। ਕੁੜੀ ਤਾਂ ਦਿਵਯ ਗੀਤ ਦੇ ਸੁਣਨ ਵਿਚ ਮਸਤ ਹੈ ਅਰ ਸਾਂਈਂ ਲੋਕ ਉਸ ਦੇ ਨੂਰ ਭਰੇ ਟਿਕੇ, ਜੁੜੇ, ਮਗਨ ਹੋਏ ਚਿਹਰੇ ਵੱਲ ਤੱਕ-ਤੱਕ ਕੇ ਹੈਰਾਨ ਹੋ ਰਿਹਾ ਤੇ ਕਹਿ ਰਿਹਾ ਹੈ - ਹੇ ਸਾਂਈਂ! ਧਿਕਾਰ ਮੇਰੀ ਅਕਲ ਦੇ, ਅਰ ਸ਼ਾਬਾਸ਼ ਇਸਦੇ ਭੋਲਾਪਨ ਦੇ, ਇਹ ਕਿਸ ਸਿਦਕ ਵਿਚ ਹੈ ਅਰ ਕਿਹੜੇ ਗੂੜ੍ਹੇ ਰੰਗ ਵਿਚ ਹੈ? ਇਕ ਦਿਨ ਦਰਸ਼ਨ ਕਰਕੇ ਦਰਸ਼ਨ ਆਪ ਹੀ ਹੋ ਰਹੀ ਹੈ, ਫੇਰ ਨਾ ਕੋਈ ਮਾਣ ਹੈ, ਨਾ ਪਤਾ ਹੈ ਕਿ ਫਕੀਰ ਹਾਂ ਕਿ ਤਪੀ ਹਾਂ, ਕਿ ਰਸੀਆ ਹਾਂ। ਹਾਏ! ਸਾਂਈਆਂ ਮੇਰੀ ਉਮਰ ਦਾ ਵਲ੍ਹੇਟਿਆ ਗਿਆ ਵੇਲਣਾ ਫੇਰ ਖੋਲ੍ਹ ਦੇਹ, ਮੈਂ ਨਵੇਂ ਸਿਰੇ ਜੀਵਨ ਸ਼ੁਰੂ ਕਰਾਂ, ਮੈਂ ਇਸ ਬਾਲੀ ਵਾਂਗੂੰ ਭੋਲਾ ਰਹਾਂ, ਮੈਂ ਅਕਲ ਨੂੰ, ਫਿਕਰ ਨੂੰ, ਅੰਦੇਸ਼ਿਆਂ ਨੂੰ, ਆਸਾਂ ਨੂੰ ਦੂਰ ਰੱਖਾਂ, ਸਿਦਕ ਵਿਚ ਵੱਸਾਂ, ਓਹ ਹੋ ਕੀਹ ਕਹਾਂ -

*ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥*
*ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥*

*ਅੰਗ - ੧੩੮੧*

ਮੈਂ ਅਕਲ ਨਾਲ ਕਿਉਂ ਵਿਵਾਹ ਕੀਤਾ, ਕੀਤਾ ਤਾਂ ਮਾਮਲੇ ਪਏ। ਹਾਏ! ਹੁਣ ਕੁਆਰੀ ਕੀਕੂੰ ਹੋਵਾਂ? ਕੀਕੂੰ ਅਕਲ ਨੂੰ ਤਲਾਕ ਦਿਆਂ। ਕਾਸ਼! ਅਕਲ ਕਦੇ ਨਾ ਆਉਂਦੀ ਕਾਸ਼! ਮੇਰੇ ਭੋਲੇਪਨ ਵਿਚ, ਮੇਰੀ ਬਾਲੀ ਉਮਰਾ ਵਿਚ, ਮੇਰਾ ਪ੍ਰੀਤਮ ਨਾਲ ਨੇਹੁੰ ਲੱਗਦਾ। ਮੇਰਾ ਅਕਲ ਨਾਲ ਵਿਆਹ ਨਾ ਹੁੰਦਾ, ਮੇਰਾ ਪ੍ਰੀਤਮ

ਨਾਲ ਵਿਆਹ ਹੁੰਦਾ। ਹੁਣ ਕੀ ਕਰਾਂ? ਪੱਛੋਤਾਵਾ ਹੀ ਪੱਛੋਤਾਵਾ ਹੈ, ਕੌਣ ਜਾਚ ਸਿਖਾਵੇ ਕਿ ਮੈਂ ਅਕਲ ਨਾਲ ਤਲਾਕ ਲਵਾਂ? ਕੀਕੂੰ ਲਵਾਂ? ਵਤ ਕੁਆਰੀ ਕੀਕੂੰ ਹੋਵਾ? ਮੁੜ ਉਹ ਭੋਲਾਪਨ ਕਿਥੋਂ ਆਵੇ? ਇਹੋ ਪੱਛੋਤਾਉ ਪੱਲੇ ਰਹਿ ਗਿਆ – ''ਵਤਿ ਕੁਆਰੀ ਨ ਥੀਐ।''

ਫਕੀਰ ਇਉਂ ਆਪਣੀ ਬੀਤ ਗਈ ਤੇ ਮੁੜ ਨਾ ਆਉਣ ਵਾਲੀ ਤੇ ਰੋਂਦਾ ਰੋਂਦਾ ਅੱਖਾਂ ਮੀਟ ਕੇ ਸੌਂ ਗਿਆ।

ਕੁਛ ਚਿਰ ਪਿਛੋਂ ਅੱਖਾਂ ਖੁਲ੍ਹੀਆਂ ਤਾਂ ਉਹ ਮੁਟਿਆਰ ਹੈ ਨਹੀਂ, ਪਰ ਇਕ ਅਜੀਬ ਮੋਹਨੀ ਸੂਰਤ ਉਸੇ ਸ਼ਿਲਾ ਤੇ ਬੈਠੀ ਹੈ, ਨੈਣ ਬੰਦ ਹਨ, ਪਰ ਚਿਹਰਾ ਇਸ ਤਰ੍ਹਾਂ ਦਮਕਦਾ ਹੈ ਕਿ ਹਜ਼ਾਰ ਚਮਕਦੇ ਪਰ ਠੰਢੇ ਸੂਰਜ ਤਾਬ ਨਾ ਲਿਆ ਸਕਣ। ਸੁੰਦਰਤਾ ਹੈ ਕਿ ਸੁੰਦਰ ਹੈ, ਛਬੀ ਹੇ ਕਿ ਸੁਹਣੱਪ ਸਾਰੀ ਆਪੇ ਆ ਫਬੀ ਹੈ। ਇਸ ਦਰਸ਼ਨ ਦਾ ਕੋਈ ਐਸਾ ਕਟਕ ਦਾ ਝਲਕਾ ਵੱਜਾ ਕਿ ਫਕੀਰ ਦੇ ਅੰਦਰ ਇਕ ਧੂਹ ਪਈ। ਆਹ! ਤਪਾ ਵਰ੍ਹੇ ਲੰਘਾ ਚੁਕੇ ਸਾਂਈਂ ਲੋਕ ਨੂੰ ਅੱਜ ਪਹਿਲਾ ਦਿਨ ਆਇਆ ਕਿ ਕਲੇਜੇ ਨੂੰ ਖਿੱਚ ਵੱਜੀ, ਦਰਸ਼ਨ, ਜੋ ਸਾਹਮਣੇ ਸੀ, ਇਸ ਤਰ੍ਹਾਂ ਅਚੰਭੇ ਵਾਲਾ ਸੀ ਕਿ ਪਹਿਲੀ ਲਿਸ਼ਕੇ ਤਾਂ ਸਾਂਈਂ ਲੋਕ ਹੁਰੀਂ ਵਿਸਮਾਦ ਵਿਚ ਜਾ ਵੱਜੇ ਤੇ ਦੂਜੇ ਲਿਸ਼ਕਾਰੇ ਉਹ ਅਗੰਮ ਦੀ ਛਿੱਕੀ ਪਈ ਕਿ ਸਾਂਈਂ ਲੋਕ ਦੀ ਜਾਣੋਂ ਉਹ ਉਮੰਗਾਂ ਤੇ ਚਾਵਾਂ ਭਰੀ ਜੁਆਨੀ ਮੁੜ ਆਈ ਹੈ ਜਿਸ ਵਿਚ ਕਲੇਜਾ ਉਮਾਹ ਨਾਲ ਹੀ ਉਛਲਦਾ ਰਹਿੰਦਾ ਹੈ। ਖਿੱਚ ਪਈ, ਦਰਸ਼ਨ ਅਤਿ ਪਿਆਰਾ ਲੱਗਾ, ਤਪਾਂ, ਹਠਾਂ ਨਾਲ ਪੱਕ ਚੁੱਕੇ ਕਲੇਜੇ ਦਾ ਥਰ ਟੁੱਟਾ, ਪਿਆਰ ਦੀ ਲਹਿਰ ਨੇ ਵਦਾਣ ਮਾਰਿਆ, ਰਸਤਾ ਖੁੱਲ੍ਹਿਆ, ਰਸ ਹੁਲਾਰੇ ਲੈ ਕੇ ਅੰਦਰ ਜਾ ਵੜਿਆ। ਬੁੱਢਣਸ਼ਾਹ ਦੀਆਂ ਅੱਖਾਂ ਵਿਚ ਹੁਣ ਮਗਨਤਾ ਹੈ, ਸਿਰ ਵਿਚ ਸਰੂਰ ਹੈ! ਕਦੇ ਅੱਖਾਂ ਖੁਹਲਦਾ ਤੇ ਦਰਸ਼ਨ ਕਰਦਾ ਹੈ, ਕਦੇ ਸੁਆਦ ਦੇ ਡਾਢੇ ਭਾਰ ਨਾਲ ਛੱਪਰ ਝੁਕ ਪੈਂਦੇ ਹਨ ਤੇ ਅੱਖਾਂ ਬੰਦ ਹੋ ਜਾਂਦੀਆਂ ਹਨ, ਫੇਰ ਜ਼ੋਰ ਲਾ ਕੇ ਖੋਹਲਦਾ ਹੈ, ਦਰਸ਼ਨ ਕਰਦਾ ਹੈ, ਨੈਣ ਮੁੰਦ ਜਾਂਦੇ ਹਨ।

ਵਾਹ ਬੁੱਢਣ ਸ਼ਾਹ! ਤੇਰੇ ਧੰਨ ਭਾਗ, ਜਿਨ ਏਹ ਦਰਸ਼ਨ ਪਾਏ! ਤੈਨੂੰ ਵਧਾਈ ਹੋਵੇ ਕਿ ਅੰਤ ਤੋਂ ਪਹਿਲੇ ਤੈਨੂੰ ਪਿਰਮ ਰਸਾਂ ਦਾ ਛਾਂਦਾ ਮਿਲ ਗਿਆ।

ਕਿਤਨਾ ਚਿਰ ਇਸ ਤਰ੍ਹਾਂ ਲੰਘ ਗਿਆ, ਤਦ ਬੁੱਢਣ ਸ਼ਾਹ ਨੇ ਫੇਰ ਅੱਖਾਂ ਖੋਲ੍ਹੀਆਂ, ਚੁਫੇਰੇ ਤੱਕਿਆ ਤਾਂ ਪਾਸ ਵਾਰ ਇਕ ਹੋ ਮੂਰਤ ਬੈਠੀ ਹੈ, ਰਬਾਬ ਹੱਥ ਵਿਚ ਹੈ ਤੇ ਬੁੱਢਣਸ਼ਾਹ ਵਲ ਤੱਕ ਰਿਹਾ ਹੈ, ਬੇਵਸੇ ਬੁੱਢਣਸ਼ਾਹ ਨੇ ਮੱਥਾ ਟੇਕਿਆ ਤੇ ਸੈਨਤ ਨਾਲ ਪੱਥਰ ਪਰ ਬਿਰਾਜ ਰਹੀ ਸੂਰਤ ਦਾ ਨਾਮ ਪੁੱਛਿਆ, ਤਾਂ ਸਾਥੀ ਨੇ ਕਿਹਾ –

ਆਪ ਸ੍ਰੀ ਗੁਰੂ ਨਾਨਕ ਜੀ ਹਨ।

ਨਾਨਕ ਨਾਮ ਸੀ ਕਿ ਇਕ ਹੋਰ ਜਾਦੂ ਸੀ ਜੋ ਪਿਆਰ ਨਾਲ ਭਰ ਚੁਕੇ ਕਲੇਜੇ ਵਿਚ 'ਅਣੀਆਲੇ ਅਣੀਆ ਰਾਮ ਰਾਜੇ' ਦਾ ਕੰਮ ਕਰ ਗਿਆ।

*ਸੁਨਤਿ ਨਾਮ ਪਾਇਨ ਪਰ ਪਰਿਓ।*
*ਕਹਯੋ ਕਿ ਮੋਹਿ ਨਿਹਾਲ ਅਬ ਕਰਿਓ।*
*ਅਬ ਮਮ ਹੋਇ ਗਯੋ ਕੱਲਯਾਨ।*
*ਦਰਸ਼ਨ ਦੀਨਿਸ ਦਯਾ ਨਿਧਾਨ। (ਗੁ:ਪ੍ਰ:ਸੂ:)*

ਚੋਜੀ ਸਤਿਗੁਰ ਨਾਨਕ ਨੇ ਹੁਣ ਨੈਣ ਖੋਹਲੇ, ਬੁੱਢਣ ਸ਼ਾਹ ਵਲ ਪ੍ਰੇਮ ਦੀ ਨਿਗਾਹ ਨਾਲ ਤੱਕਿਆ। ਜਿਨ੍ਹਾਂ ਬੰਦ ਨੈਣਾਂ ਨੇ ਬੁੱਢਣ ਸ਼ਾਹ ਨੂੰ ਮਾਨੋਂ ਬੰਨ੍ਹ ਲਿਆ ਸੀ। ਉਹਨਾਂ ਖੁਲ੍ਹਦੇ ਸਾਰ ਘਾਇਲ ਹੀ ਕਰ ਦਿਤਾ। ਨੈਣਾਂ ਦੇ ਚਾਰ ਹੁੰਦਿਆਂ ਪਿਆਰ ਦੀ ਐਸੀ ਝਰਨਾਟ ਸਾਰੇ ਸਰੀਰ ਵਿਚ ਛਿੜੀ ਕਿ ਬਿਹਬਲ ਹੋ ਕੇ ਚਰਨੀਂ ਢਹਿ ਪਿਆ ਅਰ ਲੱਗਾ ਵੈਰਾਗ ਕਰਨ। ਗੁਰੂ ਨਾਨਕ ਨੇ, ਜਗਤ ਦੇ ਚਾਨਣ ਨਾਨਕ ਨੇ, ਹਾਂ ਪਿਆਰ ਦੇ ਪੁੰਜ ਸਤਿਗੁਰ ਨੇ, ਦਰਿਆ ਦੇ ਸਮੁੰਦਰ ਪ੍ਰੀਤਮ ਨੇ ਪਿਆਰ ਭਰਿਆ ਸਿਰ ਚਾਕੇ ਗੋਦ ਵਿਚ ਲੀਤਾ ਤੇ ਇੰਵ ਪਿਆਰ ਦਿਤਾ ਜਿਵੇਂ ਨਿੱਕੇ ਬਾਲ ਨੂੰ ਦੇਈਦਾ ਹੈ। ਹਾਂ ਜੀ ਬੁੱਢਾ ਹੋ ਰਿਹਾ ਬੁੱਢਣਸ਼ਾਹ ਸਤਿਗੁਰ ਦੇ ਗ੍ਰਿਹ ਅੱਜ ਹੀ ਜੰਮਿਆ ਹੈ, ਪ੍ਰੇਮ ਦੇ ਪੰਘੂੜ ਵਿਚ ਬਾਲ ਹੋ ਕੇ ਅੱਜ ਹੀ ਚੜ੍ਹਿਆ ਹੈ, ਪਹਿਲਾਂ ਝੂਠਾ ਪਿਰਮ ਰਸ ਦਾ, ਪਹਿਲਾ ਹੁਲਾਰਾ ਪ੍ਰੀਤ ਦੇ ਤ੍ਰਮਘ ਦਾ ਅੱਜ ਹੀ ਆਯਾ ਹੈ, ਅੱਜ ਹੀ 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ' ਵਾਲਾ ਬੁੱਢਣਸ਼ਾਹ ਨਵੇਂ ਜਨਮ ਵਿਚ ਆਯਾ ਹੈ। ਮਰਨ ਥੀਂ ਅਗਦੀ ਮੋਇਆ ਸੀ, ਹਾਂ ਉਸ ਭੋਲੀ ਮੁਟਿਆਰ ਦੇ ਵਾਕਾਂ ਨਾਲ ਹੰਕਾਰ ਦੀ ਮੌਤ ਅਜੇ ਹੀ ਮੋਇਆ ਸੀ, ਹੁਣ ਸਤਿਗੁਰ ਆਇਆ ਪ੍ਰੇਮ ਵਿਚ ਫੇਰ ਜੁਆਲ ਲਿਓਸੂ, ਜਿਵੇਂ ਪੰਚਮ ਸਤਿਗੁਰਾਂ ਨੇ ਫੁਰਮਾਇਆ ਹੈ–

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ*
*ਸਿਉ ਲੈਨਿ ਮਿਲਾਏ ॥* *ਅੰਗ – ੭੪੯*

*'ਚਲਦਾ.......।'*

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਸੰਤ ਵਰਿਆਮ ਸਿੰਘ ਜੀ, ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ, )

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-52)*

ਇਸ ਬਾਰੇ ਪਿਆਰੇ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਧਾਰਮਿਕ ਇਤਿਹਾਸ ਵਿਚੋਂ ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦੀ ਮਿਸਾਲ ਦੇ ਕੇ ਇਹ ਸਾਖੀ ਸੁਣਾਇਆ ਕਰਦੇ ਸਨ।

ਸ੍ਰੀ ਕ੍ਰਿਸ਼ਨ ਜੀ ਦੀ ਔਲਾਦ, ਜਾਦਵਾਂ ਨੇ ਦੁਰਬਾਸਾ ਰਿਸ਼ੀ ਜੀ ਦਾ ਮਜ਼ਾਕ ਉਡਾ ਕੇ ਆਪਣੀ ਕੁਲ ਦਾ ਨਾਸ਼ ਕਰਵਾ ਲਿਆ ਸੀ। ਉਨ੍ਹਾਂ ਨੇ ਸ਼ਰਾਬ ਦੇ ਨਸ਼ੇ ਵਿਚ ਆ ਕੇ ਇਕ ਲੜਕੇ ਦੇ ਢਿੱਡ ਉਤੇ ਲੋਹੇ ਵਸਲ (ਤਸਲਾ) ਜਿਹਾ ਬੰਨ੍ਹ ਦਿਤਾ ਤੇ ਲੜਕੀਆਂ ਵਾਲੇ ਕੱਪੜੇ ਪੁਆ ਦਿਤੇ। ਜਿੰਨੇ ਵੀ ਸਾਧੂ ਮਹਾਤਮਾ ਆਪਣੇ-ਆਪਣੇ ਆਸਣ 'ਤੇ ਬੈਠੇ ਸਨ, ਸਭ ਨੂੰ ਪੁੱਛੀ ਜਾਂਦੇ ਹਨ ਬਾਬਾ ਜੀ, ਦੱਸੋ! ਇਸ ਲੜਕੀ ਦੇ ਪੇਟ ਵਿਚੋਂ ਲੜਕੀ ਪੈਦਾ ਹੋਵੇਗੀ ਜਾਂ ਲੜਕਾ? ਹੋਰ ਸਾਰੇ ਮਹਾਤਮਾ ਤਾਂ ਚੁੱਪ ਰਹੇ ਪਰ ਜਦੋਂ ਦੁਰਬਾਸ਼ਾ ਰਿਸ਼ੀ ਜੀ ਕੋਲ ਗਏ, ਉਸ ਨੂੰ ਵੀ ਇਹੋ ਸਵਾਲ ਕੀਤਾ। ਉਹ ਇਨ੍ਹਾਂ ਦੀ ਗੁਸਤਾਖੀ ਦੇਖ ਕੇ ਕ੍ਰੋਧ ਵਿਚ ਆ ਗਏ। ਕਹਿਣ ਲੱਗੇ, ਇਹਦੇ ਵਿਚੋਂ ਉਹ ਪੈਦਾ ਹੋਵੇਗਾ ਜੋ ਤੁਹਾਡੀ ਕੁਲ ਦਾ ਨਾਸ਼ ਕਰੇਗਾ। ਸਾਰੇ ਕ੍ਰਿਸ਼ਨ ਜੀ ਪਾਸ ਗਏ। ਉਨ੍ਹਾਂ ਨੇ ਕਿਹਾ ਕਿ ਇਸ ਲੋਹੇ ਨੂੰ ਰਗੜ-ਰਗੜ ਕੇ, ਬਰੀਕ ਕਰਕੇ ਜਮਨਾ ਵਿਚ ਰੋੜ੍ਹ ਦਿਓ ਪਰ ਇਕ ਤੀਰ ਦੀ ਮੁਖੀ ਵਰਗਾ ਟੁਕੜਾ ਸਾਬਤ ਗਿਰ ਗਿਆ ਜਿਸ ਨੂੰ ਇਕ ਮੱਛੀ ਨੇ ਨਿਗਲ ਲਿਆ। ਦੇਵਨੇਤ ਨਾਲ ਉਹ ਮੱਛੀ ਬੱਧਕ ਦੇ ਹੱਥ ਆ ਗਈ। ਉਸ ਨੇ ਉਹ ਮੁਖੀ, ਮੱਛੀ ਦੇ ਪੇਟ ਵਿਚੋਂ ਕੱਢ ਕੇ ਆਪਣੇ ਤੀਰ ਦੀ ਮੁਖੀ ਬਣਾ ਲਈ। ਨਤੀਜਾ ਕੀ ਹੋਇਆ? ਸ੍ਰੀ ਕ੍ਰਿਸ਼ਨ ਜੀ ਦੀ ਔਲਾਦ ਜਾਦਵ ਸਾਰੇ ਆਪਸ ਵਿਚ ਲੜ ਕੇ ਖਤਮ ਹੋ ਗਏ, ਉਸ ਬੱਧਕ ਨੇ ਹਰਨ ਦੇ ਭੁਲੇਖੇ, ਤੀਰ ਮਾਰੇ ਸ੍ਰੀ ਕ੍ਰਿਸ਼ਨ ਜੀ ਦਾ ਬੱਧ ਕਰ ਦਿਤਾ -

*ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥*
*ਅੰਗ - ੬੯੩*

ਦਸ਼ਾ ਦਾ ਪਲਟਾ - ਫੇਰ ਇਹ ਅਨੂਠਾ ਪ੍ਰੰਤੂ ਉਲਟਾ ਕੌਤਕ ਵਰਤਿਆ ਕਿ ਗੁਰਮੁਖ ਪਿਆਰੇ ਸੰਤ ਸਰੂਪ ਭਾਈ ਹੀਰਾ ਸਿੰਘ ਜੀ ਨਾਮ ਜੋਤ ਜਗੰਨੀ ਵੱਲੋਂ ਠਰੰਮੇ ਪੈ ਗਏ। ਐਸੇ ਠਰੇ ਕਿ ਕ੍ਰਿਸ਼ਮਣੀ ਅੰਦਰਲੇ ਘਟ ਅੰਦਰਲੇ ਚਮਤਕਾਰ ਸਾਰੇ ਹੀ ਮੱਧਮ ਪੈ ਗਏ। ਉਹ ਦੁਹਾਈਆਂ ਦੇਣ ਅਤੇ ਸੰਗਤਾਂ ਦੇ ਜੋੜਿਆਂ ਵਿਚ ਲਿਟਦੇ ਫਿਰਨ। ਇਹੋ ਪੁਕਾਰਨ ਕਿ ਅਗੰਮੀ ਠੰਢ ਅਤੇ ਘਟ ਅੰਤਰ ਜੋਤ ਪ੍ਰਚੰਡ ਦੀ ਕਲਾ ਵੱਲੋਂ ਉਹ ਉੱਕੇ ਸੱਖਣੇ ਹੋ ਗਏ ਹਨ। ਬਥੇਰੇ ਵਾਹ ਤਰਲੇ ਲਏ, ਅਨੇਕਾਂ ਉਦਮ ਕੀਤੇ ਪਰ ਉਹ ਤਾੜੇ ਉਨ੍ਹਾਂ ਦੀ ਆਤਮ ਬਿਰਤੀ ਨਾ ਆਈ ਜਿਥੇ ਕਿ ਉਹ ਅਕਸਰ ਹਮੇਸ਼ਾ ਹੀ ਖੇਲ੍ਹਿਆ ਕਰਦੇ ਸਨ। ਸਾਰੀ-ਸਾਰੀ ਰਾਤ ਉਦਿਆਨ ਵਿਚ ਜਾਗ ਕੇ, ਖੂਹਾਂ ਦੀਆਂ ਮਣਾਂ ਤੇ ਇਕ ਟੰਗ ਖੜ੍ਹੇ ਹੋ ਕੇ, ਅਭਿਆਸ ਕੀਤੇ। ਬਥੇਰੇ ਅਜਪਾ-ਜਾਪ ਸਾਧੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖੜ੍ਹੇ ਹੋ ਕੇ ਅਨੇਕਾਂ ਹੀ ਅਠੋਤ੍ਰੀਆਂ ਪੱਕੀਆਂ ਮਾਲਾਂ ਫੇਰੀਆਂ ਪਰ ਕੁਛ ਨਾ ਬਣਿਆ, ਤਰਲੋ ਮੱਛੀ ਲੱਗੀ ਰਹੀ, ਵਿਆਕੁਲਤਾ ਨਾ ਹੀ ਦੂਰ ਹੋਈ। ਕੀਰਤਨ ਮੰਡਲਾਂ ਵਿਚ ਆਉਣ ਪਰ ਪਾਗਲਾਂ ਵਾਂਗ ਬਾਹਰ ਖੜ੍ਹੇ ਰਹਿਣ। ਆਪ ਮੁਹਾਰੇ ਸਾਰੀਆਂ ਸੰਗਤਾਂ ਦੇ ਜੋੜੇ ਝਾੜ-ਝਾੜ ਕੇ ਮੁਖ ਤੇ ਮਲਣਪ ਪ੍ਰੰਤੂ ਜਿਉਂ-ਜਿਉਂ ਜਤਨ ਤੇ ਤਰਲੇ ਕਰਨ ਤਿਉਂ-ਤਿਉਂ ਉਨ੍ਹਾਂ ਦੀ ਤੜਫਨੀ ਵਧਦੀ ਹੀ ਜਾਏ। ਸ੍ਰੀ ਭਾਈ ਹੀਰਾ ਸਿੰਘ ਜੀ ਦੀ ਇਹ ਦਸ਼ਾ ਦੇਖ ਕੇ ਸਫਾਰਸ਼ੀਆਂ ਨੇ ਕਈ ਵਾਰ ਸਿਫਾਰਸ਼ਾਂ ਪਾਈਆਂ ਅਤੇ ਕੀਰਤਨ ਰੰਗਾਂ ਵਿਚ ਬੇਪ੍ਰਵਾਹ ਨਾਮ-ਰਤੜੇ ਸੰਗਤ ਵਿਚ ਜੁੜੇ ਗੁਰਮੁਖ ਜਨਾਂ ਨੇ ਇਨ੍ਹਾਂ ਸਿਫਾਰਸ਼ਾਂ ਦੀ ਪ੍ਰਵਾਹ ਹੀ ਨਾ ਕਰਨੀ। ਜਥੇ ਦੇ ਗੂੜ੍ਹ ਮਰਜ਼ ਪਛਾਣੂ ਪਾਰਖੂ ਜਨ ਅੰਤਰ-ਆਤਮੇ ਸਭ ਕੁਝ ਸਮਝਦੇ ਬੁਝਦੇ ਸਨ ਅਤੇ ਇਹ ਵੀ ਜਾਣਦੇ ਸਨ ਕਿ ਅਜੇ ਭਾਈ ਹੀਰਾ ਸਿੰਘ ਜੀ ਦੇ ਬਖਸ਼ੇ ਜਾਣ ਦਾ ਸਮਾਂ ਨਹੀਂ ਆਇਆ। ਓੜਕ ਭਾਣੇ ਅੰਦਰ ਜਦੋਂ ਸਮਾਂ ਆਇਆ, ਤਾਂ ਅੰਮ੍ਰਿਤ ਸੰਚਾਰ ਮੰਡਲ ਅੰਦਰ ਪੰਜਾਂ ਪਿਆਰਿਆਂ ਨੇ ਆਪ ਹੀ ਭਾਈ ਹੀਰਾ ਸਿੰਘ ਜੀ ਨੂੰ ਸੱਦ ਬੁਲਾਇਆ। ਦਾਸ ਲਿਖਾਰੀ (ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ) ਓਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆਂ ਬੈਠਾ ਸੀ ਜਦੋਂ ਭਾਈ ਹੀਰਾ ਸਿੰਘ ਜੀ ਪੰਜ ਪਿਆਰਿਆਂ ਦੇ ਪੇਸ਼ ਹੋਏ। ਭਾਈ ਹੀਰਾ ਸਿੰਘ ਜੀ ਨੂੰ ਅਸਲ ਹਕੀਕਤ ਵਰਨਣ ਕਰਨ ਲਈ ਪੁੱਛਿਆ ਗਿਆ, ਉਹ ਰੋ-ਰੋ ਕੇ ਵਰਨਣ ਕਰਨ ਲੱਗੇ

ਕਿ ਪਤਾ ਨਹੀਂ ਪਹਿਲੀ ਜੋਤਿ ਵਿਗਾਸੀ ਕਲਾ ਕਿਉਂ ਖੜ੍ਹ ਗਈ ਹੈ। ਆਤਮ ਵਿਗਾਸਮਈ ਸੁਰਤੀ-ਬਿਰਤੀ ਕਿਉਂ ਸੱਖਣੀ ਹੋ ਗਈ ਹੈ। ਜ਼ਾਹਿਰਾ ਤਾਂ ਮੈਥੋਂ ਕੋਈ ਐਸੀ ਅਵੱਗਿਆ ਹੋ ਗਈ ਨਹੀਂ ਜਾਪਦੀ, ਸੁਪਨ-ਸਾਰਖੀ ਵੀ ਪਤਿਤ-ਕਰਮੀ ਦੁਫੇੜਤਾ ਨਹੀਂ ਵਿਆਪੀ ਅਤੇ ਪਤਾ ਨਹੀਂ ਕੀ ਪੁੱਠੀ ਭੌਣੀ ਵਗ ਗਈ ਹੈ ਕਿ ਦਸ਼ਾ ਪਹਿਲੇ ਟਿਕਾਣੇ ਆਉਂਦੀ ਹੀ ਨਹੀਂ। ਲੱਖਾਂ-ਕਰੋੜਾਂ ਸੰਜਮ ਉਪਾਉ ਕੀਤੇ, ਅਨੇਕ ਵੇਰਾਂ ਸੰਗਤਾਂ ਦੀਆਂ ਧੂੜੀਆਂ ਵਿਚ ਲਿਟੇ, ਪਰ ਇਹ ਪਤਾ ਨਹੀਂ ਲੱਗਾ ਕਿ ਕੀ ਐਸੀ ਅਵੱਗਿਆ ਹੋ ਗਈ ਹੈ ਜਿਸ ਕਾਰਨ ਇਹ ਬੇਮੁਖਤਾ ਵਿਆਪੀ ਹੈ। ਸੁਤੇ-ਸੁਭਾਵ ਹੀ ਪੰਜਾਂ ਪਿਆਰਿਆਂ ਦੇ ਇਸ਼ਾਰੇ ਅਨੁਸਾਰ, ਦਾਸ ਵਲੋਂ ਭਾਈ ਹੀਰਾ ਸਿੰਘ ਜੀ ਨੂੰ ਇਹ ਯਾਦ ਦਿਲਵਾਇਆ ਗਿਆ, ਯਾਦ ਕਰੋ, 361 ਚੱਕ ਦੇ ਆਤਮ ਵਿਗਾਸੀ ਕ੍ਰਿਸ਼ਮਿਆਂ ਨੂੰ। ਕੀ ਉਹ ਕ੍ਰਿਸ਼ਮੇ ਸਤਿਗੁਰੂ ਦੀ ਨਿਜ ਨਦਰ ਮੇਹਰ ਦਵਾਰਾ ਹੀ ਕ੍ਰਿਸ਼ਮਤ ਹੋਏ ਸਨ ਜਾਂ ਤੁਸੀਂ ਆਪਣੇ ਆਪ ਹੀ ਇਨ੍ਹਾਂ ਕ੍ਰਿਸ਼ਮ ਕਲਾ ਦਾ ਮੂਲ ਕਾਰਨ ਸਮਝਦੇ ਹੋ? ਕੀ ਇਹ ਸੂਖਸ਼ਮ ਹੰਕਾਰ ਤਾਂ ਤੁਹਾਨੂੰ ਨਹੀਂ ਹੋ ਗਿਆ ਕਿ ਇਹ ਕ੍ਰਿਸ਼ਮ ਕਲਾ ਆਪਣੀ ਤਾਕਤ ਨਾਲ ਵਰਤਾਈ ਸੀ? ਇਹ ਪ੍ਰਸ਼ਨ ਸੁਣ ਕੇ ਉਹ ਠਠੰਬਰ ਗਏ, ਸਿਰ ਤੋਂ ਲੈ ਕੇ ਪੈਰ ਤਕ ਉਨ੍ਹਾਂ ਦਾ ਸਰੀਰ ਕੰਬਣ ਲਗ ਪਿਆ। ਪੈਂਦੀ ਸੱਟ ਨਾਲ ਹੀ ਦੂਜਾ ਪ੍ਰਸ਼ਨ ਭਾਈ ਹੀਰਾ ਸਿੰਘ ਜੀ ਤੋਂ ਪੁਛਿਆ ਗਿਆ ਕਿ ਤੁਸੀਂ ਖੁਦ ਹੀ ਇਕੱਲੇ ਨਾਮ ਤਾਂ ਨਹੀਂ ਦੇਣ ਲੱਗ ਪਏ? ਇਹ ਸੁਣ ਕੇ ਉਨ੍ਹਾਂ ਨੂੰ ਸੁਰਤ ਆਈ ਅਤੇ ਸੁਰਤ ਵਿਚ ਆ ਕੇ ਬਿਲਲਾ ਉਠੇ, ਕਿ ਹਾਂ ਇਹ ਅਵੱਗਿਆ ਮੈਥੋਂ ਜ਼ਰੂਰ ਹੁੰਦੀ ਰਹੀ ਹੈ। ਕੁਝ ਦਿਨ ਤਾਂ ਇਹ ਕਾਰ ਚਲੀ ਤਾਂ ਖੂਬ ਚੱਲੀ, ਪਰ ਇਕ ਦਮ ਖਲੋ ਗਈ। ਪੰਜਾਂ ਪਿਆਰਿਆਂ ਨੇ ਉਥੇ ਹੀ ਭਾਈ ਹੀਰਾ ਸਿੰਘ ਜੀ ਨੂੰ ਥੰਮ ਲਿਆ ਅਤੇ ਪਕੜ ਕੇ ਖੂਬ ਹਲੂਣਿਆ ਕਿ ਭਾਰੀ ਤੁਸੀਂ ਅਵੱਗਿਆ ਕੀਤੀ ਹੈ। ਜੋ ਅਧਿਕਾਰ ਨੂੰ ਵਰਤਣ ਲਗ ਪਏ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਤੁਸੀਂ ਥੋਥੇ ਰਹਿ ਗਏ ਉਤੇ ਨਾਮ ਵੱਲੋਂ ਵੀ ਥੋਥੇ ਪੈ ਗਏ। ਭਾਈ ਹੀਰਾ ਸਿੰਘ ਜੀ ਇਹ ਸੁਣ ਕੇ ਡਡਿਆ ਉਠੇ ਕਿ ਮੈਨੂੰ ਬਖਸ਼ ਲਵੋ, ਬਖਸ਼ ਲਵੋ। ਪੰਜਾਂ ਪਿਆਰਿਆਂ ਨੇ ਭਾਈ ਹੀਰਾ ਸਿੰਘ ਨੂੰ ਤਕੜਾ ਡੰਡ ਲਾਇਆ ਅਤੇ ਗੁਰੂ ਪਾਸੋਂ ਬੇਨਤੀਆਂ ਦੁਆਰਾ ਬਖਸ਼ਵਾਇਆ। ਸਤਿਗੁਰ ਦੀਆਂ ਫਿਰ ਮਿਹਰਾਂ ਹੋਈਆਂ। ਉਹ ਤੋਰੇ ਤੁਰ ਪਏ। ਉਹ ਆਤਮ ਹੁਲਾਰੇ ਮੁੜ ਆਉਣ ਲਗ ਪਏ। ਓਸੇ ਰੰਗ ਚਲੂਲੀ ਸੁਰਤੀ ਵਿਚ ਸਰਸ਼ਾਰ ਹੋ ਕੇ ਸ੍ਰੀ ਭਾਈ ਹੀਰਾ ਸਿੰਘ ਜੀ ਉਜਲ ਮੁਖ ਲੈ ਕੇ ਵਿਚਰਨ ਲੱਗੇ। ਕੁਝ ਕੁ ਨਿਮਰੀ-ਭੂਤ ਚੜ੍ਹਦੀ ਕਲਾ ਮੁੜ ਕੇ ਫਿਰ ਵਰਤ ਗਈ ਅਤੇ ਗੁਰੂ ਕੇ ਲਾਲ, ਹੀਰੇ, ਸ੍ਰੀ ਭਾਈ ਹੀਰਾ ਸਿੰਘ ਜੀ ਫਿਰ ਨਿਹਾਲ ਹੋ ਗਏ।

ਓੜਕ ਸਾਡੀ ਜੇਲ੍ਹ-ਯਾਤਰਾ ਦੇ ਦਿਨ ਆ ਗਏ, ਸ੍ਰੀ ਭਾਈ ਹੀਰਾ ਸਿੰਘ ਜੀ ਮੁਹਰਲੇ ਮੋਰਚੇ ਵਿਚ ਜਥੇ ਨਾਲ ਜਾਣ ਵਾਸਤੇ ਤਤਪਰ ਸਨ ਪਰ ਭਾਣੇ ਅਨੁਸਾਰ ਵਰਜੇ ਵਰਾਇ ਰਹਿ ਗਏ। ਜੇਲ੍ਹ ਯਾਤਰਾ ਤੋਂ ਵਾਪਿਸ ਆਉਂਦਿਆ ਨੂੰ ਅੰਦਰੋਂ ਆਏ ਜਥੇ ਨੂੰ ਮਿਲਣ ਦੀਆਂ ਤਿਆਰੀਆਂ ਕਰਨ ਹੀ ਲੱਗੇ ਸਨ ਕਿ ਇਕ ਦਮ ਕਾਲ ਨਗਾਰਾ ਉਨ੍ਹਾਂ ਦੇ ਸਿਰ ਤੇ ਵੱਜਿਆ। ਆਨਨ ਫਾਨਨ ਹੀ ਅਕਾਲ ਚਲਾਣਾ ਕਰ ਗਏ ਸਾਨੂੰ ਧੁਰ ਦਰਗਾਹੀ ਮੇਲੇ ਹੋਣਗੇ। ਸ੍ਰੀ ਭਾਈ ਸੰਤ ਹੀਰਾ ਸਿੰਘ ਜੀ ਦੀ ਇਕੱਲਿਆਂ ਹੀ ਪ੍ਰੇਮ ਗਾਥਾ ਵਿਸਥਾਰ ਨਾਲ ਲਿਖੀ ਜਾਵੇ ਤਾਂ ਤਕੜੀ ਪੁਸਤਕ ਬਣ ਜਾਂਦੀ ਹੈ, ਤਾਂ ਤੇ ਟੂਕ ਮਾਤ੍ਰ ਇਹੋ ਲਿਖ ਕੇ ਸੰਖੇਪ ਕੀਤਾ ਜਾਂਦਾ ਹੈ।

ਫਲੇਵਾਲ ਦੀ ਵਿਦਿਆਰਥੀ ਨੂੰ ਅੰਮ੍ਰਿਤ ਛਕਾਉਣ ਦੀ ਅਤੇ ਬੰਬਈ ਤੋਂ ਮਿਲਣ ਆਏ ਇਕ ਸਿੰਘ ਦੀ ਘਟਨਾ ਬਾਰੇ ਪਿਆਰੇ ਮਹਾਂਪੁਰਸ਼ਾਂ(ਸੰਤ ਵਰਿਆਮ ਸਿੰਘ ਜੀ) ਨੇ ਆਪਣੀ ਕਲਮ ਦੁਆਰਾ ਇਸ ਪ੍ਰਕਾਰ ਕਥਨ ਕੀਤਾ ਹੈ।

''ਲੁਧਿਆਣਾ ਖਾਲਸਾ ਸਕੂਲ ਦੇ ਬੱਚਿਆਂ ਨੂੰ ਦਸਵੀਂ ਜਮਾਤ ਤੋਂ ਪਹਿਲਾਂ ਅੰਮ੍ਰਿਤ ਛਕਾਇਆ ਜਾਂਦਾ ਸੀ। ਸੋ ਅੰਮ੍ਰਿਤ ਸਮਾਗਮ ਜੁੜਿਆ ਜਿਸ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਚਾਰ ਸਿੰਘਾਂ ਸਹਿਤ ਸ਼ਾਮਿਲ ਹੋਏ। ਪੂਰਨ ਕਸਵੱਟੀ ਤੇ ਉਤਰਨ ਵਾਲੇ ਪੰਜਵੇਂ ਸਿੰਘ ਦੀ ਅਜੇ ਉਡੀਕ ਕੀਤੀ ਜਾ ਰਹੀ ਸੀ। ਚਾਰੇ ਸਿੰਘ ਤਿਆਰ-ਬਰ-ਤਿਆਰ ਹੋ ਕੇ ਪੰਜਵੇਂ ਸਿੰਘ ਦਾ ਇੰਤਜ਼ਾਰ ਕਰ ਰਹੇ ਸਨ ਤਾਂ ਅਚਾਨਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਹੁਕਮ ਕੀਤਾ ਕਿ ਅਰਦਾਸ ਕੀਤੀ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸ਼ਕਾਰ ਕਰਨ ਤੋਂ ਬਾਦ ਜਦੋਂ ਪਿਛੇ ਮੁੜ ਕੇ ਦੇਖਿਆ ਤਾਂ ਸੰਤ ਭਾਈ ਹੀਰਾ ਸਿੰਘ ਜੀ ਕੇਸੀਂ ਇਸ਼ਨਾਨ ਕਰਕੇ ਅਚਾਨਕ ਹੀ ਕਿਸੇ ਅਗੰਮੀ ਖੇਲ੍ਹ ਕਰਕੇ ਪੰਜ ਪਿਆਰਿਆਂ ਵਿਚ ਸ਼ਾਮਿਲ ਦੇਖੇ। ਪੁੱਛਣ ਤੇ ਆਪ ਜੀ ਨੇ ਦੱਸਿਆ ਕਿ ਆਪ ਜੀ ਸਾਰੀ ਖੇਡ ਨੂੰ ਜਾਣਦੇ ਹੀ ਹੋ। ਬਾਕੀ ਦੀ ਸਾਰੀ ਅਗੰਮੀ ਖੇਡ ਗੁਪਤ ਰੱਖ ਲਈ ਗਈ। ਅੰਮ੍ਰਿਤ ਦਾ ਬਾਟਾ ਭਾਗਸ਼ਾਲੀਆਂ ਲਈ ਤਿਆਰ ਹੋਇਆ। ਜਦੋਂ

ਅੰਮ੍ਰਿਤ ਛਕਾ ਰਹੇ ਸਨ ਤਾਂ ਇਕ ਐਸੀ ਕਲਾ ਵਰਤੀ, ਸੰਤ ਭਾਈ ਹੀਰਾ ਸਿੰਘ ਜੀ ਫਲੇਵਾਲ ਦੇ ਇਕ ਵਿਦਿਆਰਥੀ ਨੂੰ ਅੰਮ੍ਰਿਤ ਛਕਾ ਰਹੇ ਸਨ। ਪੰਜ ਪਵਿੱਤਰ ਚੂਲੇ ਸੀਸ ਵਿਚ ਪਾਏ, ਪੰਜ ਛਕਾਏ, ਜਦੋਂ ਪੰਜਵਾਂ ਚੂਲਾ ਨੇਤਰਾਂ ਵਿਚ ਛੱਟਾ ਦੇ ਕੇ ਪਾਇਆ ਜਾ ਰਿਹਾ ਸੀ ਤਾਂ ਜਦੋਂ ਬੋਲਿਆ ਗਿਆ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।' ਉਸ ਸਮੇਂ ਬੱਚੇ ਦੀ ਸਮਾਧੀ ਲਗ ਗਈ। ਉਹ ਨਾ ਬੁਲਾਇਆਂ ਬੋਲੇ ਨਾ ਹਿਲਾਇਆਂ ਹਿਲੇ। ਉਸ ਦੀ ਬਿਰਤੀ ਸੰਸਾਰਕ ਮੰਡਲ ਵਿਚੋਂ ਉਚੀ ਉਠ ਕੇ ਆਤਮਿਕ ਮੰਡਲ ਵਿਚ ਪ੍ਰਵੇਸ਼ ਕਰ ਗਈ। ਉਸ ਵੇਲੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਪੁੱਛਿਆ ਕਿ ਇਹ ਕੀ ਕਲਾ ਵਰਤੀ ਤਾਂ ਸੰਤ ਹੀਰਾ ਸਿੰਘ ਜੀ ਕਹਿਣ ਲੱਗੇ ਕਿ ਸਾਥੋਂ ਜਲਾਲ ਵਿਚ ਆ ਕੇ ਅੰਮ੍ਰਿਤ ਜਲ ਦਾ ਛਿੱਟਾ ਮਾਰਿਆ ਗਿਆ। ਇਸ ਬੱਚੇ ਤੋਂ ਅੰਮ੍ਰਿਤ ਐਨਰਜੀ ਦੀ ਕਰੰਟ ਦਾ ਮਿੱਠਾ ਝਟਕਾ ਸਹਿਨ ਨਾ ਹੋ ਸਕਿਆ ਅਤੇ ਇਸ ਦੀ ਬਿਰਤੀ ਉਚਿਆਂ ਮੰਡਲਾਂ ਵਿਚ ਪ੍ਰਵੇਸ਼ ਕਰ ਗਈ ਹੈ। ਹੋਰ ਪੁੱਛਣ ਤੇ ਆਪ ਨੇ ਦਸਿਆ ਕਿ 56 ਘੰਟੇ ਪਿਛੋਂ ਇਸ ਦੀ ਬਿਰਤੀ ਦੁਨਿਆਵੀ ਮੰਡਲ ਵਿਚ ਪ੍ਰਵੇਸ਼ ਕਰੇਗੀ। ਉਸ ਬੱਚੇ ਨੂੰ ਚੁੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨੇੜੇ ਇਕ ਪਾਸੇ ਬਿਠਾ ਦਿਤਾ। ਦੂਜਿਆਂ ਬੱਚਿਆਂ ਨੂੰ ਸਹਿਜ ਵਿਚ ਰਹਿ ਕੇ ਅੰਮ੍ਰਿਤ ਛਕਾਇਆ ਗਿਆ। ਉਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਖੰਡ ਪਾਠ ਸ਼ੁਰੂ ਕੀਤਾ ਗਿਆ। ਭੋਗ ਉਪਰੰਤ ਕੀਰਤਨ ਦੀਆਂ ਗੁਜ਼ਾਰਾਂ ਪੈ ਰਹੀਆਂ ਸਨ। ਸਾਰੇ ਬਾਣੀ ਦਾ ਰੂਪ ਹੋ ਕੇ ਸੰਸਾਰ ਤੋਂ ਅਭੁੱਲ ਹੋ ਕੇ ਨਾਮ ਰਸ ਵਿਚ ਮਖਮੂਰ ਸਨ। ਅਚਾਨਕ ਹੀ ਉਸ ਬੱਚੇ ਦੀ ਚੁੰਬਕ ਸ਼ਕਤੀ ਧਰਤੀ ਨਾਲੋਂ ਟੁੱਟ ਗਈ ਅਤੇ ਉਹ ਸੰਗਤ ਤੋਂ ਉਚਾ ਉਠ ਗਿਆ। ਸੰਗਤ ਉਤੇ ਪਾਣੀ ਵਿਚ ਮੱਛੀ ਦੇ ਤੈਰਨ ਵਾਂਗੂੰ ਤੈਰਦਾ ਹੋਇਆ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਾਹਮਣੇ ਲੰਮਾ ਪੈ ਗਿਆ। ਉਸ ਵੇਲੇ ਸੰਤ ਹੀਰਾ ਸਿੰਘ ਜੀ ਨੇ ਆ ਕੇ ਕਿਹਾ ਕਿ ਲਾਵਾਂ ਦਾ ਕੀਰਤਨ ਕੀਤਾ ਜਾਵੇ, ਇਸ ਦੀ ਰੂਹ ਪ੍ਰਭੂ ਦੁਆਰੇ ਪੁੱਜੀ ਹੋਈ, ਮਾਇਕ ਮੰਡਲ ਤੋਂ ਅਛੋਹ ਹੋ ਕੇ ਪਰਮ ਪਵਿੱਤਰ ਆਤਮ ਮੰਡਲ ਵਿਚ ਪ੍ਰਵੇਸ਼ ਕੀਤੀ, ਪ੍ਰਭੂ ਦੇ ਦਰ ਤੇ ਸੰਜੋਗ ਮੰਗ ਰਹੀ ਹੈ। ਚਾਰ ਲਾਵਾਂ ਦਾ ਕੀਰਤਨ ਹੋਇਆ, ਦੀਵਾਨ ਦਾ ਭੋਗ ਪੈ ਗਿਆ। ਉਸ ਬੱਚੇ ਦਾ ਧਰਤੀ ਉਤੇ ਪੈਰ ਹੀ ਨਾ ਲੱਗੇ। ਇਹ ਸੀ ਜੀਵਨ ਵਾਲੇ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਕਲਾ ਵਰਤਣ ਦਾ ਦ੍ਰਿਸ਼।''

ਸੰਤ ਭਾਈ ਹੀਰਾ ਸਿੰਘ ਜੀ, ਜਿਨ੍ਹਾਂ ਨੂੰ ਅਸੀਂ ਬਾਪੂ ਜੀ ਕਹਿ ਕੇ ਸੰਬੋਧਨ ਕਰਦੇ ਹਾਂ, ਲੇਖਕ (ਸੰਤ ਵਰਿਆਮ ਸਿੰਘ ਜੀ) ਦੀ ਧਰਮ ਪਤਨੀ ਬੀਬੀ ਉਦਮ ਕੌਰ (ਮਾਤਾ ਰਣਜੀਤ ਕੌਰ) ਦੇ ਪਿਤਾ ਜੀ ਹਨ ਜੋ ਇਨ੍ਹਾਂ ਨੂੰ ਛੋਟੀ ਉਮਰ ਵਿਚ ਹੀ ਸਰੀਰ ਤੌਰ ਤੇ ਵਿਛੋੜਾ ਦੇ ਗਏ ਸਨ। ਬੀਬੀ ਉਦਮ ਕੌਰ ਵਿਚ ਪ੍ਰਤੱਖ ਦਿਸਦਾ 'ਉਦਮ' ਤੇ ਚੜ੍ਹਦੀ ਕਲਾ ਆਪਣੇ ਪਿਤਾ ਜੀ ਤੋਂ ਵਿਰਸੇ ਵਿਚ ਮਿਲੀ ਹੋਣ ਕਰਕੇ ਸਾਰੀਆਂ ਸੰਗਤਾਂ 'ਬੀਜੀ' ਕਹਿ ਕੇ ਪਿਆਰ ਕਰਦੀਆਂ ਹਨ। ਆਪ ਦਸਦੇ ਹਨ ਇਕ ਵਾਰੀ ਜਦੋਂ ਇਨ੍ਹਾਂ ਦੇ ਪਿਤਾ ਜੀ ਲਾਹੌਰ ਵਿਚ ਰਿਹਾ ਕਰਦੇ ਸਨ ਤਾਂ ਇਕ ਦਿਨ ਇਨ੍ਹਾਂ ਨੂੰ ਕਹਿਣ ਲੱਗੇ ਕਿ ਥੋੜ੍ਹੇ ਚਿਰ ਵਿਚ ਇਕ ਪ੍ਰੇਮੀ ਸਿੰਘ ਨੇ ਆਉਣਾ ਹੈ। ਤੁਸੀਂ ਕਿਸੇ ਨੇ ਵੀ ਉਸ ਨੂੰ ਦਰਵਾਜ਼ਾ ਨਹੀਂ ਖੋਲ੍ਹਣਾ। ਅੱਧੇ ਘੰਟੇ ਪਿੱਛੋਂ ਇਕ ਤਿਆਰ ਬਰ ਤਿਆਰ ਸਿੰਘ ਨੇ ਆ ਕੇ ਅਵਾਜ਼ ਦਿਤੀ ਤਾਂ ਇਨ੍ਹਾਂ ਨੇ ਕਿਹਾ ਕਿ ਸਾਨੂੰ ਦਰਵਾਜ਼ਾ ਖੋਲ੍ਹਣ ਦਾ ਹੁਕਮ ਨਹੀਂ ਹੈ। ਉਸ ਨੇ ਕਿਹਾ ਕਿ ਮੈਂ ਬੰਬਈ ਤੋਂ ਹੁਣੇ ਗੱਡੀ ਉਤਰ ਕੇ ਸਿੱਧਾ ਇਨ੍ਹਾਂ ਦੇ ਦਰਸ਼ਨਾਂ ਨੂੰ ਆ ਰਿਹਾ ਹਾਂ। ਤੁਹਾਡੇ ਪਿਤਾ ਨੇ ਕਿਸੇ ਹੋਰ ਨੂੰ ਮਨਾਹੀ ਕੀਤੀ ਹੋਣੀ ਹੈ। ਉਦਮ ਕੌਰ ਨੇ ਦਰਵਾਜ਼ਾ ਖੋਲ੍ਹ ਦਿਤਾ, ਜਦੋਂ ਉਹ ਸਿੰਘ ਪਹਿਲੀ ਮੰਜ਼ਿਲ ਤੇ ਪਿਤਾ ਜੀ ਦੇ ਸਨਮੁਖ ਹੋਇਆ ਤਾਂ ਉਨ੍ਹਾਂ ਨੇ ਉਸ ਉਤੇ ਕਰੜੀ ਡਾਂਟ ਪਾਈ ਤੇ ਕਿਹਾ, ''ਸਿੰਘਾ! ਤੂੰ ਬੰਬਈ ਵਿਚ ਕੀ ਕਰਤੂਤ ਕਰਦਾ ਰਿਹੈਂ, ਤੇਰੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਬਖਸ਼ੇ ਹੋਏ ਚਿੰਨ੍ਹ ਪਹਿਨੇ ਹੋਏ ਸਨ ਅਤੇ ਤੂੰ ਦਸ਼ਮੇਸ਼ ਜੀ ਦਾ ਝੰਡਾ, ਰਹਿਤ ਦੇ ਰੂਪ ਵਿਚ ਚੁੱਕੀਂ ਫਿਰਦਾ ਸੈਂ, ਤੈਨੂੰ ਲੱਜ ਨਾ ਆਈਂ? ਅਜਿਹੀਆਂ ਫਿਟਕਾਰਾਂ ਸੁਣ ਕੇ ਉਹ ਪ੍ਰੇਮੀ ਉਚੀ-ਉਚੀ ਰੋਣ ਲਗ ਪਿਆ ਅਤੇ ਧਰਤੀ ਤੇ ਗਿਰ ਕੇ ਬਖਸ਼ੇ ਜਾਣ ਲਈ ਬਹੁੜੀਆਂ ਪਾਉਣ ਲੱਗਾ ਤਾਂ ਪਿਤਾ ਜੀ ਨੇ ਕਿਹਾ ਕਿ ਜੇ ਮੈਂ ਐਡੀ ਦੂਰੋਂ ਬੈਠਾ ਤੈਨੂੰ ਦੇਖ ਸਕਦਾ ਹਾਂ ਤਾਂ ਕੀ ਦਸ਼ਮੇਸ਼ ਪਿਤਾ ਜੀ ਜਿਨ੍ਹਾਂ ਦਾ ਬਚਨ ਹੈ ਕਿ ਗੁਰਸਿੱਖਾਂ ਦੇ ਅੰਗ-ਸੰਗ ਰਹਿਣਗੇ, ਉਨ੍ਹਾਂ ਨੇ ਤੈਨੂੰ ਕੀ ਨਹੀਂ ਦੇਖਿਆ ਹੋਣਾ।

*'ਚਲਦਾ..........।'*

# ਮੀਰੀ-ਪੀਰੀ ਦਾ ਆਦਰਸ਼

**ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ (12 ਜੂਨ 2025) ਨੂੰ ਸਮਰਪਿਤ**

*ਡਾ. ਜਗਜੀਤ ਸਿੰਘ*

ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਉਪਰੰਤ ਗੁਰੂ ਮਹਾਰਾਜ ਜੀ ਦੇ ਆਦੇਸ਼ਾਂ ਅਨੁਸਾਰ ਉਨ੍ਹਾਂ ਦੇ ਸਾਹਿਬਜ਼ਾਦੇ (ਗੁਰੂ) ਹਰਿਗੋਬਿੰਦ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ। ਇਸ ਕਾਰਜ ਨੂੰ ਸੁਚੱਜੇ ਢੰਗ ਨਾਲ ਸੰਪੰਨ ਕਰਨ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਪਿਤਾ ਗੁਰੂ ਦੀ ਸ਼ਹਾਦਤ ਨਮਿੱਤ ਦਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਅਤੇ ਕੀਰਤਨ ਹੁੰਦੇ ਰਹੇ। ਗੁਰਿਆਈ ਦੀ ਰਸਮ ਵਾਲੇ ਸ਼ੁਭ ਦਿਨ (ਗੁਰੂ) ਹਰਿਗੋਬਿੰਦ ਜੀ ਨੂੰ ਨਵੇਂ ਬਸਤਰ ਪਹਿਨਾਏ ਗਏ। ਪਹਿਲਾਂ ਚਲੀ ਆ ਰਹੀ ਰੀਤ ਅਨੁਸਾਰ ਸਿਰ ਦੁਆਲੇ ਬੰਨ੍ਹੀ ਜਾਣ ਵਾਲੀ ਸੇਲ੍ਹੀ ਅਤੇ ਦਸਤਾਰ ਗੁਰੂ ਮਹਾਰਾਜ ਨੂੰ ਭੇਂਟ ਕੀਤੀ ਗਈ। ਨੌਜਵਾਨ ਗੁਰੂ ਸਾਹਿਬ ਨੇ ਬਦਲੇ ਹੋਏ ਸਮੇਂ ਨੂੰ ਅਤੇ ਆਉਣ ਵਾਲੇ ਬਿਖੜੇ ਹਾਲਾਤ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ। ਉਨ੍ਹਾਂ ਨੇ ਅੱਖੀਂ ਵੇਖ ਲਿਆ ਸੀ ਕਿ ਸ਼ਾਂਤੀ ਦੇ ਪੁੰਜ, ਧੀਰਜ ਅਤੇ ਸਹਿਨਸ਼ੀਲਤਾ ਦੀ ਮੂਰਤ, ਸਰਬ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਗੁਰੂ ਪਿਤਾ, ਗੁਰੂ ਅਰਜਨ ਦੇਵ ਜੀ ਨੂੰ ਝੂਠੇ ਛੜਯੰਤਰ ਰਚ ਕੇ ਅਨੇਕ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ ਸੀ।

ਗੁਰੂ ਅਰਜਨ ਦੇਵ ਜੀ ਨੂੰ ਐਸੇ ਭਿਆਨਕ ਸਮੇਂ ਦਾ ਪਹਿਲਾਂ ਤੋਂ ਹੀ ਗਿਆਨ ਸੀ, ਤਾਂ ਹੀ ਉਨ੍ਹਾਂ ਨੇ ਆਪਣੇ ਫਰਜ਼ੰਦ (ਗੁਰੂ) ਹਰਿਗੋਬਿੰਦ ਜੀ ਨੂੰ ਬਚਪਨ ਤੋਂ ਹੀ ਘੋੜ ਸਵਾਰੀ, ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ, ਤਲਵਾਰ ਆਦਿ ਸ਼ਸਤਰਾਂ ਦੀ ਸਿਖਿਆ ਵਿਚ ਨਿਪੁੰਨ ਕੀਤਾ ਸੀ। (ਗੁਰੂ) ਹਰਿਗੋਬਿੰਦ ਜੀ ਨੂੰ ਇਹ ਵੀ ਅਨੁਭਵ ਸੀ ਕਿ ਸੀਮਤ ਦ੍ਰਿਸ਼ਟੀ ਵਾਲੇ ਤੁਅੱਸਬੀ ਹਾਕਮ ਗੁਰੂ-ਘਰ ਦੇ ਦੋਖੀ ਹੋ ਚੁੱਕੇ ਸਨ ਅਤੇ ਹਰ ਤਰ੍ਹਾਂ ਦੇ ਅਪਰਾਧ ਕਰਨ ਲਈ ਤੁਲੇ ਹੋਏ ਸਨ। ਆਪ ਜੀ ਨੇ ਗੁਰੂ-ਘਰ ਦੇ ਵੈਰੀਆਂ ਤੇ ਦੋਖੀਆਂ ਦੀ ਨਿਸ਼ਾਨਦੇਹੀ ਵੀ ਕਰ ਰੱਖੀ ਸੀ। ਇਸ ਲਈ ਆਪ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਆਗਿਆ ਕੀਤੀ ਕਿ ਸੇਲ੍ਹੀ ਨੂੰ ਖਜ਼ਾਨੇ ਵਿਚ ਸੰਭਾਲ ਕੇ ਰੱਖ ਦਿਤਾ ਜਾਵੇ। ਬਾਬਾ ਬੁੱਢਾ ਜੀ ਨੂੰ ਮੁਖਾਤਬ ਹੋ ਕੇ ਕਿਹਾ ਕਿ ਆਪ ਜੀ ਦੀ ਭਵਿੱਖ ਬਾਣੀ ਨੂੰ ਪੂਰਾ ਕਰਨ ਦਾ ਸਮਾਂ ਆ ਗਿਆ ਹੈ। ਹੁਣ ਕ੍ਰਿਪਾਨ ਦਾ ਗਾਤਰਾ ਮੇਰੀ ਸੇਲ੍ਹੀ ਟੋਪੀ ਹੋਵੇਗੀ ਅਤੇ ਦਸਤਾਰ ਨੂੰ ਸ਼ਾਹੀ ਕਲਗੀ ਨਾਲ ਸਜਾਇਆ ਜਾਵੇਗਾ। ਉਨ੍ਹਾਂ ਨੇ ਆਪਣੇ ਸ਼ਸਤਰ ਮੰਗਵਾਏ ਅਤੇ ਸੂਰਬੀਰਤਾ ਵਾਲੇ ਢੰਗ ਨਾਲ ਆਪਣੇ ਸਰੀਰ ਤੇ ਸਜਾਏ। ਰਿਸ਼ਟ ਪੁਸ਼ਟ ਸਰੀਰ ਉਪਰ ਉਨ੍ਹਾਂ ਦਾ ਸ਼ਸਤਰੀ ਠਾਠ-ਬਾਠ ਸੂਰਜ ਵਾਂਗ ਚਮਕ ਉਠਿਆ। ਬਾਬਾ ਬੁੱਢਾ ਜੀ ਨੇ ਆਗਿਆ ਅਨੁਸਾਰ ਦੋ ਵਿਸ਼ੇਸ਼ ਤਲਵਾਰਾਂ ਮੀਰੀ ਅਤੇ ਪੀਰੀ ਦੇ ਚਿੰਨ੍ਹ ਵਜੋਂ ਸਜਾਈਆਂ। ਜੋ ਇਕੱਤਰ ਹੋਏ ਭਾਰੀ ਇਕੱਠ ਲਈ ਬੜਾ ਹੈਰਾਨੀ ਜਨਕ ਕੌਤਕ ਸੀ। ਕੁਝ ਭ੍ਰਿਸ਼ਟ ਹੋਏ ਮਸੰਦ ਆਪਣੇ ਪਾਪਾਂ ਕਾਰਨ ਪਰੇਸ਼ਾਨ ਸਨ। ਉਨ੍ਹਾਂ ਨੇ ਮਾਤਾ ਜੀ ਪਾਸ ਸ਼ਿਕਾਇਤ ਵੀ ਕੀਤੀ ਕਿ ਮੁਗਲਾਂ ਦੇ ਰਾਜ ਵਿਚ ਐਸਾ ਕਰਨਾ ਉਚਿਤ ਨਹੀਂ ਹੋਵੇਗਾ, ਇਹ ਤਾਂ ਖਤਰਾ ਮੁੱਲ ਲੈਣ ਵਾਲੀ ਗੱਲ ਹੈ। ਪਰ ਮਾਤਾ ਜੀ ਸਭ ਕੁਝ ਜਾਣਦੇ ਸਨ। ਗੁਰੂ-ਮਾਤਾ ਨੇ ਤਸੱਲੀ ਦਿਤੀ ਕਿ ਚਿੰਤਾ ਨਾ ਕਰੋ। ਗੁਰੂ ਹਰਿਗੋਬਿੰਦ ਜੀ ਨੂੰ ਜੋ ਵਰ ਪ੍ਰਾਪਤ ਹੈ ਕਿ ਇਹ ਮੀਰੀ ਪੀਰੀ ਦੇ ਮਾਲਕ ਹੋਣਗੇ, ਇਹ ਸੰਸਾਰਕ ਅਤੇ ਅਧਿਆਤਮਕ ਸ਼ਾਸਕ ਹੋਣਗੇ, ਭਗਤੀ ਦੇ ਨਾਲ ਸ਼ਕਤੀ ਦੇ ਵੀ ਧਾਰਨੀ ਹੋਣਗੇ, ਹੁਣ ਇਹ ਵਰ ਪੂਰੇ ਹੋਣ ਦਾ ਸਮਾਂ ਆ ਗਿਆ ਹੈ।

ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਗੁਰੂ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਫੁਰਮਾਇਆ - ਅੱਜ ਤੋਂ ਗੁਰੂ ਘਰ ਵਿਚ ਭਗਤੀ ਤੇ ਸ਼ਕਤੀ ਨਾਲ ਨਾਲ ਨਿਭਣਗੀਆਂ, ਧਰਮ ਤੇ ਰਾਜਨੀਤੀ ਦੀ ਸਦਾ ਸਾਂਝ ਰਹੇਗੀ, ਦੇਗ ਤੇਗ ਫਤਹਿ ਹੋਵੇਗੀ, ਦੇਗ ਗਰੀਬਾਂ ਲਈ, ਲੋੜਵੰਦਾਂ ਦਾ ਸਹਾਰਾ ਬਣੇਗੀ, ਸਿੱਖਾਂ ਵਿਚ ਖੁਸ਼ਹਾਲੀ ਦਾ ਚਿੰਨ੍ਹ ਹੋਵੇਗੀ ਅਤੇ ਤੇਗ ਅਤਿਆਚਾਰ, ਬੇਇਨਸਾਫੀ ਅਨਿਆ, ਜ਼ੁਲਮ ਦਾ ਨਾਸ਼ ਕਰਨ ਲਈ ਵਰਤੀ ਜਾਵੇਗੀ। ਗੁਰੂ ਘਰ ਨਾਲ ਜੁੜੇ ਗੁਰੂ ਦੇ ਸਿੱਖ, ਨਾਮ ਅਭਿਆਸੀ, ਸੰਤ ਸਰੂਪ ਗੁਰਮੁਖਿ ਸੰਤਗੀਰੀ ਦੇ ਨਾਲ-ਨਾਲ ਸਿਪਾਹੀਗੀਰੀ ਵੀ ਕਰਨਗੇ। ਇਹ ਸੰਤ-ਸਿਪਾਹੀ ਹੋ ਕੇ ਸੰਸਾਰ ਵਿਚ ਵਿਚਰਨਗੇ।

ਆਪ ਜੀ ਨੇ ਐਲਾਨ ਕੀਤਾ ਕਿ ਅੱਗੋਂ ਲਈ ਗੁਰੂ ਦੀ ਖੁਸ਼ੀ ਹਾਸਲ ਕਰਨ ਲਈ ਹੋਰ ਦੁਨਿਆਵੀ ਵਸਤੂਆਂ ਦੀ ਥਾਂ ਘੋੜੇ ਤੇ ਸ਼ਸਤਰ ਭੇਟ ਕੀਤੇ ਜਾਣ

ਤੇ ਸਭ ਤੋਂ ਵੱਡੀ ਸੇਵਾ ਗੁਰੂ ਦੀ ਸੈਨਾ ਵਿਚ ਸ਼ਾਮਲ ਹੋਣਾ ਹੋਵੇਗਾ। ਐਸਾ ਹੁਕਮਨਾਮਾ ਸਭ ਮਸੰਦਾਂ ਨੂੰ ਵੀ ਭੇਜ ਦਿਤਾ ਗਿਆ। ਥੋੜ੍ਹੇ ਸਮੇਂ ਵਿਚ ਹੀ ਗੁਰੂ ਘਰ ਦਾ ਨਕਸ਼ਾ ਬਦਲਣ ਲੱਗਿਆ। ਗੁਰੂ ਦਾ ਦਰਬਾਰ ਹਰ ਪੱਖੋਂ ਸ਼ਾਹੀ ਦਰਬਾਰ ਨੂੰ ਮਾਤ ਪਾਉਣ ਲੱਗਾ। ਸੰਤ-ਸਿਪਾਹੀ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਹਾੜ੍ਹ ਸੁਦੀ ਪੰਜ ਸੰਮਤ 1663 ਨੂੰ ਆਪ ਜੀ ਨੇ ਅਕਾਲ ਤਖਤ ਦੀ ਨੀਂਹ ਰੱਖੀ। ਇਸ ਲਈ ਅਸਥਾਨ ਵੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਰਸਤੇ ਦਰਸ਼ਨੀ ਡਿਉੜੀ ਦੇ ਸਾਮ੍ਹਣੇ ਵਾਲਾ ਚੁਣਿਆ ਗਿਆ। ਜਦ ਪੱਕੀਆਂ ਇੱਟਾਂ ਵਾਲਾ ਸੁੰਦਰ ਤਖਤ ਤਿਆਰ ਹੋ ਗਿਆ ਤਾਂ ਗੁਰੂ ਜੀ ਇਸ ਤੇ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ ਦਿੰਦੇ ਅਤੇ ਸੰਬੋਧਨ ਕਰਦੇ। ਸੰਗਤਾਂ ਦੂਰੋਂ ਨੇੜਿਉਂ ਆ ਕੇ ਸੂਰਬੀਰਤਾ ਦੀਆਂ ਵਾਰਤਾਵਾਂ ਸੁਣਦੀਆਂ, ਬਹਾਦਰੀ ਦੇ ਜੌਹਰ ਵੇਖਦੀਆਂ ਅਤੇ ਵਧੀਆ ਸ਼ਸਤਰ ਅਤੇ ਘੋੜੇ ਗੁਰੂ ਜੀ ਨੂੰ ਭੇਂਟ ਕਰਕੇ ਗੁਰੂ ਦੀਆਂ ਖੁਸ਼ੀਆਂ ਲੈਂਦੇ। ਗੁਰੂ ਜੀ ਦੀ ਪ੍ਰਸਿੱਧੀ ਸੁਣ ਕੇ ਅਨੇਕਾਂ ਸੂਰਬੀਰ ਯੋਧੇ ਉਨ੍ਹਾਂ ਦੀ ਸੇਵਾ ਵਿਚ ਆ ਸ਼ਾਮਲ ਹੋਏ। ਆਰੰਭ ਵਿਚ ਆਪ ਜੀ ਨੇ ਬਵੰਜਾ ਵਿਸ਼ੇਸ਼ ਸੂਰਬੀਰਾਂ ਦਾ ਦਲ ਸਥਾਪਤ ਕੀਤਾ ਜਿਨ੍ਹਾਂ ਨੇ ਸ਼ੁਰੂ ਦੇ ਸੰਘਰਸ਼ਾਂ ਵਿਚ ਹਿੱਸਾ ਲਿਆ। ਉਪਰੰਤ ਪੂਰੇ ਪੰਜਾਬ ਤੋਂ, ਮਾਲਵਾ, ਮਾਝਾ, ਦੁਆਬਾ ਤੋਂ ਪੰਜ ਸੌ ਤੋਂ ਵੱਧ ਸੂਰਬੀਰ ਗੁਰੂ ਕੀ ਫੌਜ ਵਿਚ ਭਰਤੀ ਹੋਣ ਆਏ। ਉਨ੍ਹਾਂ ਨੇ ਗੁਰੂ ਜੀ ਨੂੰ ਆਪਣਾ ਜੀਵਨ ਅਰਪਨ ਕੀਤਾ ਤੇ ਬਦਲੇ ਵਿਚ ਕੋਈ ਵੀ ਮਾਇਕ-ਤਨਖਾਹ ਆਦਿ ਲੈਣ ਤੋਂ ਨਾਂਹ ਕਰ ਦਿਤੀ। ਉਨ੍ਹਾਂ ਅੰਦਰ ਗੁਰੂ-ਘਰ ਲਈ ਪੂਰਨ ਵਿਸ਼ਵਾਸ਼ ਤੇ ਦ੍ਰਿੜ੍ਹਤਾ ਸੀ ਅਤੇ ਉਹ ਗੁਰੂ ਜੀ ਦੇ ਕਿਸੇ ਵੀ ਮਹਾਨ ਕਾਰਜ ਵਿਚ ਜੀਵਨ ਬਲੀਦਾਨ ਕਰਨ ਲਈ ਵਚਨਬੱਧ ਸਨ। ਗੁਰੂ ਜੀ ਨੇ ਹਰ ਸੰਤ-ਸਿਪਾਹੀ ਨੂੰ ਇਕ ਘੋੜਾ ਅਤੇ ਲੋੜੀਂਦੇ ਸ਼ਸਤਰਾਂ ਨਾਲ ਲੈਸ ਕਰਕੇ ਆਪਣੀ ਸੈਨਾ ਵਿਚ ਸ਼ਾਮਲ ਕਰ ਲਿਆ। ਇਨ੍ਹਾਂ ਵਿਚੋਂ ਵਿਸ਼ੇਸ਼ ਤੌਰ ਤੇ ਭਾਈ ਬਿਧੀਚੰਦ, ਭਾਈ ਪਿਰਾਣਾ, ਭਾਈ ਜੇਠਾ ਅਤੇ ਭਾਈ ਪੈੜਾ ਨੂੰ ਸੌ-ਸੌ ਘੋੜ-ਸਵਾਰਾਂ ਦਾ ਨਾਇਕ ਸਥਾਪਤ ਕੀਤਾ। ਗੁਰੂ ਜੀ ਧਰਮ-ਯੁੱਧ ਦੇ ਚਾਅ ਵਿਚ ਐਸਾ ਕਰ ਰਹੇ ਸਨ। ਭਾਵੇਂ ਕਿਸੇ ਦੀ ਹਕੂਮਤ ਖੋਹਣ ਜਾਂ ਰਾਜ ਸਥਾਪਿਤ ਕਰਨ ਲਈ ਐਸਾ ਨਹੀਂ ਕੀਤਾ ਜਾ ਰਿਹਾ ਸੀ ਪਰ ਇਸ ਸਾਰੀ ਫੌਜੀ ਕਿਰਿਆ ਤੋਂ ਇਕ ਗੱਲ ਸਪਸ਼ਟ ਸੀ ਕਿ ਹੁਣ ਜ਼ੁਲਮ ਅਤੇ ਤਸ਼ੱਦਦ ਨੂੰ ਚੁੱਪ ਚਾਪ ਨਹੀਂ ਸਹਿਆ ਜਾਵੇਗਾ, ਮਜ਼ਲੂਮ ਦੀ ਰੱਖਿਆ ਲਈ ਜੰਗ ਲੜੀ ਜਾਵੇਗੀ। ਗੁਰੂ ਪਿਆਰ ਵਿਚ ਭਰਤੀ ਹੋਏ ਸੂਰਬੀਰ ਸੰਤ-ਸਿਪਾਹੀਆਂ ਦੀਆਂ ਲੋੜਾਂ ਵੀ ਬੜੀਆਂ ਸੀਮਤ ਸਨ - ਗੁਰੂ ਵਲੋਂ ਬਖਸ਼ੀ ਵਰਦੀ ਪਹਿਨਣੀ ਅਤੇ ਲੰਗਰ ਵਿਚੋਂ ਲੋੜ ਅਨੁਸਾਰ ਪ੍ਰਸ਼ਾਦਾ ਛਕਣਾ।

ਉਹ ਦਿਨ ਚੜ੍ਹਨ ਤੋਂ ਸਵਾ ਪਹਿਰ ਪਹਿਲਾਂ ਉਠਦੇ, ਸੌਚ ਇਸ਼ਨਾਨ ਕਰਦੇ, ਸਮਾਧੀ ਵਿਚ ਬੈਠਦੇ ਫਿਰ ਸ਼ਸਤਰ-ਬਸਤਰ ਧਾਰਨ ਕਰਦੇ ਅਤੇ ਫਿਰ ਸ਼ਰਧਾ ਭੇਟ ਕਰਨ ਪ੍ਰਮਾਤਮਾ ਦੇ ਘਰ ਹਰਿਮੰਦਰ ਸਾਹਿਬ ਵਿਖੇ ਜਾਂਦੇ ਸਨ। ਉਥੇ ਉਹ ਜਪੁਜੀ ਸਾਹਿਬ ਅਤੇ ਆਸਾ ਜੀ ਦੀ ਵਾਰ ਦੀਆਂ ਬਾਣੀਆਂ ਸੁਣਦੇ ਅਤੇ ਸੰਗਤ ਨੂੰ ਉਪਦੇਸ਼ ਦਿੰਦੇ। ਉਪਰੰਤ ਅਨੰਦ ਸਾਹਿਬ ਦਾ ਪਾਠ ਪੜ੍ਹਿਆ ਜਾਂਦਾ ਤੇ ਸਮਾਪਤੀ ਦੀ ਅਰਦਾਸ ਹੁੰਦੀ। ਉਪਰੰਤ ਅਕਾਲ ਤਖਤ ਦੀ ਹਜ਼ੂਰੀ ਵਿਚ ਸਾਰੀ ਸਿੱਖ ਸੰਗਤ, ਸਾਰੇ ਫੌਜੀ ਅਤੇ ਪੈਰੋਕਾਰ ਬਿਨਾਂ ਕਿਸੇ ਭਿੰਨ ਭੇਦ ਸੰਗਤਾਂ ਵਿਚ ਬੈਠ ਕੇ ਲੰਗਰ ਛਕਦੇ।

ਇਸ ਪਿਛੋਂ ਗੁਰੂ ਜੀ ਲਗਭੱਗ ਇਕ ਘੰਟਾ ਵਿਸਰਾਮ ਕਰਦੇ ਸਨ। ਦੁਪਹਿਰ ਤੋਂ ਬਾਅਦ ਗੁਰੂ ਜੀ ਆਪਣੇ ਤਖਤ ਤੇ ਬਿਰਾਜਮਾਨ ਹੁੰਦੇ ਅਤੇ ਆਉਣ ਵਾਲੀਆਂ ਸੰਗਤਾਂ ਤੇ ਸ਼ਰਧਾਲੂਆਂ ਦੇ ਦੁੱਖ ਸੁੱਖ ਸੁਣਦੇ। ਰਾਗੀ ਗੁਰਬਾਣੀ ਦਾ ਗਾਇਨ ਕਰਦੇ ਅਤੇ ਢਾਡੀ ਸੂਰਬੀਰਾਂ ਦੀਆਂ ਵਾਰਾਂ ਸੁਣਾਂਦੇ, ਵਿਸ਼ੇਸ਼ ਤੌਰ ਤੇ ਢਾਡੀ ਅਬਦੁੱਲਾ ਸੂਰਬੀਰਤਾ ਦੇ ਕਾਰਨਾਮੇ ਸੁਣਾ ਕੇ ਸਿੱਖਾਂ ਵਿਚ ਸੂਰਬੀਰਤਾ ਤੇ ਜੋਸ਼ ਪੈਦਾ ਕਰਦੇ।

ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਨੂੰ ਪਰਸਪਰ ਸਹਿਯੋਗੀ ਕਰਾਰ ਦਿੰਦਿਆਂ ਸਿੱਖ ਲਹਿਰ ਵਿਚ ਇਕ ਨਵਾਂ ਮੋੜ ਲਿਆਂਦਾ, ਹਜ਼ਾਰਾਂ ਸਾਲਾਂ ਤੋਂ ਲਿਤਾੜੇ ਜਾ ਰਹੇ ਨਿਮਾਣਿਆਂ ਨਿਤਾਣਿਆਂ ਨੂੰ ਨਾ ਕੇਵਲ ਆਪਣੀ ਸ੍ਵੈ-ਰੱਖਿਆ ਅਤੇ ਸ੍ਵੈ-ਮਾਨ ਲਈ ਜੂਝਣ ਲਈ ਤਿਆਰ ਕੀਤਾ ਸਗੋਂ ਦੂਜਿਆਂ ਕਮਜ਼ੋਰ ਲੋਕਾਂ ਤੇ ਹੋ ਰਹੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਤਿਆਰ ਕੀਤਾ। ਇਨ੍ਹਾਂ ਨੇ ਆਤਮਿਕ ਬਲ ਦੇ ਸਹਾਰੇ ਮੁਗਲਾਂ ਦੇ ਡਰ ਨੂੰ ਤਿਆਗਿਆ ਤੇ ਉਨ੍ਹਾਂ ਦੇ ਜ਼ੁਲਮ ਅੱਗੇ ਡੱਟ ਜਾਣ ਦਾ ਪ੍ਰਣ ਕੀਤਾ। ਗੁਰੂ ਜੀ ਦੇ ਜੀਵਨ ਕਾਲ ਵਿਚ ਹੀ ਮੁਗਲਾਂ ਨਾਲ ਚਾਰ ਯੁੱਧ ਹੋਏ ਜਿਨ੍ਹਾਂ ਵਿਚ ਗੁਰੂ ਜੀ ਨੇ ਆਪ ਸਿੱਖ ਬਹਾਦਰਾਂ ਦੀ ਕਮਾਨ ਕੀਤੀ ਅਤੇ ਇਨ੍ਹਾਂ ਸਭਨਾਂ ਯੁੱਧਾਂ ਵਿਚ ਗੁਰੂ ਦੇ ਸਿੱਖਾਂ ਦੀ ਜਿੱਤ ਹੋਈ। ਬਾਅਦ

ਵਿਚ ਇਨ੍ਹਾਂ ਸੰਤ-ਸਿਪਾਹੀਆਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਜਿਨ੍ਹਾਂ ਨੇ ਬੇਅੰਤ ਕੁਰਬਾਨੀਆਂ ਕਰਕੇ ਦੇਸ਼ ਵਿਚੋਂ ਵਿਦੇਸ਼ੀ ਹਮਲਾਵਰਾਂ ਨੂੰ ਖਤਮ ਕਰਕੇ ਦੇਸ਼ ਵਾਸੀਆਂ ਦਾ ਰਾਜ ਕਾਇਮ ਕੀਤਾ ਜੋ ਨਿਰੋਲ ਮਨੁੱਖੀ ਏਕਤਾ, ਇਨਸਾਫ ਅਤੇ ਬਰਾਬਰੀ ਤੇ ਆਧਾਰਤ ਸੀ।

ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਤ ਸਿਪਾਹੀ ਆਦਰਸ਼ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ -

*ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।*
*ਅਰਜਨ ਕਾਇਆ ਪਲਟਿਕੈ ਮੂਰਤਿ ਹਰਗੋਬਿੰਦ ਸਵਾਰੀ।*
*ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।*
*ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁਤ ਪਰਉਪਕਾਰੀ।*
*ਪੁਛਨਿ ਸਿਖ ਅਰਦਾਸਿ ਕਰਿ*
*ਛਿਅ ਮਹਿਲਾ ਤਕਿ ਦਰਸੁ ਨਿਹਾਰੀ।*
*ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।*
*ਕਲਿਜੁਗਿ ਪੀੜੀ ਸੋਢੀਆਂ*
*ਨਿਹਚਲ ਨੀਵ ਉਸਾਰਿ ਖਲਾਰੀ।*
*ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥*

*ਭਾਈ ਗੁਰਦਾਸ ਜੀ, ਵਾਰ ੧/੪੮*

ਮੀਰੀ-ਪੀਰੀ ਦਾ ਸਿਧਾਂਤ ਸਿੱਖ ਪਰੰਪਰਾ ਦਾ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਅਕਾਲ ਤਖਤ ਦੇ ਸਨਮੁਖ ਝੂਲਦੇ ਦੋ ਨਿਸ਼ਾਨ ਸਾਹਿਬ ਇਸ ਦਾ ਪ੍ਰਤੱਖ ਪ੍ਰਮਾਣ ਹਨ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਪੀਰੀ ਨੂੰ ਮੀਰੀ ਨਾਲੋਂ ਪਹਿਲ ਤੇ ਉਚਾ ਸਥਾਨ ਪ੍ਰਾਪਤ ਹੈ, ਤਾਂਹੀ ਪੀਰੀ ਦਾ ਨਿਸ਼ਾਨ ਸਾਹਿਬ 100 ਫੁੱਟ ਉੱਚਾ ਹੈ ਅਤੇ ਮੀਰੀ ਦਾ ਸੌ ਫੁੱਟ ਤੋਂ ਘੱਟ ਉੱਚਾ ਤਾਕਿ ਪ੍ਰਧਾਨਤਾ ਪੀਰੀ (ਅਧਿਆਤਮਕਤਾ, ਸੰਤ-ਗੀਰੀ, ਭਗਤੀ) ਦੀ ਬਣੀ ਰਹੇ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਜੇਠਿ ਸੰਗਰਾਂਦ - 15 ਜੂਨ, ਦਿਨ ਐਤਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਜਨਮ ਦਿਵਸ ਸਬੰਧੀ ਸਮਾਗਮ - 17 ਜੂਨ, ਦਿਨ ਮੰਗਲਵਾਰ, ਸਵੇਰੇ 9.00 ਵਜੇ ਤੋਂ 3.30 ਵਜੇ ਤੱਕ)**

**17 ਜੂਨ ਨੂੰ ਅੰਮ੍ਰਿਤ ਸੰਚਾਰ ਵੀ ਹੋਣਗੇ - ਸਮਾਂ 11.00 ਵਜੇ**

## ਜ਼ਰੂਰੀ ਬੇਨ.ਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amout |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs. 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

